Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 854, 15 to 21 May, 2025, Ph: 916-320-9444, E-mail: punjabmailusa@yahoo.com, Web: punjabmailusa.com

## ਭਾਰਤ ਵੱਲੋਂ ਈ-ਪਾਸਪੋਰਟ ਸਰਵਿਸ ਲਾਂਚ



■ ਈ-ਪਾਸਪੋਰਟ ਦੀ ਵਰਤੋਂ ਕਰਨ ਵਾਲੇ 120+ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਹੋਇਆ ਭਾਰਤ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਵਿਚ ਪਾਸਪੋਰਟ ਸੇਵਾ ਹੁਣ ਵਧੇਰੇ ਹਾਈ-ਟੈੱਕ ਹੋ ਗਈ ਹੈ। ਸਰਕਾਰ ਨੇ ਦੇਸ਼ ਭਰ ਵਿਚ ਚਿੱਪ-ਆਧਾਰਿਤ ਬਾਇਓਮੈਟ੍ਰਿਕ ਈ-ਪਾਸਪੋਰਟ ਪੇਸ਼ ਕੀਤੇ ਹਨ, ਜਿਸ ਨਾਲ ਵਿਦੇਸ਼ ਯਾਤਰਾ ਕਰਨ ਵਾਲੇ ਭਾਰਤੀ ਨਾਗਰਿਕਾਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਤੇਜ਼, ਸੁਰੱਖਿਅਤ ਅਤੇ ਸੰਪਰਕ ਰਹਿਤ ਹੋ ਗਈ ਹੈ। ਇਸ ਪਹਿਲਕਦਮੀ ਨਾਲ ਭਾਰਤ ਅਮਰੀਕਾ, ਯੂ.ਕੇ., ਫਰਾਂਸ, ਜਾਪਾਨ ਅਤੇ ਕੈਨੇਡਾ ਵਰਗੇ 120+ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ, ਜੋ ਪਹਿਲਾਂ ਹੀ ਈ-ਪਾਸਪੋਰਟ ਦੀ ਵਰਤੋਂ ਕਰ ਰਹੇ ਹਨ।

ਈ-ਪਾਸਪੋਰਟ ਇੱਕ ਇਲੈਕਟ੍ਰਾਨਿਕ ਦਸਤਾਵੇਜ਼ ਹੁੰਦਾ ਹੈ, ਜਿਸ ਵਿਚ ਪਾਸਪੋਰਟ ਦੇ ਪਿਛਲੇ ਕਵਰ ਵਿਚ ਇੱਕ ਆਰ.ਐੱਫ.ਆਈ.ਡੀ. ਚਿੱਪ ਅਤੇ ਐਂਟੀਨਾ ਲੱਗਿਆ ਹੁੰਦਾ ਹੈ। ਇਸ ਚਿੱਪ ਵਿਚ ਪਾਸਪੋਰਟ ਧਾਰਕ ਦਾ ਨਾਂ, ਜਨਮ ਮਿਤੀ, ਪਾਸਪੋਰਟ ਨੰਬਰ, ਚਿਹਰਾ ਅਤੇ ਫਿੰਗਰਪ੍ਰਿੰਟ ਵਰਗੀ ਬਾਇਓਮੈਟ੍ਰਿਕ ਅਤੇ ਨਿੱਜੀ ਜਾਣਕਾਰੀ ਸਟੋਰ ਕੀਤੀ ਜਾਂਦੀ ਹੈ। ਇਹ ਡੇਟਾ ਅੰਤਰਰਾਸ਼ਟਰੀ ਸੁਰੱਖਿਆ ਮਿਆਰਾਂ ਬੀ.ਏ.ਸੀ., ਪੀ.ਏ. ਅਤੇ ਈ.ਏ.ਸੀ. ਅਨੁਸਾਰ ਏਨਕ੍ਰਿਪਟ ਕੀਤਾ ਗਿਆ ਹੈ। ਭਾਰਤ ਵਿਚ ਇਹ ਸਹੂਲਤ ਪਾਸਪੋਰਟ ਸੇਵਾ ਪ੍ਰੋਗਰਾਮ 2.0 ਤਹਿਤ ਅਪ੍ਰੈਲ 2024 ਤੋਂ ਸ਼ੁਰੂ ਹੋ ਗਈ ਹੈ। ਪਹਿਲੇ ਪੜਾਅ ਵਿਚ ਪਾਇਲਟ ਪ੍ਰੋਜੈਕਟ ਨਾਗਪੁਰ, ਭੁਵਨੇਸ਼ਵਰ, ਜੰਮੂ, ਗੋਆ, ਸ਼ਿਮਲਾ, ਜੈਪੁਰ, ਚੇਨਈ, ਹੈਦਰਾਬਾਦ ਵਰਗੇ ਸ਼ਹਿਰਾਂ ਵਿਚ ਲਾਗੂ ਕੀਤਾ ਗਿਆ ਸੀ। ਕੇਂਦਰ ਸਰਕਾਰ ਦਾ ਟੀਚਾ ਜੂਨ 2025 ਤੱਕ ਦੇਸ਼ ਭਰ ਵਿਚ ਇਸ ਨੂੰ ਪੂਰੀ ਤਰ੍ਹਾਂ ਫੈਲਾਉਣਾ ਹੈ।

ਈ-ਪਾਸਪੋਰਟ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਸੁਚਾਰੂ ਅਤੇ ਆਧੁਨਿਕ ਬਣਾਏਗਾ। ਯਾਤਰੀ ਹੁਣ ਈ-ਗੇਟਾਂ ਰਾਹੀਂ ਇੱਕ ਸਵੈਚਾਲਿਤ ਅਤੇ ਸੰਪਰਕ ਰਹਿਤ ਪ੍ਰਕਿਰਿਆ ਵਿਚੋਂ ਲੰਘ ਸਕਣਗੇ, ਜਿਸ ਨਾਲ ਲੰਬੀਆਂ ਕਤਾਰਾਂ ਵਿਚ ਖੜ੍ਹੇ ਹੋਣ ਦੀ ਜ਼ਰੂਰਤ ਖਤਮ ਹੋ ਜਾਵੇਗੀ। ਇਹ ਯਾਤਰਾ ਦੇ ਅਨੁਭਵ ਨੂੰ ਤੇਜ਼ ਅਤੇ ਵਧੇਰੇ ਆਰਾਮਦਾਇਕ ਬਣਾਏਗਾ।

ਨਾਗਰਿਕ ਪਹਿਲਾਂ ਵਾਂਗ ਪਾਸਪੋਰਟ ਸੇਵਾ ਪੋਰਟਲ 'ਤੇ ਈ-ਪਾਸਪੋਰਟ ਲਈ ਅਰਜ਼ੀ ਦੇ ਸਕਦੇ ਹਨ। ਤੁਹਾਨੂੰ ਨਜ਼ਦੀਕੀ ਪਾਸਪੋਰਟ ਸੇਵਾ ਕੇਂਦਰ ਜਾਂ ਡਾਕਘਰ ਪਾਸਪੋਰਟ ਕੇਂਦਰ ਜਾਣਾ ਪਵੇਗਾ ਅਤੇ ਬਾਇਓਮੈਟ੍ਰਿਕ ਜਾਣਕਾਰੀ ਦੇਣੀ ਪਵੇਗੀ। ਭਵਿੱਖ ਵਿਚ ਇਸ ਵਿਚ ਡਿਜੀਟਲ ਵੀਜ਼ਾ, ਮੋਬਾਈਲ ਪਾਸਪੋਰਟ ਵਾਲੇਟ, ਆਧਾਰ ਅਤੇ ਡਿਜੀਲਾਕਰ ਏਕੀਕਰਣ ਵਰਗੀਆਂ ਵਿਸ਼ੇਸ਼ਤਾਵਾਂ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ, ਜੋ ਅੰਤਰਰਾਸ਼ਟਰੀ ਯਾਤਰਾ ਨੂੰ ਪੂਰੀ ਤਰ੍ਹਾਂ ਡਿਜੀਟਲ ਅਤੇ ਕਾਗਜ਼ ਰਹਿਤ ਬਣਾ ਦੇਣਗੀਆਂ। ਈ-ਪਾਸਪੋਰਟ ਸਹੂਲਤ ਦੀ ਸ਼ੁਰੂਆਤ ਨਾਲ ਭਾਰਤੀ ਨਾਗਰਿਕਾਂ ਨੂੰ ਅਮਰੀਕਾ, ਯੂ.ਕੇ., ਫਰਾਂਸ, ਜਾਪਾਨ, ਸਿੰਗਾਪੁਰ ਆਦਿ ਦੇਸ਼ਾਂ ਵਿਚ ਬਿਹਤਰ ਪਛਾਣ, ਸਨਮਾਨ ਅਤੇ ਤੇਜ਼ ਇਮੀਗ੍ਰੇਸ਼ਨ ਕਲੀਅਰੈਂਸ ਮਿਲੇਗੀ। ਇਸ ਪਹਿਲਕਦਮੀ ਨੂੰ ਭਾਰਤ ਦੇ ਡਿਜੀਟਲ ਪਰਿਵਰਤਨ ਵੱਲ ਇੱਕ ਹੋਰ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

## ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਵੱਲੋਂ ਮੰਤਰੀ ਮੰਡਲ ਦਾ ਗਠਨ



ਅਨੀਤਾ ਆਨੰਦ | ਮਨਿੰਦਰ ਸਿੰਘ ਸਿੱਧੂ | ਰਣਦੀਪ ਸਿੰਘ ਸਰਾਏ | ਰੂਬੀ ਸਹੋਤਾ

■ 4 ਪੰਜਾਬੀਆਂ ਨੂੰ ਮਿਲੀ ਮੰਤਰੀ ਮੰਡਲ 'ਚ ਥਾਂ
■ 2 ਦਰਜਨ ਨਵੇਂ ਚਿਹਰੇ ਸ਼ਾਮਲ
■ ਹਾਊਸ ਆਫ ਕਾਮਨਜ਼ 'ਚ ਲਿਬਰਲਜ਼ ਦੀ ਮੌਜੂਦਾ ਗਿਣਤੀ 170 ਹੋਈ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫਤੇ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ ਦਾ ਗਠਨ ਕਰ ਲਿਆ ਹੈ, ਜਿਸ ਵਿਚ ਸ਼ਾਮਲ ਕੀਤੇ ਮੰਤਰੀਆਂ ਵਿਚ ਦੋ ਦਰਜਨ ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ ਤੇ ਇਸ ਵਿਚ ਔਰਤਾਂ ਅਤੇ ਖੇਤਰੀ ਪ੍ਰਤੀਨਿਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਕਈ ਸਾਲਾਂ ਬਾਅਦ (ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਤੋਂ ਬਾਅਦ) ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਵਜੋਂ ਨਿਵਾਜਿਆ ਗਿਆ ਹੈ। ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਚੁਣ ਕੇ ਆਏ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਪਿਛੋਕੜ ਵਾਲੇ ਰਣਦੀਪ ਸਿੰਘ ਸਰਾਏ (ਪਗੜੀਧਾਰੀ) (ਰਾਜ ਮੰਤਰੀ ਅੰਤਰਰਾਸ਼ਟਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਚੁਣੇ ਗਏ ਮਨਿੰਦਰ ਸਿੱਧੂ (ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਜੁਰਮ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਗਿਆ ਹੈ। ■ ਬਾਕੀ ਖਬਰ ਸਫਾ 11 'ਤੇ

## ਅਮਰੀਕਾ ਦੇ ਵੀਜ਼ਾ ਬੁਲੇਟਿਨ 'ਚ ਹੋਈ ਮਾਮੂਲੀ ਹਿਲਜੁੱਲ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਜੂਨ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਮਾਮੂਲੀ ਜਿਹੀ ਹਿਲਜੁਲ ਦੇਖਣ ਨੂੰ ਮਿਲੀ ਹੈ।

ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਜੂਨ, 2016 ਦਰਸਾ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ, 2022 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 22 ਸਤੰਬਰ, 2016 ਚੱਲ ਰਹੀ ਹੈ। ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 22 ਜੂਨ, 2011 ਦਰਸਾ ਰਹੀ ਹੈ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 15 ਜੂਨ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਜੂਨ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ : F-4 ਕੈਟਾਗਰੀ ਲਈ 1 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 1 ਫਰਵਰੀ, 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ 'ਚ ਪੰਜਾਬ ਦਾ ਦੂਜਾ ਸਥਾਨ

■ ਡੇਢ ਦਹਾਕੇ ਦੌਰਾਨ ਪੰਜਾਬ 'ਚ 157 ਜਾਨਾਂ ਗਈਆਂ; ਗੁਜਰਾਤ ਸਭ ਤੋਂ ਅੱਗੇ
■ ਅੰਮ੍ਰਿਤਸਰ 'ਚ ਨਕਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ

**ਚੰਡੀਗੜ੍ਹ, (ਪੰਜਾਬ ਮੇਲ)-** ਸਮੁੱਚੇ ਦੇਸ਼ 'ਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ, ਜਿਨ੍ਹਾਂ ਵਿਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ 'ਚ ਦੇਸ਼ ਭਰ ਚੋਂ ਅੱਗੇ ਰਿਹਾ ਹੈ, ਜਿੱਥੇ 1987 'ਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਪੰਜਾਬ ਹੈ, ਜਿੱਥੇ ਸਾਲ 2020 ਵਿਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ। ਪ੍ਰਾਪਤ ਜਾਣਕਾਰੀ ਗੁਜਰਾਤ 'ਚ ਸਾਲ 1976 ਵਿਚ ਸੌ ਮੌਤਾਂ ਅਤੇ 1986 ਵਿਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿਚ ਅਕਤੂਬਰ 2010 ਵਿਚ ਦਸੂਹਾ ਇਲਾਕੇ ਵਿਚ ਜ਼ਹਿਰੀਲੀ ਸ਼ਰਾਬ ਕਾਰਨ 16 ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਉਸ ਮਗਰੋਂ ਜੁਲਾਈ-ਅਗਸਤ 2020 ਵਿਚ ਮਾਝੇ ਇਲਾਕੇ ਵਿਚ 121 ਜਾਨਾਂ ਚਲੀਆਂ ਗਈਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿਚ ਦਿੜ੍ਹਬਾ ਤੇ ਸੁਨਾਮ ਬਲਾਕ ਵਿਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ। ■ ਬਾਕੀ ਖਬਰ ਸਫਾ 11 'ਤੇ

## ਟਰੰਪ ਨੂੰ 3300 ਕਰੋੜ ਦਾ ਜਹਾਜ਼ ਤੋਹਫੇ 'ਚ ਦੇਵੇਗਾ ਕਤਰ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਤਰ ਦਾ ਸ਼ਾਹੀ ਪਰਿਵਾਰ ਇਕ ਬੋਇੰਗ 747-8 ਜੈੱਟ ਤੋਹਫੇ ਵਜੋਂ ਦੇਵੇਗਾ। ਇਸ ਜਹਾਜ਼ ਦੀ ਕੀਮਤ ਲਗਭਗ 400 ਮਿਲੀਅਨ ਡਾਲਰ (ਲਗਭਗ 3,300 ਕਰੋੜ ਰੁਪਏ) ਦੇ ਕਰੀਬ ਹੈ। ਇਸ ਜਹਾਜ਼ ਨੂੰ ਅਸਥਾਈ ਤੌਰ 'ਤੇ ਏਅਰਫੋਰਸ ਵਨ ਵਜੋਂ ਵਰਤੇ ਜਾਣ ਦੀ ਸੰਭਾਵਨਾ ਹੈ। 2029 'ਚ ਟਰੰਪ ਦੇ ਰਾਸ਼ਟਰਪਤੀ ਦੇ ਕਾਰਜਕਾਲ ਦੇ ਖਤਮ ਹੋਣ ਤੋਂ ਬਾਅਦ ਇਹ ਜਹਾਜ਼ ਟਰੰਪ ਪ੍ਰੈਜ਼ੀਡੈਂਸ਼ੀਅਲ ਲਾਇਬ੍ਰੇਰੀ ਫਾਊਂਡੇਸ਼ਨ ਨੂੰ ਦਾਨ ਕਰ ਦਿੱਤਾ ਜਾਵੇਗਾ। ਇਸ ਤੋਹਫੇ ਦੀ ਪੁਸ਼ਟੀ ਨਹੀਂ ਹੋਈ ਹੈ। ਹਾਲਾਂਕਿ, ਇਸ ਫੈਸਲੇ ਦੀ ਭਾਰੀ ਆਲੋਚਨਾ ਹੋਈ ਹੈ। ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਅਤੇ ਨੈਤਿਕਤਾ ਮਾਹਿਰ ਇਸ ਤੋਹਫੇ ਨੂੰ ਅਮਰੀਕੀ ਸੰਵਿਧਾਨ ਦੀ ਉਲੰਘਣਾ ਦੱਸ ਰਹੇ ਹਨ। ਹਾਲਾਂਕਿ, ਟਰੰਪ ਦੀ ਕਾਨੂੰਨੀ ਟੀਮ ਦਾ ਦਾਅਵਾ ਹੈ ਕਿ ਇਹ ਗੈਰ-ਕਾਨੂੰਨੀ ਨਹੀਂ ਹੈ ਕਿਉਂਕਿ ਇਹ ਜਹਾਜ਼ ਸਿੱਧੇ ਟਰੰਪ ਨੂੰ ਨਹੀਂ, ਸਗੋਂ ਅਮਰੀਕੀ ਸਰਕਾਰ ਅਤੇ ਟਰੰਪ ਲਾਇਬ੍ਰੇਰੀ ਫਾਊਂਡੇਸ਼ਨ ਨੂੰ ਤੋਹਫ਼ੇ ਵਜੋਂ ਦਿੱਤਾ ਜਾਣਾ ਹੈ। ਕਤਰ ਸਰਕਾਰ ਵੱਲੋਂ ਅਮਰੀਕੀ ਰਾਸ਼ਟਰਪਤੀ ਨੂੰ ਤੋਹਫ਼ੇ ਵਜੋਂ ਦਿੱਤਾ ਜਾ ਰਿਹਾ ਬੋਇੰਗ 747-8 ਜਹਾਜ਼ ਦੁਨੀਆਂ ਦਾ ਸਭ ਤੋਂ ਲੰਬਾ ਯਾਤਰੀ ਜਹਾਜ਼ ਹੈ।

## ਭਾਰਤ ਅਮਰੀਕਾ ਦੇ 29 ਉਤਪਾਦਾਂ 'ਤੇ ਲਗਾਏਗਾ ਟੈਰਿਫ, ਡਬਲਯੂ.ਟੀ.ਓ. ਨੂੰ ਭੇਜਿਆ ਪ੍ਰਸਤਾਵ



**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਵੱਲੋਂ ਭਾਰਤੀ ਸਟੀਲ ਅਤੇ ਐਲੂਮੀਨੀਅਮ 'ਤੇ ਟੈਰਿਫ ਲਗਾਉਣ ਤੋਂ ਬਾਅਦ, ਭਾਰਤ ਨੇ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਵਿਚ ਸਖ਼ਤ ਰੁਖ਼ ਅਪਣਾਇਆ ਹੈ। ਅਮਰੀਕਾ ਨੇ ਸਟੀਲ 'ਤੇ 25% ਅਤੇ ਐਲੂਮੀਨੀਅਮ 'ਤੇ 10% ਆਯਾਤ ਡਿਊਟੀ ਲਗਾਈ ਹੈ, ਜਿਸ ਨੂੰ ਭਾਰਤ ਨੇ ਡਬਲਯੂ.ਟੀ.ਓ. ਨਿਯਮਾਂ ਦੇ ਵਿਰੁੱਧ ਦੱਸਿਆ ਹੈ। ਜਵਾਬੀ ਕਦਮ ਚੁੱਕਦੇ ਹੋਏ, ਭਾਰਤ ਨੇ ਅਮਰੀਕਾ ਤੋਂ ਆਉਣ ਵਾਲੇ 29 ਉਤਪਾਦਾਂ 'ਤੇ ਵਾਧੂ ਟੈਰਿਫ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ।

ਭਾਰਤ ਨੇ ਇਸ ਪ੍ਰਸਤਾਵ ਵਿਚ ਜਿਨ੍ਹਾਂ ਉਤਪਾਦਾਂ ਨੂੰ ਸ਼ਾਮਲ ਕੀਤਾ ਹੈ, ਉਨ੍ਹਾਂ ਵਿਚ ਸੇਬ, ਬਦਾਮ, ਨਾਸ਼ਪਾਤੀ, ਬੋਰਿਕ ਐਸਿਡ, ਐਂਟੀ-ਫ੍ਰੀਜ਼ਿੰਗ ਉਤਪਾਦ ਅਤੇ ਲੋਹੇ-ਸਟੀਲ ਤੋਂ ਬਣੇ ਸਮਾਨ ਸ਼ਾਮਲ ਹਨ। ਭਾਰਤ ਦਾ ਕਹਿਣਾ ਹੈ ਕਿ ਇਨ੍ਹਾਂ ਅਮਰੀਕੀ ਟੈਰਿਫਾਂ ਕਾਰਨ ਉਸਨੂੰ ਲਗਭਗ 1.91 ਬਿਲੀਅਨ ਡਾਲਰ ਦਾ ਨੁਕਸਾਨ ਹੋਵੇਗਾ, ਕਿਉਂਕਿ ਇਸ ਨਾਲ 7.6 ਬਿਲੀਅਨ ਡਾਲਰ ਦੇ ਆਯਾਤ ਪ੍ਰਭਾਵਿਤ ਹੋ ਸਕਦੇ ਹਨ। ਭਾਰਤ ਦਾ ਦੋਸ਼ ਹੈ ਕਿ ਅਮਰੀਕਾ ਨੇ ਟੈਰਿਫ ਲਗਾਉਣ ਤੋਂ ਪਹਿਲਾਂ ਡਬਲਯੂ.ਟੀ.ਓ. ਨੂੰ ਸੂਚਿਤ ਨਹੀਂ ਕੀਤਾ ਜਾਂ ਭਾਰਤ ਨਾਲ ਸਲਾਹ ਨਹੀਂ ਕੀਤੀ, ਜੋ ਕਿ ਡਬਲਯੂ.ਟੀ.ਓ. ਨਿਯਮਾਂ (ਜੀ.ਏ.ਟੀ.ਟੀ. 1994 ਅਤੇ ਏ.ਓ.ਐੱਸ. ਸਮਝੌਤਾ) ਦੀ ਉਲੰਘਣਾ ਹੈ। ਭਾਰਤ ਨੇ ਕਿਹਾ ਹੈ ਕਿ ਉਸਨੂੰ ਵੀ ਨਿਯਮਾਂ ਦੇ ਤਹਿਤ ਜਵਾਬੀ ਟੈਰਿਫ ਲਗਾਉਣ ਦਾ ਪੂਰਾ ਅਧਿਕਾਰ ਹੈ।

ਭਾਰਤ ਨੇ ਡਬਲਯੂ.ਟੀ.ਓ. ਨੂੰ ਸੂਚਿਤ ਕੀਤਾ ਹੈ ਕਿ ਉਹ 30 ਦਿਨਾਂ ਦੇ ਅੰਦਰ ਇਹ ਟੈਰਿਫ ਲਗਾ ਸਕਦਾ ਹੈ ਅਤੇ ਲੋੜ ਪੈਣ 'ਤੇ ਦਰਾਂ ਜਾਂ ਉਤਪਾਦਾਂ ਦੀ ਸੂਚੀ ਨੂੰ ਬਦਲ ਸਕਦਾ ਹੈ। ■ ਬਾਕੀ ਖਬਰ ਸਫਾ 11 'ਤੇ

# ਫਰਿਜ਼ਨੋ ’ਚ ਪੰਜਾਬੀ ਮਾਂ ਬੋਲੀ ਜਾਗਰੂਕਤਾ ਦਿਹਾੜਾ ਯਾਦਗਾਰੀ ਹੋ ਨਿੱਬੜਿਆ

**ਫਰਿਜ਼ਨੋ, (ਪੰਜਾਬ ਮੇਲ)**- ਇੰਡੋ ਯੂ.ਐੱਸ. ਹੈਰੀਟੇਜ ਫਰਿਜ਼ਨੋ ਵੱਲੋਂ ਪੰਜਾਬੀ ਮਾਂ ਬੋਲੀ ਜਾਗਰੂਕਤਾ ਦਿਹਾੜਾ ਸਾਦੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮੰਚ ਸੰਚਾਲਕ ਪੱਤਰਕਾਰ ਨੀਟਾ ਮਾਛੀਕੇ ਨੇ ਸਾਰਿਆਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਪਹਿਲਗਾਮ ਹਮਲੇ ਅਤੇ ਭਾਰਤ-ਪਾਕਿਸਤਾਨ ਜੰਗ ਦੌਰਾਨ ਮਾਰੇ ਗਏ ਨਿਰਦੋਸ਼ ਲੋਕਾਂ ਅਤੇ ਫੌਜੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਇਸ ਮੌਕੇ ਪੰਜਾਬੀ ਭਾਸ਼ਾ ਦੇ ਪ੍ਰਸਾਰ, ਪ੍ਰਚਾਰ ਅਤੇ ਨਿੱਘਾਰ ਬਾਰੇ ਖੁੱਲ੍ਹਕੇ ਗੱਲਬਾਤ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਰਾਜ ਬਰਾੜ ਵੱਲੋਂ ਇੱਕ ਧਾਰਮਿਕ ਗੀਤ ਰਾਹੀਂ ਕੀਤੀ ਗਈ।



ਬੁਲਾਰਿਆਂ ਵਿਚ ਮਾਣਯੋਗ ਸ਼ਖ਼ਸੀਅਤਾਂ ਪ੍ਰਿੰਸੀਪਲ ਦਲਜੀਤ ਸਿੰਘ (ਪ੍ਰਿੰਸੀਪਲ ਖ਼ਾਲਸਾ ਕਾਲਜ ਅੰਮ੍ਰਿਤਸਰ), ਡਾ. ਅਰਜਨ ਸਿੰਘ ਜੋਸ਼ਨ, ਸਾਧੂ ਸਿੰਘ ਸੰਘਾ (ਕਨਵੀਨਰ ਇੰਡੋ ਯੂ.ਐੱਸ. ਹੈਰੀਟੇਜ), ਮਹਿੰਦਰ ਸਿੰਘ ਸੰਧਾਵਾਲੀਆ, ਡਾ. ਗੁਰਰੀਤ ਬਰਾੜ, ਹਰਨੇਕ ਸਿੰਘ ਲੋਹਗੜ੍ਹ, ਰਣਜੀਤ ਗਿੱਲ, ਕੁਲਵੰਤ ਕੌਰ, ਕਮਲਜੀਤ ਕੌਰ ਭੰਗਲ, ਪ੍ਰਵੀਨ ਸ਼ਰਮਾ (ਰੇਡੀਓ ਹੋਸਟ), ਸ਼ਾਇਰ ਹਰਜਿੰਦਰ ਕੰਗ, ਮਲਕੀਤ ਸਿੰਘ ਕਿੰਗਰਾ, ਕਹਾਣੀਕਾਰ ਕਰਮ ਸਿੰਘ ਮਾਨ, ਹਰਦੇਵ ਸਿੰਘ ਰਸੂਲਪੁਰ, ਗੁਰਬਖ਼ਸ਼ ਸਿੰਘ ਸਿੱਧੂ, ਸੰਤੋਖ ਮਿਨਹਾਸ, ਰਾਜ ਕਿਸ਼ਨਪੁਰਾ, ਇਕਬਾਲ ਸਿੰਘ ਸੇਖੋਂ, ਸੁਰਿੰਦਰ ਮੰਡਾਲੀ ਆਦਿ ਨੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਤੇ ਇਸਦੇ ਭਵਿੱਖ ਬਾਰੇ ਸੋਚਣ ਉਤੇ ਜ਼ੋਰ ਦਿੱਤਾ।

ਕਵੀ ਦਰਬਾਰ ਵਿਚ ਕਈ ਮਸ਼ਹੂਰ ਕਵੀਆਂ ਨੇ ਹਿੱਸਾ ਲਿਆ। ਰਣਜੀਤ ਗਿੱਲ ਤੇ ਗੁਰਦੀਪ ਧਾਲੀਵਾਲ ਨੇ ਬਾਪੂ ਕਰਨੈਲ ਕਵੀਸ਼ਰ ਦੀ ਕਵਿਸ਼ਰੀ ਪੇਸ਼ ਕਰਕੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ। ਸ. ਸਾਧੂ ਸਿੰਘ ਸੰਘਾ ਨੇ ਹਾਸਰਸ ਕਵਿਤਾ ਰਾਹੀਂ ਹਾਜ਼ਰੀਨ ਨੂੰ ਲੋਟਪੋਟ ਕਰ ਦਿੱਤਾ।

ਕਵੀ ਦਰਬਾਰ ਵਿਚ ਦਲਜੀਤ ਰਿਆੜ, ਸੁੱਖੀ ਧਾਲੀਵਾਲ, ਰੂਬੀ ਕੌਰ (ਕਰਮਨ), ਰਜਿੰਦਰ ਕੁਮਾਰ, ਹਰਜਿੰਦਰ ਢੇਸੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਭਰੀ। ਗਾਇਕ ਕਮਲਜੀਤ ਬੈਨੀਪਾਲ ਨੇ ਆਪਣੇ ਦੋ ਗੀਤ ਪੇਸ਼ ਕਰਕੇ ਸਮਾਗਮ ਵਿਚ ਸੰਗੀਤਕ ਰੰਗ ਭਰ ਦਿੱਤਾ।

ਇਸ ਮੌਕੇ ਸ਼ਾਇਰ ਸੁੱਖੀ ਧਾਲੀਵਾਲ ਦਾ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਪ੍ਰਤੀ ਯੋਗਦਾਨ ਲਈ ਇੰਡੋ-ਯੂ.ਐੱਸ. ਹੈਰੀਟੇਜ ਦੇ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ।

ਸਮਾਗਮ ਵਿਚ ਇੰਡੋ-ਅਮਰੀਕਨ ਹੈਰੀਟੇਜ ਫੋਰਮ, ਵਿਰਸਾ ਫਾਊਂਡੇਸ਼ਨ, ਖਾਲੜਾ ਪਾਰਕ ਵਾਲੇ ਬਾਬੇ, ਜੀ.ਐੱਚ.ਜੀ., ਸੌਂਗੀ ਕਿੰਗ ਚਰਨਜੀਤ ਸਿੰਘ ਬਾਠ, ਜਸਵਿੰਦਰ ਸਿੰਘ, ਹੈਰੀ (ਕੋਸਟ ਟੂ ਕੋਸਟ), ਕਰਮ ਸਿੰਘ ਸੰਘਾ ਆਦਿ ਅਤੇ ਫਰਿਜ਼ਨੋ ਦੀਆਂ ਹੋਰ ਵੀ ਬਹੁਤ ਸਾਰੀਆਂ ਮਾਣਯੋਗ ਸ਼ਖਸੀਅਤਾਂ ਨੇ ਭਾਗ ਲਿਆ।

ਇਹ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਇੰਡੋ ਯੂ.ਐੱਸ. ਹੈਰੀਟੇਜ ਦੇ ਸਮੂਹ ਮੈਂਬਰ ਸਹਿਬਾਨ ਨਿਰਮਲ ਸਿੰਘ ਗਿੱਲ, ਸੰਤੋਖ ਸਿੰਘ ਢਿੱਲੋਂ, ਮਨਜੀਤ ਕੁਲਾਰ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ,

# ਬੀ.ਸੀ. ਦੀ ਨਾਮਵਰ ਸ਼ਖ਼ਸੀਅਤ ਸੁਰਿੰਦਰ ਸਿੰਘ ਜੱਬਲ ਨੂੰ ਸਦਮਾ; ਸੁਪਤਨੀ ਗੁਰਮਿੰਦਰ ਕੌਰ ਜੱਬਲ ਦਾ ਦੇਹਾਂਤ



**ਸਰੀ, (ਹਰਦਮ ਮਾਨ/ ਪੰਜਾਬ ਮੇਲ)**-ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਸਾਬਕਾ ਪ੍ਰਧਾਨ ਅਤੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੀ ਸੁਪਤਨੀ ਗੁਰਮਿੰਦਰ ਕੌਰ ਜੱਬਲ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ 77 ਸਾਲ ਦੇ ਸਨ। ਉਨ੍ਹਾਂ ਦੇ ਹੱਸਮੁੱਖ ਸੁਭਾਅ, ਉਦਾਰਤਾ ਅਤੇ ਸੇਵਾ ਭਾਵਨਾ ਨੇ ਅਨੇਕਾਂ ਲੋਕਾਂ ਦੇ ਜੀਵਨ ਉੱਪਰ ਅਮਿੱਟ ਛਾਪ ਛੱਡੀ। ਉਨ੍ਹਾਂ ਦਾ ਅੰਤਿਮ ਸੰਸਕਾਰ 18 ਮਈ 2025 (ਐਤਵਾਰ) ਨੂੰ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ, 7410 ਹੌਪਕੋਟ ਰੋਡ, ਡੈਲਟਾ (ਬੀ.ਸੀ.) ਵਿਖੇ ਹੋਵੇਗਾ। ਉਪਰੰਤ ਸਹਿਜ ਪਾਠ ਭੋਗ ਅਤੇ ਅੰਤਿਮ ਅਰਦਾਸ ਦੁਪਹਿਰ 12 ਵਜੇ ਗੁਰਦੁਆਰਾ ਸਾਹਿਬ ਬਰੁੱਕਸਾਈਡ, 8365 140 ਸਟਰੀਟ, ਸਰੀ (ਬੀ.ਸੀ.) ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੁਰਿੰਦਰ ਸਿੰਘ ਜੱਬਲ ਨਾਲ ਫੋਨ ਨੰਬਰ 778-836-2543 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਾਮਵਰ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ, ‘ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼’ ਦੇ ਚੇਅਰਮੈਨ ਗਿਆਨ ਸਿੰਘ ਸੰਧੂ, ਪ੍ਰੋ. ਬਲਕਾਰ ਸਿੰਘ ਪਟਿਆਲਾ, ਉਜਾਗਰ ਸਿੰਘ ਪਟਿਆਲਾ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਗੁਰਮਿੰਦਰ ਕੌਰ ਜੱਬਲ ਦੇ ਸਦੀਵੀ ਵਿਛੋੜੇ ’ਤੇ ਦੁੱਖ ਪ੍ਰਗਟ ਕਰਦਿਆਂ ਜੱਬਲ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

# ਅਮਰੀਕਾ ’ਚ ਭਾਰਤੀ ਮੂਲ ਦੇ ਵਿਦਿਆਰਥੀ ਦੀ ਬਾਲਕੋਨੀ ’ਚ ਡਿੱਗਣ ਕਾਰਨ ਮੌਤ



**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ’ਚ ਭਾਰਤੀ ਮੂਲ ਦੇ ਇੱਕ ਕਾਲਜ ਵਿਦਿਆਰਥੀ ਦੀ ਗ੍ਰੈਜੂਏਟ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਹੋਟਲ ਦੀ ਬਾਲਕੋਨੀ ਤੋਂ ਅਚਾਨਕ ਡਿੱਗਣ ਕਾਰਨ ਬਹਾਮਾਸ ਵਿਚ ਮੌਤ ਹੋ ਗਈ।

ਗੌਰਵ ਜੈਸਿੰਘ ਮੈਸੇਚਿਉਸੇਟਸ ਦੇ ਵਾਲਥਮ ਬੇਂਟਲੇ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਅਤੇ ਐਤਵਾਰ ਨੂੰ ਹਾਦਸੇ ਸਮੇਂ ਵਿਚ ਆਪਣੀ ਸਾਲਾਨਾ ਸੀਨੀਅਰ ਕਲਾਸ ਯਾਤਰਾ ਲਈ ਬਹਾਮਾਸ ਵਿਚ ਸੀ। ਜੈਸਿੰਘ ਇਸ ਹਫ਼ਤੇ ਦੇ ਅੰਤ ਵਿਚ ਗ੍ਰੈਜੂਏਟ ਹੋਣ ਵਾਲਾ ਸੀ। ਬੈਂਟਲੇ ਯੂਨੀਵਰਸਿਟੀ ਨੇ ਐਕਸ ’ਤੇ ਇੱਕ ਪੋਸਟ ਵਿਚ ਕਿਹਾ ਕਿ ‘ਸਾਡਾ ਭਾਈਚਾਰਾ ਗੌਰਵ ਜੈਸਿੰਘ (25) ਦੀ ਮੌਤ ਨਾਲ ਡੂੰਘੇ ਸਦਮੇ ਵਿਚ ਹੈ। ਸਾਡੀ ਹਮਦਰਦੀ ਗੌਰਵ ਦੇ ਪਰਿਵਾਰ ਅਤੇ ਦੋਸਤਾਂ ਨਾਲ ਹੈ। ਅਸੀਂ 17 ਮਈ ਨੂੰ ਹੋਣ ਵਾਲੇ ਅੰਡਰਗ੍ਰੈਜੂਏਟ ਸ਼ੁਰੂਆਤ ਸਮਾਰੋਹ ਵਿਚ ਗੌਰਵ ਦਾ ਸਨਮਾਨ ਕਰਨ ਦੀ ਯੋਜਨਾ ਬਣਾ ਰਹੇ ਹਾਂ।’

ਇੱਕ ਰਿਪੋਰਟ ਅਨੁਸਾਰ ਸਥਾਨਕ ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ, ਅਜਿਹਾ ਲੱਗਦਾ ਹੈ ਕਿ ਗੌਰਵ ਗਲਤੀ ਨਾਲ ਬਾਲਕੋਨੀ ਤੋਂ ਡਿੱਗ ਗਿਆ। ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਦੇ ਹੋਏ ਉਪਲਬਧ ਹੋਣ ’ਤੇ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਰਿਪੋਰਟ ਮੁਤਾਬਕ ਜੈਸਿੰਘ ਮੈਸੇਚਿਉਸੇਟਸ ਦੇ ਸ਼੍ਰੇਅਸਬਰੀ ਦਾ ਰਹਿਣ ਵਾਲਾ ਸੀ ਅਤੇ ਡੈਲਟਾ ਸਿਗਮਾ ਪਾਈ ਭਾਈਚਾਰੇ ਦੇ ਨਾਲ-ਨਾਲ ਸਕੂਲ ਦੇ ਦੱਖਣੀ ਏਸ਼ੀਆਈ ਵਿਦਿਆਰਥੀ ਐਸੋਸੀਏਸ਼ਨ ਦਾ ਮੈਂਬਰ ਸੀ। ਸ਼ੁਰੂਆਤੀ ਰਿਪੋਰਟਾਂ ਅਨੁਸਾਰ ਪੁਲਿਸ ਨੂੰ ਰਾਤ 10 ਵਜੇ ਦੇ ਕਰੀਬ ਗੌਰਵ ਦੇ ਰੂਮਮੇਟਸ ਨੇ ਇਸ ਬਾਰੇ ਜਾਣਕਾਰੀ ਦਿੱਤੀ ਕਿ ਉਹ ਗਲਤੀ ਨਾਲ ਇੱਕ ਉੱਚ ਪੱਧਰੀ ਬਾਲਕੋਨੀ ਤੋਂ ਡਿੱਗ ਪਿਆ। ਬਾਅਦ ਵਿਚ ਉਹ ਹੇਠਲੀ ਮੰਜ਼ਿਲ ’ਤੇ ਬੇਹੋਸ਼ ਪਾਇਆ ਗਿਆ। ਪੁਲਿਸ ਨੇ ਕਿਹਾ ਕਿ ਐਮਰਜੈਂਸੀ ਮੈਡੀਕਲ ਸੇਵਾਵਾਂ ਨੇ ਜਵਾਬ ਦਿੱਤਾ ਅਤੇ ਉਸਨੂੰ ਹਸਪਤਾਲ ਪਹੁੰਚਾਇਆ ਪਰ ਰਸਤੇ ਵਿਚ ਹੀ ਉਸਦੀ ਮੌਤ ਹੋ ਗਈ। ਪੁਲਿਸ ਨੇ ਕਿਹਾ ਕਿ ਘਟਨਾ ਦੀ ਜਾਂਚ ਜਾਰੀ ਹੈ।




# ਫਰਜ਼ੀ ਵਿਆਹ ਰਾਹੀਂ ਗਰੀਨ ਕਾਰਡ ਹਾਸਲ ਕਰਨ ਦੀ ਕੋਸ਼ਿਸ਼ ਦੇ ਦੋਸ਼ ਹੇਠ ਭਾਰਤੀ ਵਿਅਕਤੀ ਨੂੰ ਕੈਦ ਦੀ ਸਜ਼ਾ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਜਾਅਲੀ ਵਿਆਹ ਕਰਵਾਉਣ ਦਾ ਰਿਵਾਜ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਇਸ ਵੇਲੇ ਇਸਦੀ ਕੀਮਤ 50,000 ਡਾਲਰ ਤੱਕ ਹੈ। ਹਾਲਾਂਕਿ ਅਮਰੀਕਾ ਵਿਚ ਸਥਾਈ ਨਿਵਾਸ ਪ੍ਰਾਪਤ ਕਰਨ ਦਾ ਇਹ ਸ਼ਾਰਟਕੱਟ ਕਈ ਵਾਰ ਜ਼ੋਖਮ ਭਰਿਆ ਸਾਬਤ ਹੋ ਸਕਦਾ ਹੈ। ਬਹੁਤ ਸਾਰੇ ਭਾਰਤੀ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਅਮਰੀਕਾ ਵਿਚ ਨਕਲੀ ਵਿਆਹ ਕਰਵਾਉਂਦੇ ਹਨ। ਕੁਝ ਅਜਿਹਾ ਹੀ ਅਮਰੀਕਾ ਵਿਚ ਰਹਿਣ ਵਾਲੇ ਇੱਕ ਭਾਰਤੀ ਨਾਲ ਹੋਇਆ ਹੈ। ਜੋ ਹੁਣ ਫਰਜ਼ੀ ਵਿਆਹ ਰਾਹੀਂ ਗ੍ਰੀਨ ਕਾਰਡ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਜੇਲ੍ਹ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ।

ਅਮਰੀਕੀ ਰਾਜ ਵਰਮੋਂਟ ਦੇ ਅਟਾਰਨੀ ਜਨਰਲ ਦਫ਼ਤਰ ਅਨੁਸਾਰ ਤਾਜ਼ਾ ਮਾਮਲੇ ਵਿਚ ਨਾਸਿਰ ਹੁਸੈਨ ਨਾਮ ਦੇ ਇਕ ਭਾਰਤੀ ਨੇ ਆਪਣੀ ਇਮੀਗ੍ਰੇਸ਼ਨ ਅਰਜ਼ੀ ਵਿਚ ਗਲਤ ਜਾਣਕਾਰੀ ਦਿੱਤੀ ਅਤੇ ਵਾਈ-ਵੀਜ਼ਾ ਪ੍ਰਾਪਤ ਕਰਨ ਲਈ ਖਾਸ ਤੌਰ 'ਤੇ ਆਈ-360 ਫਾਰਮ ਵਿਚ ਗਲਤ



ਵੇਰਵੇ ਭਰੇ। ਜੇਕਰ ਕਿਸੇ ਗੈਰ-ਨਾਗਰਿਕ ਜੀਵਨ ਸਾਥੀ ਨਾਲ ਕਿਸੇ ਅਮਰੀਕੀ ਨਾਗਰਿਕ ਜਾਂ ਗ੍ਰੀਨ ਕਾਰਡ ਧਾਰਕ ਪਤੀ ਜਾਂ ਪਤਨੀ ਦੁਆਰਾ ਦੁਰਵਿਵਹਾਰ ਕੀਤਾ ਜਾ ਰਿਹਾ ਹੈ ਜਾਂ ਹਿੰਸਾ ਕੀਤੀ ਜਾ ਰਹੀ ਹੈ, ਤਾਂ ਪੀੜਤ ਔਰਤ ਹਿੰਸਾ ਵਿਰੁੱਧ ਕਾਨੂੰਨ ਤਹਿਤ ਵਾਈ-ਵੀਜ਼ਾ ਲਈ ਅਰਜ਼ੀ ਦੇ ਸਕਦਾ ਹੈ। ਭਾਰਤੀ ਮੂਲ ਦੇ ਨਾਸਿਰ ਹੁਸੈਨ ਨਾਮ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਸਬੂਤਾਂ ਅਨੁਸਾਰ ਉਹ 2021 ਵਿਚ ਇੱਕ ਜਾਅਲੀ ਵਿਆਹ ਕਰਵਾ ਕੇ ਗ੍ਰੀਨ ਕਾਰਡ ਪ੍ਰਾਪਤ ਕਰਨ ਦੇ ਇਰਾਦੇ ਨਾਲ ਕਨੈਕਟੀਕਟ ਆਇਆ ਸੀ। ਅਸਲ ਵਿਚ ਉਹ ਵਿਆਹ ਤੋਂ ਪਹਿਲਾਂ ਕਦੇ ਵੀ ਉਸ ਅਮਰੀਕੀ ਔਰਤ ਨੂੰ ਨਹੀਂ ਮਿਲਿਆ ਸੀ, ਜਿਸ ਨਾਲ ਉਸਨੇ ਕਾਗਜ਼ਾਂ ਵਿਚ ਵਿਆਹ ਕੀਤਾ ਸੀ।

ਹਾਲਾਂਕਿ ਵਿਆਹ ਤੋਂ ਬਾਅਦ ਸਬੂਤ ਸਥਾਪਤ ਕਰਨ ਲਈ ਉਸਨੇ ਆਪਣੀ ਪਤਨੀ ਦੇ ਨਾਮ 'ਤੇ ਇੱਕ ਬੀਮਾ ਪਾਲਿਸੀ ਲਈ, ਕੁਝ ਰਸਾਲਿਆਂ ਦੀ ਗਾਹਕੀ ਲਈ ਅਤੇ ਉਸਦੇ ਨਾਮ 'ਤੇ ਕੁਝ ਸਾਮਾਨ ਵੀ ਆਰਡਰ ਕੀਤਾ। ਇਹ ਸਾਰੇ ਸਬੂਤ ਇਹ ਦਰਸਾਉਣ ਲਈ ਪੇਸ਼ ਕੀਤੇ ਗਏ ਸਨ ਕਿ ਨਾਸਿਰ ਹੁਸੈਨ ਆਪਣੀ ਅਮਰੀਕੀ ਪਤਨੀ ਨਾਲ ਆਪਣੇ ਓਰਲੈਂਡੋ ਵਾਲੇ ਘਰ ਵਿਚ ਰਹਿ ਰਿਹਾ ਹੈ। ਆਪਣੇ ਵਿਆਹ ਦੇ ਸਬੂਤ ਪੇਸ਼ ਕਰਨ ਤੋਂ ਕੁਝ ਸਮੇਂ ਬਾਅਦ ਨਾਸਿਰ ਹੁਸੈਨ ਇੱਕ ਐਮਰਜੈਂਸੀ ਦੇਖਭਾਲ ਸਹੂਲਤ ਗਿਆ ਅਤੇ ਉੱਥੇ ਉਸਨੇ ਦਾਅਵਾ ਕੀਤਾ ਕਿ ਉਸਦੀ ਪਤਨੀ ਉਸਨੂੰ ਕੁੱਟ ਰਹੀ ਹੈ। ਇਸ ਤਰ੍ਹਾਂ ਨਾਸਿਰ ਹੁਸੈਨ ਨੇ ਇਹ ਦਰਸਾਉਣ ਲਈ ਮੈਡੀਕਲ ਰਿਕਾਰਡ ਵੀ ਪੇਸ਼ ਕੀਤੇ ਸਨ ਕਿ ਉਹ ਆਪਣੀ ਅਮਰੀਕੀ ਨਾਗਰਿਕ ਪਤਨੀ ਦੁਆਰਾ ਤਸ਼ੱਦਦ ਦਾ ਸ਼ਿਕਾਰ ਸੀ ਅਤੇ ਬਾਅਦ ਵਿਚ ਉਸ ਨੇ ਵਾਈ ਵੀਜ਼ੇ ਲਈ ਆਈ-360 ਫਾਰਮ ਦਾਇਰ ਕਰਕੇ ਇਹ ਸਾਰੇ ਸਬੂਤ ਜਮ੍ਹਾ ਕਰਵਾਏ, ਜਿਸ ਵਿਚ ਉਸਨੇ ਇਹ ਵੀ ਦਿਖਾਇਆ ਕਿ ਉਹ ਆਪਣੀ ਅਮਰੀਕੀ ਨਾਗਰਿਕ ਪਤਨੀ ਨਾਲ ਅਮਰੀਕਾ ਦੇ ਓਰਲੈਂਡੋ ਦੇ ਇੱਕ ਅਪਾਰਟਮੈਂਟ ਵਿਚ ਰਹਿੰਦਾ ਹੈ।

ਹਾਲਾਂਕਿ ਉਸਦੇ ਸਾਬਕਾ ਰੂਮਮੇਟਸ ਅਤੇ ਉਸਦੀ ਕਾਗਜ਼ੀ ਪਤਨੀ ਦੇ ਬਿਆਨਾਂ ਤੋਂ ਪਤਾ ਚੱਲਿਆ ਕਿ ਨਾਸਿਰ ਕਦੇ ਵੀ ਆਪਣੀ ਪਤਨੀ ਨਾਲ ਨਹੀਂ ਰਿਹਾ ਅਤੇ ਜੇਕਰ ਦੋਵੇਂ ਫਲੋਰੀਡਾ ਵਿਚ ਇਕੱਠੇ ਨਹੀਂ ਰਹਿੰਦੇ, ਤਾਂ ਇਹ ਦਾਅਵਾ ਕਿ ਨਾਸਿਰ ਹੁਸੈਨ ਨਾਲ ਧੋਖਾ ਹੋਇਆ ਹੈ, ਵੀ ਝੂਠਾ ਸਾਬਤ ਹੋਇਆ। ਨਾਸਿਰ ਹੁਸੈਨ ਨੂੰ ਮਈ 2023 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਇਹ ਪਾਇਆ ਗਿਆ ਕਿ ਉਸ ਨੇ ਵਾਈ ਵੀਜ਼ਾ ਲਈ ਝੂਠੇ ਸਬੂਤ ਪੇਸ਼ ਕੀਤੇ ਸਨ ਅਤੇ ਉਸਦਾ ਆਈ-360 ਵੀ ਰੱਦ ਕਰ ਦਿੱਤਾ ਗਿਆ ਸੀ। ਜੇਕਰ ਨਾਸਿਰ ਨੂੰ ਵਾਈ-ਵੀਜ਼ਾ ਮਿਲ ਜਾਂਦਾ, ਤਾਂ ਉਸਨੂੰ ਆਸਾਨੀ ਨਾਲ ਗ੍ਰੀਨ ਕਾਰਡ ਮਿਲ ਜਾਂਦਾ, ਪਰ ਚਲਾਕ ਨਾਸਿਰ ਨੂੰ ਇਹ ਨਹੀਂ ਪਤਾ ਸੀ ਕਿ ਉਸਦਾ ਇੰਟਰਵਿਊ ਲੈਣ ਵਾਲੇ ਲੋਕ ਉਸ ਤੋਂ ਵੱਧ ਹੁਸ਼ਿਆਰ ਸਨ। ਇਸ ਮਾਮਲੇ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਨਾਸਿਰ ਹੁਣ ਜੇਲ੍ਹ ਵਿਚ ਬੰਦ ਹੈ ਅਤੇ ਉਸ 'ਤੇ ਵਾਇਰ ਫਰਾਡ ਸਾਜ਼ਿਸ਼ ਦਾ ਵੀ ਦੋਸ਼ ਲਗਾਇਆ ਗਿਆ, ਜਿਸਦਾ ਮੁਕੱਦਮਾ ਅਕਤੂਬਰ 2024 ਵਿਚ ਸ਼ੁਰੂ ਹੋਇਆ ਸੀ ਅਤੇ ਜਿਊਰੀ ਨੇ ਉਸਨੂੰ ਦੋਸ਼ੀ ਪਾਇਆ ਸੀ।

# ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਪਹਿਲਾ ਸੈਲਫ-ਡਿਪੋਰਟ ਪ੍ਰੋਗਰਾਮ ਸ਼ੁਰੂ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢ ਦੇਣਾ ਚਾਹੁੰਦੇ ਹਨ। ਹਾਲ ਹੀ ਵਿਚ ਰਾਸ਼ਟਰਪਤੀ ਟਰੰਪ ਨੇ ਇੱਕ ਨਵੇਂ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਹਨ, ਜਿਸ ਨੂੰ ਉਸਨੇ "ਪਹਿਲਾ ਸੈਲਫ-ਡਿਪੋਰਟ ਪ੍ਰੋਗਰਾਮ" ਦੱਸਿਆ ਹੈ। ਇਸ ਪ੍ਰੋਗਰਾਮ ਤਹਿਤ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਬਿਨਾਂ ਕਿਸੇ ਕੀਮਤ ਦੇ ਸੰਯੁਕਤ ਰਾਜ ਛੱਡਣ ਦੀ ਆਗਿਆ ਦਿੱਤੀ ਜਾਵੇਗੀ ਅਤੇ ਇਸ ਲਈ ਉਨ੍ਹਾਂ ਨੂੰ ਇੱਕ ਨਵੀਂ ਸਰਕਾਰੀ ਸਮਰਥਿਤ ਐਪ ਦੁਆਰਾ ਉਡਾਣਾਂ ਬੁੱਕ ਕਰਾਉਣੀਆਂ ਪੈਣਗੀਆਂ।

ਟਰੂਥ ਸੋਸ਼ਲ 'ਤੇ ਪੋਸਟ ਕੀਤੇ ਗਏ ਇੱਕ ਵੀਡੀਓ ਵਿਚ ਰਾਸ਼ਟਰਪਤੀ ਟਰੰਪ ਨੇ ਕਿਹਾ, "ਅੱਜ ਮੈਂ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਪਹਿਲਾ ਸੈਲਫ-ਡਿਪੋਰਟ ਪ੍ਰੋਗਰਾਮ ਸ਼ੁਰੂ ਕਰਨ ਲਈ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਹਨ। ਅਸੀਂ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਅਮਰੀਕਾ ਛੱਡਣਾ ਜਿੰਨਾ ਸੰਭਵ ਹੋ ਸਕੇ ਆਸਾਨ ਬਣਾ ਰਹੇ ਹਾਂ। ਕੋਈ ਵੀ ਗੈਰ-ਕਾਨੂੰਨੀ ਪ੍ਰਵਾਸੀ ਆਸਾਨੀ ਨਾਲ ਹਵਾਈ ਅੱਡੇ 'ਤੇ ਆ ਸਕਦਾ ਹੈ ਅਤੇ ਸਾਡੇ ਦੇਸ਼ ਤੋਂ ਬਾਹਰ ਮੁਫ਼ਤ ਉਡਾਣ ਪ੍ਰਾਪਤ ਕਰ ਸਕਦਾ ਹੈ।"

ਇਹ ਘੋਸ਼ਣਾ ਟਰੰਪ ਪ੍ਰਸ਼ਾਸਨ ਦੁਆਰਾ

**■ ਟਰੰਪ ਵੱਲੋਂ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ**

ਸਮੂਹਿਕ ਦੇਸ਼ ਨਿਕਾਲੇ ਨੂੰ ਅੱਗੇ ਵਧਾਉਣ ਦੇ ਇੱਕ ਵਿਸ਼ਾਲ ਯਤਨ ਦਾ ਹਿੱਸਾ ਹੈ। ਟਰੰਪ ਨੇ ਕਿਹਾ, "ਸੀ.ਬੀ.ਪੀ. ਹੋਮ ਐਪ ਪ੍ਰਵਾਸੀਆਂ ਨੂੰ "ਕਿਸੇ ਵੀ ਵਿਦੇਸ਼ੀ ਦੇਸ਼ ਲਈ ਇੱਕ ਮੁਫ਼ਤ ਫਲਾਈਟ ਬੁੱਕ ਕਰਨ ਦੀ ਆਗਿਆ ਦਿੰਦੀ ਹੈ।" ਟਰੰਪ ਨੇ ਕਿਹਾ ਮੁਫ਼ਤ ਯਾਤਰਾ ਤੋਂ ਇਲਾਵਾ ਸਰਕਾਰ ਲੋਕਾਂ ਨੂੰ ਦੇਸ਼ ਛੱਡਣ ਲਈ ਉਤਸ਼ਾਹਿਤ ਕਰਨ ਲਈ ਵਿੱਤੀ ਬੋਨਸ ਦੀ ਪੇਸ਼ਕਸ਼ ਕਰੇਗੀ। ਆਪਣੀ ਮਰਜ਼ੀ ਨਾਲ ਜਾਣ ਤੋਂ ਇਨਕਾਰ ਕਰਨ ਵਾਲਿਆਂ ਨੂੰ ਸਖ਼ਤ ਜ਼ੁਰਮਾਨੇ ਦੀ ਚੇਤਾਵਨੀ ਦਿੱਤੀ ਗਈ ਹੈ। ਟਰੰਪ ਨੇ ਕਿਹਾ, "ਅਮਰੀਕਾ ਵਿਚ ਰਹਿਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਜ਼ਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿਚ ਜੇਲ੍ਹ, ਭਾਰੀ ਵਿੱਤੀ ਜ਼ੁਰਮਾਨੇ, ਸਾਰੀ ਜਾਇਦਾਦ ਜ਼ਬਤ, ਕੈਦ ਆਦਿ ਸ਼ਾਮਲ ਹਨ।" ਇਹ ਐਲਾਨ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.) ਦੁਆਰਾ ਇੱਕ ਤਾਜ਼ਾ ਘੋਸ਼ਣਾ ਤੋਂ ਬਾਅਦ ਹੈ, ਜੋ ਉਨ੍ਹਾਂ ਲੋਕਾਂ ਨੂੰ 1,000 ਡਾਲਰ ਭੁਗਤਾਨ ਦੀ ਪੇਸ਼ਕਸ਼ ਕਰ ਰਿਹਾ ਹੈ, ਜੋ ਆਪਣੀ ਮਰਜ਼ੀ ਨਾਲ ਅਮਰੀਕਾ ਛੱਡਦੇ ਹਨ ਅਤੇ ਸੀ.ਬੀ.ਪੀ. ਹੋਮ ਐਪ ਦੁਆਰਾ ਰਜਿਸਟਰ ਕਰਦੇ ਹਨ।

# ਕਸ਼ਮੀਰ 'ਤੇ ਕਿਸੇ ਤੀਜੇ ਦੇਸ਼ ਦੀ ਵਿਚੋਲਗੀ ਸਵੀਕਾਰ ਨਹੀਂ; ਭਾਰਤ ਨੇ ਕੀਤਾ ਸਪੱਸ਼ਟ

**ਨਵੀਂ ਦਿੱਲੀ/ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿਚ ਕਸ਼ਮੀਰ 'ਤੇ ਵਿਚੋਲਗੀ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ। ਭਾਵੇਂ ਪਾਕਿਸਤਾਨ ਸਰਕਾਰ ਨੇ ਟਰੰਪ ਦੇ ਇਸ ਪ੍ਰਸਤਾਵ ਨੂੰ ਮਨਜ਼ੂਰ ਕੀਤਾ ਹੈ ਪਰ ਭਾਰਤ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਸ਼ਮੀਰ 'ਤੇ ਕਿਸੇ ਵੀ ਤੀਜੇ ਦੇਸ਼ ਦੀ ਵਿਚੋਲਗੀ ਸਵੀਕਾਰ ਨਹੀਂ ਕੀਤੀ ਜਾਵੇਗੀ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਅਨੁਸਾਰ ਭਾਰਤ ਨੇ ਪੂਰੀ ਦੁਨੀਆਂ ਨੂੰ ਦੱਸ ਦਿੱਤਾ ਹੈ ਕਿ ਕਸ਼ਮੀਰ ਮੁੱਦਾ ਸਿਰਫ਼ ਇਸ ਆਧਾਰ 'ਤੇ ਅਟਕਿਆ ਹੋਇਆ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਨੂੰ ਵਾਪਸ ਕਰ ਦਿੱਤਾ ਜਾਣਾ ਚਾਹੀਦਾ ਹੈ। ਇਹ ਮੁੱਦਾ ਦੁਵੱਲਾ ਹੈ। ਅਸੀਂ ਪਾਕਿਸਤਾਨ ਨਾਲ ਸਿਰਫ਼ ਪੀ.ਓ.ਕੇ. ਦੀ ਵਾਪਸੀ ਬਾਰੇ ਗੱਲ ਕਰਾਂਗੇ। ਅਸੀਂ ਕਿਸੇ ਵੀ ਤੀਜੇ ਦੇਸ਼ ਦੇ ਦਖਲ ਨੂੰ ਰੱਦ ਕਰਦੇ ਹਾਂ।

ਸਰਕਾਰੀ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਕਸ਼ਮੀਰ 'ਤੇ ਕਿਸੇ ਤੀਜੇ ਦੇਸ਼ ਦੁਆਰਾ ਵਿਚੋਲਗੀ ਨਹੀਂ ਚਾਹੁੰਦਾ। ਵਿਦੇਸ਼ ਮੰਤਰਾਲੇ ਦੇ ਉੱਚ ਸੂਤਰਾਂ ਅਨੁਸਾਰ ਕਸ਼ਮੀਰ ਬਾਰੇ ਭਾਰਤ ਦੀ ਨੀਤੀ ਬਹੁਤ ਸਪੱਸ਼ਟ ਹੈ। ਕਸ਼ਮੀਰ 'ਤੇ ਹੁਣ ਕੋਈ ਵਿਵਾਦ ਨਹੀਂ ਬਚਿਆ ਹੈ। ਸਿਰਫ਼ ਇੱਕ ਮੁੱਦਾ ਬਾਕੀ ਹੈ। ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਦੀ ਵਾਪਸੀ। ਅਸੀਂ ਪਾਕਿਸਤਾਨ ਨਾਲ ਸਿਰਫ਼ ਇਸ ਮੁੱਦੇ 'ਤੇ ਗੱਲ ਕਰਾਂਗੇ।

ਭਾਰਤ ਸਰਕਾਰ ਮੁਤਾਬਕ ਕਸ਼ਮੀਰ ਪੂਰੀ ਤਰ੍ਹਾਂ ਭਾਰਤ ਦਾ ਹਿੱਸਾ ਹੈ। 5 ਅਗਸਤ, 2019 ਨੂੰ ਧਾਰਾ 370 ਨੂੰ ਹਟਾਏ ਜਾਣ ਤੋਂ ਬਾਅਦ ਜੰਮੂ ਅਤੇ ਕਸ਼ਮੀਰ ਹੁਣ ਭਾਰਤ ਦੇ ਸੰਵਿਧਾਨ ਅਨੁਸਾਰ ਪੂਰੀ ਤਰ੍ਹਾਂ ਏਕੀਕ੍ਰਿਤ ਹੈ। ਸਿਰਫ਼ ਪੀ.ਓ.ਕੇ ਬਚਿਆ ਹੈ। ਭਾਰਤ ਹੁਣ ਸਿਰਫ਼ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਭਾਰਤ ਨੂੰ ਵਾਪਸ ਦਿਵਾਉਣ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਭਾਰਤ ਸਰਕਾਰ ਨੇ ਅਮਰੀਕਾ, ਯੂਰਪ, ਖਾੜੀ ਦੇਸ਼ਾਂ ਅਤੇ ਸੰਯੁਕਤ ਰਾਸ਼ਟਰ ਨੂੰ ਦੱਸਿਆ ਹੈ ਕਿ ਇਹ ਮਾਮਲਾ ਪੂਰੀ ਤਰ੍ਹਾਂ ਦੁਵੱਲਾ ਹੈ। ਕਿਸੇ ਤੀਜੀ ਧਿਰ ਨੂੰ ਇਸ ਵਿਚ ਪੈਣ ਦੀ ਲੋੜ ਨਹੀਂ ਹੈ।

## ਨਾਰਥ ਕੈਰੋਲੀਨਾ 'ਚ ਧੋਖਾਧੜੀ ਦੇ ਦੋਸ਼ਾਂ ਤਹਿਤ ਭਾਰਤੀ ਵਿਦਿਆਰਥੀ ਗ੍ਰਿਫਤਾਰ

**ਕੈਰੋਲਿਨਾ, (ਪੰਜਾਬ ਮੇਲ)**- ਨਾਰਥ ਕੈਰੋਲੀਨਾ ਵਿਚ ਇਕ 21 ਸਾਲਾ ਭਾਰਤੀ ਵਿਦਿਆਰਥੀ ਨੂੰ ਫਰਜ਼ੀ ਪੁਲਿਸ ਅਫਸਰ ਬਣ ਕੇ ਇਕ ਬਜ਼ੁਰਗ ਔਰਤ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਹੈ। ਕਿਸ਼ਨ ਕੁਮਾਰ ਸਿੰਘ 2024 ਵਿਚ ਵਿਦਿਆਰਥੀ ਵੀਜ਼ੇ 'ਤੇ ਅਮਰੀਕਾ ਆਇਆ ਸੀ। ਉਹ ਸਿਨਸਿਨਾਟੀ, ਓਹਾਇਓ ਨੇੜੇ ਰਹਿ ਰਿਹਾ ਹੈ। ਉਸ ਨੂੰ ਇਲਫੋਰਡ ਕਾਊਂਟੀ ਵਿਚ ਗ੍ਰਿਫਤਾਰ ਕੀਤਾ ਗਿਆ। ਪੁਲਿਸ ਵਿਭਾਗ ਅਨੁਸਾਰ ਉਸ ਨੇ ਸੰਘੀ ਏਜੰਟ ਬਣ ਕੇ ਇਕ 78 ਸਾਲਾ ਔਰਤ ਕੋਲੋਂ ਪੈਸੇ ਲੈਣ ਦੀ ਕੋਸ਼ਿਸ਼ ਕੀਤੀ। ਬਜ਼ੁਰਗ ਔਰਤ ਉਸ ਵੱਲੋਂ ਪਾਏ ਦਬਾਅ ਕਾਰਨ ਬੈਂਕ ਵਿਚੋਂ ਪੈਸੇ ਕਢਵਾਉਣ ਲਈ ਸਹਿਮਤ ਹੋ ਗਈ ਤੇ ਉਸ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਪੈਸੇ ਲੈਣ ਆਇਆ ਸੀ। ਉਸਨੂੰ ਇਸ ਸਮੇਂ ਗੁਇਲਫੋਰਡ ਕਾਊਂਟੀ ਡੀਟੈਨਸ਼ਨ ਸੈਂਟਰ 'ਚ ਰੱਖਿਆ ਗਿਆ ਹੈ। ਗੁਇਲਫੋਰਡ ਕਾਊਂਟੀ ਸ਼ੈਰਿਫ ਦਫਤਰ ਨੇ ਚਿਤਾਵਨੀ ਦਿੱਤੀ ਹੈ ਕਿ ਧੋਖੇਬਾਜ਼ ਲੋਕ ਸੀਨੀਅਰ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਸ ਤੋਂ ਸੁਚੇਤ ਰਿਹਾ ਜਾਵੇ। ਉਨ੍ਹਾਂ ਬਜ਼ੁਰਗਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਪੁਲਿਸ ਕਦੀ ਵੀ ਪੈਸੇ ਦੀ ਮੰਗ ਨਹੀਂ ਕਰਦੀ। ਜ਼ੇਕਰ ਕੋਈ ਉਨ੍ਹਾਂ ਕੋਲੋਂ ਪੈਸੇ ਦੀ ਮੰਗ ਕਰਦਾ ਹੈ, ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

# ਮਾਰਕ ਕਾਰਨੀ ਨੇ ਟਰੰਪ ਨੂੰ ਕਿਹਾ; 'ਕੈਨੇਡਾ ਕਦੇ ਨਹੀਂ ਬਣੇਗਾ ਅਮਰੀਕਾ ਦਾ 51ਵਾਂ ਰਾਜ'

**■ ਕਿਹਾ: ਮੇਰਾ ਦੇਸ਼ ਵਿਕਰੀ ਲਈ ਨਹੀਂ**

**ਵਾਸ਼ਿੰਗਟਨ, (ਪੰਜਾਬ ਮੇਲ)**- ਬੀਤੇ ਦਿਨੀਂ ਆਪਣੀ ਵਾਸ਼ਿੰਗਟਨ ਸਥਿਤ ਵ੍ਹਾਈਟ ਹਾਊਸ ਦੀ ਪਹਿਲੀ ਫੇਰੀ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਟਰੰਪ ਨੂੰ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਮੇਰਾ ਦੇਸ਼ ਵਿਕਰੀ ਲਈ ਨਹੀਂ ਹੈ। ਉਹ ਟਰੰਪ ਵਿਰੋਧੀ ਮੰਚ 'ਤੇ ਚੁਣੇ ਜਾਣ ਤੋਂ ਕੁਝ ਦਿਨ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕਰ ਰਹੇ ਹਨ ਕਿਉਂਕਿ ਦੋਵਾਂ ਦੇਸ਼ਾਂ ਵਿਚਕਾਰ ਇਸ ਵੇਲੇ ਸੰਬੰਧ ਇਤਿਹਾਸਕ ਤੌਰ 'ਤੇ ਬਹੁਤ ਕਮਜ਼ੋਰ ਹਨ। ਮਾਰਕ ਕਾਰਨੀ ਨੇ ਟਰੰਪ ਨੂੰ ਇਹ ਵੀ ਸਾਫ ਕਰ ਦਿੱਤਾ ਕਿ ਕੈਨੇਡਾ ਅਮਰੀਕਾ ਦਾ 51ਵਾਂ ਰਾਜ ਨਹੀਂ ਬਣੇਗਾ। ਦੋਵਾਂ ਮੁਲਕਾਂ ਦੇ ਮੁਖੀਆਂ ਦੀ ਅਹਿਮ ਮੁਲਾਕਾਤ ਦਾ ਮੁੱਖ ਏਜੰਡਾ ਇਹੀ ਸੀ ਕਿ ਬਿਨਾਂ ਸ਼ੱਕ ਕੈਨੇਡਾ 51ਵਾਂ ਰਾਜ ਨਹੀਂ ਬਣ ਸਕੇਗਾ। ਇਸ ਲਈ ਇਸ ਮਾਮਲੇ 'ਚ ਖਾਹ-ਮਖਾਹ ਤਣਾਅ ਤੇ ਲੜਾਈ 'ਚ ਜਨਤਕ ਤੌਰ 'ਤੇ ਬਚਿਆ ਜਾਵੇ।

ਕਾਰਨੀ ਨੇ ਟਰੰਪ ਨੂੰ ਦੱਸਿਆ ਕਿ ਜਿਵੇਂ ਤੁਸੀਂ ਰੀਅਲ ਅਸਟੇਟ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਤੇ ਕੁਝ ਥਾਵਾਂ ਅਜਿਹੀਆਂ ਹਨ, ਜੋ ਵਿਕਰੀ ਲਈ ਨਹੀਂ ਹੁੰਦੀਆਂ। ਇਸ ਦੇ



**ਓਵਲ ਦਫਤਰ ਵਿਚ ਟਰੰਪ ਨਾਲ ਮੁਲਾਕਾਤ ਸਮੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ।**

ਜਵਾਬ 'ਚ ਟਰੰਪ ਦੀ ਪ੍ਰਤੀਕਿਰਿਆ ਸੀ 'ਕਦੇ ਵੀ' ਨਾ ਕਹੋ 'ਸਮਾਂ ਦੱਸੇਗਾ'। ਪਰ ਉਹ ਕਾਰਨੀ ਨਾਲ ਲੜਾਈ ਨਹੀਂ ਰੱਖਣਾ ਚਾਹੁੰਦੇ, ਹਾਲੇ ਤਾਂ ਹੁਣੇ-ਹੁਣੇ ਤੁਸੀਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਇਸ ਵੇਲੇ ਆਪਣੇ ਵਪਾਰਕ ਭਾਈਵਾਲ ਗੁਆਂਢੀ ਦੇਸ਼ਾਂ ਮੈਕਸੀਕੋ ਤੇ ਕੈਨੇਡਾ ਨਾਲ ਸਬੰਧ ਬਹੁਤ ਹੇਠਲੇ ਪੱਧਰ 'ਤੇ ਚੱਲ ਰਹੇ ਹਨ, ਕਿਉਂਕਿ ਉਨ੍ਹਾਂ ਨੇ ਕੈਨੇਡੀਅਨ ਸਾਮਾਨ 'ਤੇ ਟੈਰਿਫ ਲਗਾਉਣ ਦਾ ਫੈਸਲਾ ਕੀਤਾ ਹੈ ਤੇ ਉਨ੍ਹਾਂ ਦੇ ਲਗਾਤਾਰ ਟਾਲ-ਮਟੋਲ ਕਾਰਨ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣਾ ਚਾਹੁੰਦੇ ਹਨ। ਕਾਰਨੀ ਦੇ ਵ੍ਹਾਈਟ ਹਾਊਸ ਪਹੁੰਚਣ ਤੋਂ ਇਕ ਘੰਟੇ ਤੋਂ ਵੀ ਘੱਟ ਸਮਾਂ ਪਹਿਲਾਂ ਟਰੰਪ ਨੇ 'ਟਰੂਥ' ਸੋਸ਼ਲ 'ਤੇ ਇਕ ਜੰਗੀ ਪੋਸਟ ਵਿਚ ਕੈਨੇਡਾ 'ਤੇ ਤਿੱਖਾ ਹਮਲਾ ਬੋਲਿਆ ਅਤੇ ਆਪਣੀਆਂ ਅਕਸਰ ਕੀਤੀਆਂ ਜਾਣ ਵਾਲੀਆਂ ਆਲੋਚਨਾਵਾਂ ਨੂੰ ਦੁਹਰਾਇਆ ਕਿ ਉਨ੍ਹਾਂ ਦਾ ਦੇਸ਼ ਅਮਰੀਕਾ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਸਾਨੂੰ ਉਨ੍ਹਾਂ ਦੀ ਦੋਸਤੀ ਤੋਂ ਇਲਾਵਾ ਉਨ੍ਹਾਂ ਕੋਲੋਂ ਕਿਸੇ ਵੀ ਚੀਜ਼ ਦੀ ਜ਼ਰੂਰਤ ਨਹੀਂ ਹੈ ਤੇ ਉਮੀਦ ਹੈ ਕਿ ਅਸੀਂ ਇਹ ਹਮੇਸ਼ਾ ਬਣਾਈ ਰੱਖਾਂਗੇ।

ਟਰੰਪ ਨੇ ਇਹ ਵੀ ਲਿਖਿਆ ਕਿ ਉਨ੍ਹਾਂ ਨੂੰ ਸਾਡੇ ਤੋਂ ਸਭ ਕੁਝ ਚਾਹੀਦਾ ਹੈ। ਟਰੰਪ ਨੇ ਕਿਹਾ ਕਿ ਉਹ ਕੈਨੇਡਾ ਨਾਲ ਕੰਮ ਕਰਨਾ ਬਹੁਤ ਚਾਹੁੰਦਾ ਹੈ ਪਰ ਇਹ ਸੱਚਾਈ ਸਮਝ ਨਹੀਂ ਆ ਰਹੀ ਕਿ ਅਮਰੀਕਾ, ਕੈਨੇਡਾ ਨੂੰ ਹਰ ਸਾਲ 200 ਬਿਲੀਅਨ ਡਾਲਰ ਦੀ ਸਬਸਿਡੀ ਕਿਉਂ ਦੇ ਰਿਹਾ ਹੈ, ਉਨ੍ਹਾਂ ਨੂੰ ਮੁਫ਼ਤ ਫੌਜੀ ਸੁਰੱਖਿਆ ਦੇਣ ਤੋਂ ਇਲਾਵਾ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਕਿਉਂ ਦੇ ਰਿਹਾ ਹੈ? ਹਾਲਾਂਕਿ ਓਵਲ ਦਫ਼ਤਰ ਵਿਚ ਮੁਲਾਕਾਤ ਸਮੇਂ ਟਰੰਪ ਨੇ ਬਹੁਤ ਜ਼ਿਆਦਾ ਸੁਲ੍ਹਾ-ਸਫਾਈ ਵਾਲਾ ਲਹਿਜ਼ਾ ਅਪਣਾਇਆ ਤੇ ਕਾਰਨੀ ਨੂੰ ਉਨ੍ਹਾਂ ਦੀ ਚੋਣ 'ਚ ਜਿੱਤ 'ਤੇ ਵਧਾਈ ਦਿੱਤੀ, ਉਨ੍ਹਾਂ ਵੱਲੋਂ ਚਲਾਈ ਗਈ ਮੁਹਿੰਮ ਦੀ ਪ੍ਰਸ਼ੰਸਾ ਕਰਦਿਆਂ ਰਾਜਨੀਤੀ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਵਾਪਸੀ ਕਿਹਾ। ਕੈਨੇਡਾ ਤੇ ਅਮਰੀਕਾ, ਮੈਕਸੀਕੋ ਨਾਲ, ਇਕ ਮੁਕਤ-ਵਪਾਰ ਸਮਝੌਤਾ ਸਾਂਝਾ ਕਰਦੇ ਹਨ ਜੋ ਹੁਣ ਬੁਰੀ ਤਰਾਂ ਤਬਾਹ ਹੋ ਰਿਹਾ ਹੈ ਪਰ ਟਰੰਪ ਇਹ ਕਹਿ ਰਿਹਾ ਹੈ ਕਿ ਕੈਨੇਡਾ ਨਾਲ ਵਪਾਰ, ਕੈਨੇਡਾ ਲਈ ਹੀ ਲਾਹੇਵੰਦ ਹੈ ਅਮਰੀਕਾ ਨੂੰ ਤਾਂ ਨੁਕਸਾਨ ਪਹੁੰਚਾਉਂਦਾ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡੇਟਨ ਓਹਾਇਓ ਵਿਖੇ ਸਿੱਖ ਯੂਥ ਸਿਮਪੋਜ਼ੀਅਮ 2025 ਦਾ ਆਯੋਜਨ



**ਡੇਟਨ, ਓਹਾਇਓ, (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)-** ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2025 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸਿੱਖ ਸੋਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਹੋਏ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੀ ਸਰਪ੍ਰਸਤੀ ਹੇਠ ਆਯੋਜਿਤ ਪ੍ਰੋਗਰਾਮ ਵਿਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 15 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ 'ਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਜਨਵਰੀ ਮਹੀਨੇ ਇਕ ਕਿਤਾਬ ਅਤੇ 3 ਸਵਾਲ ਦਿੱਤੇ ਜਾਂਦੇ ਹਨ। ਬੱਚਿਆਂ ਨੇ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਨ੍ਹਾਂ ਨੂੰ ਭਾਸ਼ਣ ਲਿਖਣ ਅਤੇ ਬੋਲਣ ਦਾ ਵੀ ਪਤਾ ਲੱਗਦਾ ਹੈ। ਸਿਮਪੋਜ਼ੀਅਮ ਵਾਲੇ ਦਿਨ ਹਰੇਕ ਬੱਚੇ ਦੀ ਮਿਹਨਤ ਉਨ੍ਹਾਂ ਦੇ ਭਾਸ਼ਣ ਰਾਹੀਂ ਸਾਫ ਝਲਕ ਰਹੀ ਸੀ। ਇਸ ਸਾਲ ਪਹਿਲੇ ਗਰੁੱਪ ਨੂੰ "ਸਾਕਾ ਚਮਕੌਰ", ਦੂਜੇ ਨੂੰ "ਸਿੱਖ ਸਾਖੀਜ਼", ਤੀਜੇ ਨੂੰ "ਸਿੱਖ ਇਤਿਹਾਸ ਦੀਆਂ ਚੋਣਵੀਆਂ ਸਾਖੀਆਂ" ਅਤੇ ਚੌਥੇ ਨੂੰ "ਦ ਮੈਸੇਜ ਆਫ ਗੁਰਬਾਣੀ" ਪੁਸਤਕ ਦਿੱਤੀ ਗਈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਆਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ।

ਭਾਗ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਹਰੇਕ ਗਰੁਪ ਦੇ ਜੇਤੂ ਬੱਚੇ ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।



## ਪਿਅਰੇ ਪੋਇਲੀਵਰ ਵੱਲੋਂ ਜਿਮਨੀ ਚੋਣ ਲੜਨ ਦੀ ਚਰਚਾ!



**ਵੈਨਕੂਵਰ, (ਪੰਜਾਬ ਮੇਲ)-** ਪਿਛਲੇ ਮਹੀਨੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਪ੍ਰਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਚੋਣ ਹਾਰ ਗਈ ਸੀ। ਚੋਣ ਹਾਰ ਚੁੱਕੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੋਇਲੀਵਰ ਵੱਲੋਂ ਹੁਣ ਅਲਬਰਟਾ ਦੇ ਰਿਵਰ ਕਲੋਫਟ ਹਲਕੇ ਤੋਂ ਜ਼ਿਮਨੀ ਚੋਣ ਲੜਨ ਦੀਆਂ ਕਿਆਸ ਅਰਾਈਆਂ ਦੀ ਸਿਆਸੀ ਚਰਚਾ ਚੱਲ ਰਹੀ ਹੈ।

ਪ੍ਰਾਪਤ ਵੇਰਵਿਆਂ ਮੁਤਾਬਕ ਅਲਬਰਟਾ ਦੇ ਰਿਵਰ ਕਲੋਬਟ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਚੋਣ ਜਿੱਤ ਚੁੱਕੇ ਇੱਕ ਐੱਮ.ਪੀ. ਡੀਮੀਅਨ ਕੁਰੇਕ ਵੱਲੋਂ ਆਪਣੀ ਪਾਰਟੀ ਦੇ ਆਗੂ ਪਿਅਰੇ ਪੋਇਲੀਵਰ ਨੂੰ ਆਪਣੀ ਸੀਟ ਤੋਂ ਜ਼ਿਮਨੀ ਚੋਣ ਲੜਨ ਦੀ ਪੇਸ਼ਕਸ਼ ਕੀਤੀ ਗਈ ਹੈ, ਤਾਂ ਜੋ ਪੋਇਲੀਵਰ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਪਾਰਲੀਮੈਂਟ ਪਹੁੰਚ ਸਕਣ। ਜ਼ਿਕਰਯੋਗ ਹੈ ਕਿ ਰਾਜਧਾਨੀ ਔਟਵਾ ਦੇ ਕਾਰਲਟਨ ਹਲਕੇ ਤੋਂ ਪਿਅਰੇ ਪੋਇਲੀਵਰ ਲਿਬਰਲ ਉਮੀਦਵਾਰ ਤੋਂ ਚੋਣ ਹਾਰ ਗਏ ਸਨ।

# ਅਮਰੀਕਾ 'ਚ 2 ਭਾਰਤੀ ਵਿਦਿਆਰਥੀਆਂ ਦੀ ਸੜਕ ਹਾਦਸੇ 'ਚ ਦਰਦਨਾਕ ਮੌਤ

**■ ਦਰੱਖ਼ਤ ਨਾਲ ਟਕਰਾਉਣ ਮਗਰੋਂ ਪੁਲ ਤੋਂ ਹੇਠਾਂ ਡਿੱਗੀ ਕਾਰ**

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਪੈਨਸਿਲਵੇਨੀਆ ਵਿੱਚ ਇੱਕ ਕਾਰ ਦੇ ਦਰੱਖਤ ਨਾਲ ਟਕਰਾਉਣ ਮਗਰੋਂ ਪੁਲ ਤੋਂ ਹੇਠਾਂ ਡਿੱਗਣ ਕਾਰਨ ਉਸ ਵਿਚ ਸਵਾਰ ਭਾਰਤੀ ਮੂਲ ਦੇ 2 ਵਿਦਿਆਰਥੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਵਾਪਰੇ ਇਸ ਹਾਦਸੇ ਵਿਚ ਕਾਰ ਦੀ ਅਗਲੀ ਸੀਟ 'ਤੇ ਬੈਠਾ ਇੱਕ ਹੋਰ ਵਿਅਕਤੀ ਵੀ ਜ਼ਖਮੀ ਹੋ ਗਿਆ ਅਤੇ ਉਸਨੂੰ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ। ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਇਸ ਮੰਦਭਾਗੇ ਸੜਕ ਹਾਦਸੇ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਇਸ ਹਾਦਸੇ ਵਿਚ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਪੜ੍ਹ ਰਹੇ ਭਾਰਤੀ ਮੂਲ ਦੇ ਵਿਦਿਆਰਥੀ ਮਾਨਵ ਪਟੇਲ (20) ਅਤੇ ਸੌਰਵ ਪ੍ਰਭਾਕਰ (23) ਦੀ ਜਾਨ ਚਲੀ ਗਈ।"

ਕੌਂਸਲੇਟ ਨੇ ਕਿਹਾ, 'ਇਸ ਮੁਸ਼ਕਲ ਸਮੇਂ ਦੌਰਾਨ ਸਾਡੀ ਹਮਦਰਦੀ ਅਤੇ ਪ੍ਰਾਰਥਨਾਵਾਂ ਉਨ੍ਹਾਂ ਦੇ ਪਰਿਵਾਰ ਨਾਲ ਹਨ। ਕੌਂਸਲੇਟ ਮ੍ਰਿਤਕਾਂ ਦੇ ਪਰਿਵਾਰਾਂ ਦੇ ਸੰਪਰਕ ਵਿਚ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ।' ਮੀਡੀਆ ਰਿਪੋਰਟਾਂ ਅਨੁਸਾਰ, ਵਿਦਿਆਰਥੀਆਂ ਦੀ ਮੌਤ ਸ਼ਨੀਵਾਰ ਸਵੇਰੇ 7 ਵਜੇ ਦੇ ਕਰੀਬ ਬ੍ਰੈਕਨੌਕ ਟਾਊਨਸ਼ਿਪ ਦੇ ਪੈਨਸਿਲਵੇਨੀਆ ਟਰਨਪਾਈਕ 'ਤੇ ਵਾਪਰੇ ਹਾਦਸੇ ਵਿਚ ਹੋਈ। ਲੈਂਕੈਸਟਰ ਕਾਊਂਟੀ ਕੋਰੋਨਰ ਦੇ ਦਫ਼ਤਰ ਅਤੇ ਪੈਨਸਿਲਵੇਨੀਆ ਸਟੇਟ ਪੁਲਿਸ ਦੇ ਅਨੁਸਾਰ, ਹਾਦਸੇ ਦੇ ਸਮੇਂ ਪ੍ਰਭਾਕਰ ਵਾਹਨ ਚਲਾ ਰਿਹਾ ਸੀ। ਪੁਲਿਸ ਦਾ ਕਹਿਣਾ ਹੈ ਕਿ ਗੰਭੀਰ ਸੱਟਾਂ ਕਾਰਨ ਦੋਵਾਂ ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਟਰੰਪ ਨੇ ਭਾਰਤ-ਪਾਕਿਸਤਾਨ ਜੰਗਬੰਦੀ ਦਾ ਅਮਰੀਕੀ ਪ੍ਰਸ਼ਾਸਨ ਸਿਰ ਬੰਨ੍ਹਿਆ ਸਿਹਰਾ

**■ ਕਿਹਾ: ਅਮਰੀਕੀ ਪ੍ਰਸ਼ਾਸਨ ਨੇ ਤੁਰੰਤ ਜੰਗਬੰਦੀ ਕਰਵਾਉਣ 'ਚ ਕੀਤੀ ਮਦਦ**

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ-ਪਾਕਿਸਤਾਨ ਤਣਾਅ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਨਹੀਂ ਹੁੰਦੀ, ਤਾਂ ਉਹ ਵਪਾਰ ਨਹੀਂ ਕਰਨਗੇ।

ਟਰੰਪ ਨੇ ਕਿਹਾ ਕਿ ਅਮਰੀਕਾ ਭਾਰਤ ਅਤੇ ਪਾਕਿਸਤਾਨ ਨੂੰ ਵਪਾਰ ਵਿਚ ਮਦਦ ਕਰਨ ਲਈ ਤਿਆਰ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਸਮਝੌਤਾ ਹੋਣ ਦੀ ਸੂਰਤ ਵਿਚ ਉਨ੍ਹਾਂ ਦੀ ਮਦਦ ਕਰਨ ਲਈ ਤਿਆਰ ਹੈ। ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਸਥਿਤੀ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕਰਨ ਦਾ ਸਿਹਰਾ ਆਪਣੇ ਪ੍ਰਸ਼ਾਸਨ ਨੂੰ ਦਿੱਤਾ ਹੈ।

"ਮੈਨੂੰ ਤੁਹਾਨੂੰ ਇਹ ਦੱਸਦੇ ਹੋਏ ਬਹੁਤ ਮਾਣ ਹੋ ਰਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੀ ਲੀਡਰਸ਼ਿਪ ਦ੍ਰਿੜ੍ਹ ਅਤੇ ਸ਼ਕਤੀਸ਼ਾਲੀ ਸੀ, ਪਰ ਦੋਵਾਂ ਮਾਮਲਿਆਂ ਵਿਚ ਅਡੋਲ, ਉਹ ਤਾਕਤ, ਬੁੱਧੀ ਅਤੇ ਸਬਰ ਦੇ ਦ੍ਰਿਸ਼ਟੀਕੋਣ ਤੋਂ ਸੱਚਮੁੱਚ ਅਡੋਲ ਸਨ, ਇਸ ਲਈ ਉਹ ਸਥਿਤੀ ਦੀ ਗੰਭੀਰਤਾ ਨੂੰ ਪੂਰੀ ਤਰ੍ਹਾਂ ਸਮਝ ਗਏ ਅਤੇ ਅਸੀਂ ਬਹੁਤ ਮਦਦ ਕੀਤੀ ਅਤੇ ਅਸੀਂ ਵਪਾਰ ਵਿਚ ਵੀ ਮਦਦ ਕੀਤੀ," ਟਰੰਪ ਨੇ ਕਿਹਾ।

ਟਰੰਪ ਨੇ ਅੱਗੇ ਕਿਹਾ, "ਆਓ, ਅਸੀਂ ਤੁਹਾਡੇ ਨਾਲ ਬਹੁਤ ਸਾਰਾ ਕਾਰੋਬਾਰ ਕਰਨ ਜਾ ਰਹੇ ਹਾਂ। ਚਲੋ ਇਸਨੂੰ ਰੋਕਦੇ ਹਾਂ। ਜੇ ਤੁਸੀਂ ਇਸਨੂੰ ਰੋਕਦੇ ਹੋ, ਤਾਂ ਅਸੀਂ ਕਾਰੋਬਾਰ ਕਰਾਂਗੇ। ਜੇ ਤੁਸੀਂ ਇਸਨੂੰ ਨਹੀਂ ਰੋਕਦੇ, ਤਾਂ ਅਸੀਂ ਕੋਈ ਕਾਰੋਬਾਰ ਨਹੀਂ ਕਰਨ ਜਾ ਰਹੇ। ਲੋਕਾਂ ਨੇ ਕਦੇ ਵੀ ਕਾਰੋਬਾਰ ਨੂੰ ਮੇਰੇ ਵਾਂਗ ਨਹੀਂ ਵਰਤਿਆ।" ਟਰੰਪ ਨੇ ਵ੍ਹਾਈਟ ਹਾਊਸ ਵਿਖੇ ਇੱਕ ਸਮਾਗਮ ਵਿਚ ਕਿਹਾ ਕਿ ਵਪਾਰ ਇੱਕ ਵੱਡਾ ਕਾਰਨ ਸੀ, ਜਿਸ ਕਰਕੇ ਉਨ੍ਹਾਂ ਨੇ ਕਥਿਤ "ਲੜਾਈ" ਰੱਦ ਕੀਤੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ, "ਸ਼ਨੀਵਾਰ ਨੂੰ ਮੇਰੇ ਪ੍ਰਸ਼ਾਸਨ ਨੇ ਤੁਰੰਤ ਜੰਗਬੰਦੀ ਕਰਵਾਉਣ ਵਿਚ ਮਦਦ ਕੀਤੀ, ਮੈਨੂੰ ਲੱਗਦਾ ਹੈ ਕਿ ਇਹ ਭਾਰਤ ਅਤੇ ਪਾਕਿਸਤਾਨ - ਬਹੁਤ ਸਾਰੇ ਪ੍ਰਮਾਣੂ ਹਥਿਆਰਾਂ ਵਾਲੇ ਦੇਸ਼ਾਂ ਵਿਚਕਾਰ ਇੱਕ ਸਥਾਈ ਜੰਗਬੰਦੀ ਹੋਵੇਗੀ।" 'ਅਸੀਂ ਭਾਰਤ ਨਾਲ ਗੱਲ ਕਰ ਰਹੇ ਹਾਂ ਅਤੇ ਪਾਕਿਸਤਾਨ ਨਾਲ ਵੀ ਗੱਲ ਕਰਾਂਗੇ'

"ਅਸੀਂ ਪਾਕਿਸਤਾਨ ਨਾਲ ਵਪਾਰ ਕਰਨ ਜਾ ਰਹੇ ਹਾਂ। ਅਸੀਂ ਭਾਰਤ ਨਾਲ ਬਹੁਤ ਵਪਾਰ ਕਰਨ ਜਾ ਰਹੇ ਹਾਂ। ਅਸੀਂ ਇਸ ਸਮੇਂ ਭਾਰਤ ਨਾਲ ਗੱਲਬਾਤ ਕਰ ਰਹੇ ਹਾਂ। ਅਸੀਂ ਬਹੁਤ ਜਲਦੀ ਪਾਕਿਸਤਾਨ ਨਾਲ ਗੱਲਬਾਤ ਕਰਨ ਜਾ ਰਹੇ ਹਾਂ," ਅਮਰੀਕੀ ਰਾਸ਼ਟਰਪਤੀ ਨੇ ਕਿਹਾ।

"ਅਸੀਂ ਇੱਕ ਪ੍ਰਮਾਣੂ ਟਕਰਾਅ ਨੂੰ ਰੋਕਿਆ। ਮੈਨੂੰ ਲੱਗਦਾ ਹੈ ਕਿ ਇਹ ਇੱਕ ਬੁਰਾ ਪ੍ਰਮਾਣੂ ਯੁੱਧ ਹੋ ਸਕਦਾ ਸੀ। ਲੱਖਾਂ ਲੋਕ ਮਰ ਸਕਦੇ ਸਨ। ਮੈਂ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਉਨ੍ਹਾਂ ਦੇ ਕੰਮ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ," ਅਮਰੀਕੀ ਰਾਸ਼ਟਰਪਤੀ ਨੇ ਕਿਹਾ।

# ਅਮਰੀਕਾ ਵੱਲੋਂ ਯੂ.ਏ.ਈ. ਨੂੰ 1.4 ਬਿਲੀਅਨ ਡਾਲਰ ਦੇ ਹਥਿਆਰ ਪੈਕੇਜ ਨੂੰ ਮਨਜ਼ੂਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਵਿਦੇਸ਼ ਵਿਭਾਗ ਨੇ ਸੋਮਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੱਧ ਪੂਰਬ ਦੌਰੇ ਦੀ ਸ਼ੁਰੂਆਤ ਦੇ ਮੱਦੇਨਜ਼ਰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੂੰ ਲਗਭਗ 1.4 ਬਿਲੀਅਨ ਡਾਲਰ ਦੇ ਹਥਿਆਰ ਵੇਚਣ ਨੂੰ ਮਨਜ਼ੂਰੀ ਦੇ ਦਿੱਤੀ। ਇਹ ਟਰੰਪ ਦਾ ਇਸ ਖੇਤਰ ਦਾ ਤੀਜਾ ਖਾੜੀ ਦੇਸ਼ ਦੌਰਾ ਹੈ।

ਪ੍ਰਵਾਨਗੀ ਅਨੁਸਾਰ, ਯੂ.ਏ.ਈ. 1.32 ਬਿਲੀਅਨ ਡਾਲਰ ਦੀ ਲਾਗਤ ਨਾਲ 6 ਸੀ.ਐੱਚ.-47ਐੱਫ. ਚਿਨੂਕ ਹੈਲੀਕਾਪਟਰ ਖਰੀਦੇਗਾ। ਇਸ ਤੋਂ ਇਲਾਵਾ ਯੂ.ਏ.ਈ. ਐੱਫ-16 ਲੜਾਕੂ ਜਹਾਜ਼ਾਂ ਦੇ ਪੁਰਜ਼ਿਆਂ ਅਤੇ ਹੋਰ ਰੱਖ-ਰਖਾਅ ਸੇਵਾਵਾਂ ਲਈ ਲਗਭਗ $130 ਮਿਲੀਅਨ ਖਰਚ ਕਰੇਗਾ। ਚਿਨੂਕ ਹੈਲੀਕਾਪਟਰ ਆਪਣੀ ਬਹੁਪੱਖੀਤਾ ਅਤੇ ਆਵਾਜਾਈ ਸਮਰੱਥਾ ਲਈ ਜਾਣੇ ਜਾਂਦੇ ਹਨ, ਜੋ ਯੂ.ਏ.ਈ. ਦੇ ਫੌਜੀ ਕਾਰਜਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣਗੇ।

ਵਿਦੇਸ਼ ਵਿਭਾਗ ਅਨੁਸਾਰ, ਇਹ ਵਿਕਰੀ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਉਦੇਸ਼ਾਂ ਨੂੰ ਅੱਗੇ ਵਧਾਏਗੀ। ਇਹ ਯੂ.ਏ.ਈ. ਦੀਆਂ ਰੱਖਿਆ ਸਮਰੱਥਾਵਾਂ ਨੂੰ ਵਧਾਉਣ ਵਿਚ ਵੀ ਮਦਦ ਕਰੇਗਾ। ਇਸ ਸਮਝੌਤੇ ਨਾਲ ਦੋਵਾਂ ਦੇਸ਼ਾਂ ਵਿਚਕਾਰ ਫੌਜੀ ਸਹਿਯੋਗ ਅਤੇ ਵਿਸ਼ਵਾਸ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ। ਇਹ ਹਥਿਆਰਾਂ ਦਾ ਪੈਕੇਜ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦਾ ਹਿੱਸਾ ਹੈ। ਯੂ.ਏ.ਈ., ਜੋ ਪਹਿਲਾਂ ਹੀ ਅਮਰੀਕੀ ਹਥਿਆਰਾਂ ਦਾ ਇੱਕ ਵੱਡਾ ਖਰੀਦਦਾਰ ਹੈ, ਇਸ ਸੌਦੇ ਰਾਹੀਂ ਆਪਣੀਆਂ ਫੌਜੀ ਸਮਰੱਥਾਵਾਂ ਨੂੰ ਹੋਰ ਵਧਾਏਗਾ।

ਰਾਸ਼ਟਰਪਤੀ ਟਰੰਪ ਦੇ ਮੱਧ ਪੂਰਬ ਦੌਰੇ ਦਾ ਉਦੇਸ਼ ਖੇਤਰੀ ਸਹਿਯੋਗੀਆਂ ਨਾਲ ਸਬੰਧਾਂ ਨੂੰ ਡੂੰਘਾ ਕਰਨਾ ਅਤੇ ਸੁਰੱਖਿਆ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਹੈ। ਯੂ.ਏ.ਈ. ਨਾਲ ਇਸ ਹਥਿਆਰ ਸਮਝੌਤੇ ਨੂੰ ਇਸ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

# ਪਾਰਸਲ ਘੁਟਾਲੇ 'ਚ ਗੁਜਰਾਤੀ-ਭਾਰਤੀ ਨੂੰ ਸੁਣਾਈ ਗਈ ਸਜ਼ਾ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਵਿਚ ਚੱਲ ਰਹੇ ਪਾਰਸਲ ਘੁਟਾਲੇ ਵਿਚ ਅਦਾਲਤ ਨੇ ਇੱਕ ਹੋਰ ਗੁਜਰਾਤੀ ਨੂੰ ਸਜ਼ਾ ਸੁਣਾਈ ਹੈ। ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਮੋਂਟਗੋਮਰੀ ਕਾਉਂਟੀ ਸਟੇਟ ਅਟਾਰਨੀ ਦਫ਼ਤਰ ਅਨੁਸਾਰ ਕਾਉਂਟੀ ਦੀ ਸਰਕਟ ਅਦਾਲਤ ਨੇ ਅਮਰੀਕਾ ਦੇ ਰਾਜ ਇਲੀਨੋਇਸ ਦੇ ਇਕ ਗੁਜਰਾਤੀ-ਭਾਰਤੀ ਨੀਲ ਪਟੇਲ ਨੂੰ ਡੇਢ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਉਸਨੂੰ ਪੰਜ ਸਾਲਾਂ ਲਈ ਨਿਗਰਾਨੀ ਅਧੀਨ ਪ੍ਰੋਬੇਸ਼ਨ ਅਧੀਨ ਰੱਖਿਆ ਜਾਵੇਗਾ।

ਮੈਰੀਲੈਂਡ ਦੇ ਜੱਜ ਸ਼ੈਰਨ ਬਰੇਲ ਵੱਲੋਂ ਦਿੱਤੇ ਗਏ ਹੁਕਮ ਅਨੁਸਾਰ ਨੀਲ ਪਟੇਲ ਨੂੰ ਆਪਣੇ ਵੱਲੋਂ ਕੀਤੀ ਗਈ ਧੋਖਾਧੜੀ ਲਈ ਪੀੜਤ ਨੂੰ 331,000 ਲੱਖ ਡਾਲਰ ਵੀ ਦੇਣੇ ਪੈਣਗੇ। ਇੱਥੇ ਦੱਸਣਯੋਗ ਹੈ ਕਿ ਲੰਘੀ 5 ਮਾਰਚ, 2024 ਨੂੰ, ਨੀਲ ਪਟੇਲ ਨੇ ਇੱਕ ਨਕਲੀ ਐੱਫ.ਬੀ.ਆਈ. ਏਜੰਟ ਵਜੋਂ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਮੋਂਟਗੋਮਰੀ ਵਿਚ ਰਹਿਣ ਵਾਲੀ ਇੱਕ ਬਜ਼ੁਰਗ ਔਰਤ ਤੋਂ ਸੋਨੇ ਦੀਆਂ ਛੜਾਂ ਇਕੱਠੀਆਂ ਕੀਤੀਆਂ। ਸਥਾਨਕ ਪੁਲਿਸ ਅਨੁਸਾਰ ਪੀੜਤਾ ਨੇ ਆਪਣੀ ਧੋਖਾਧੜੀ ਦੀ ਸ਼ਿਕਾਇਤ ਵਿਚ ਕਿਹਾ ਹੈ ਕਿ ਇੱਕ ਵਿਅਕਤੀ ਨੇ ਆਪਣੇ ਆਪ ਨੂੰ ਫੈਡਰਲ ਟਰੇਡ ਕਮਿਸ਼ਨ ਦੇ ਏਜੰਟ ਵਜੋਂ ਦੱਸਦੇ ਹੋਏ ਉਸ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਕਿਹਾ ਕਿ ਉਸਦੀ ਪਛਾਣ ਚੋਰੀ ਹੋ ਗਈ ਹੈ ਅਤੇ ਇਸ ਸਮੇਂ ਉਸਦੇ ਨਾਮ 'ਤੇ ਡਰੱਗ ਅਤੇ ਮਨੀ ਲਾਂਡਰਿੰਗ ਗਤੀਵਿਧੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੀੜਤਾ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਉਸਦੇ ਬੈਂਕ ਖਾਤੇ ਵਿਚ ਜਮ੍ਹਾ ਪੈਸੇ ਸੁਰੱਖਿਅਤ ਨਹੀਂ ਹਨ, ਇਸ ਲਈ ਉਸਨੂੰ ਤੁਰੰਤ ਸਾਰੇ ਪੈਸੇ ਕਢਵਾਉਣੇ ਪੈਣਗੇ ਅਤੇ ਸੋਨਾ ਖਰੀਦਣਾ ਪਵੇਗਾ। ਇਸਨੂੰ ਇੱਕ ਪਾਰਸਲ ਵਿਚ ਪੈਕ ਕਰਨਾ ਹੋਵੇਗਾ ਅਤੇ ਇਸਨੂੰ ਉਸਦੇ ਘਰ ਆਏ ਐੱਫ.ਬੀ.ਆਈ. ਏਜੰਟ ਨੂੰ ਸੌਂਪਣਾ ਹੋਵੇਗਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 37 ਅੰਗਹੀਣ ਵਿਅਕਤੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਬਿਨਾਂ ਕਿਸੇ ਤੋਂ ਪੈਸੇ ਲਿਆ ਮਾਨਵਤਾ ਦੀ ਭਲਾਈ ਲਈ ਸੈਂਕੜੇ ਕਾਰਜ ਜਾਰੀ ਹਨ। ਡਾਕਟਰ ਓਬਰਾਏ ਦੇ ਕਾਰਜਾਂ ਦੀ ਫਹਿਰਿਸਤ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਬਹੁਤ ਹੀ ਮੁਸ਼ਕਲ ਹੈ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 37 ਅੰਗਹੀਣ ਵਿਅਕਤੀਆਂ ਨੂੰ ਉਨ੍ਹਾਂ ਦੇ ਗੁਜ਼ਾਰੇ ਲਈ ਤੀਹ ਹਜ਼ਾਰ ਰੁਪਏ ਦੇ ਕਰੀਬ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਪਿਛਲੇ ਦਿਨੀਂ ਤਕਸੀਮ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ। ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਹਰ ਮਹੀਨੇ ਇਨ੍ਹਾਂ ਦੀਆਂ ਮੁਸਕਲਾਂ ਨੂੰ ਸਮਝਦੇ ਹੋਏ ਸਹਾਇਤਾ ਰਾਸ਼ੀ ਭੇਜੀ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਸਾਨੂੰ ਮਾਣ ਹੈ ਕਿ ਡਾਕਟਰ ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਬਹੁਤ ਸਾਰੇ ਕਾਰਜ (ਮੈਡੀਕਲ ਸਹਾਇਤਾ, ਸਿੱਖਿਆ ਸਹਾਇਤਾ, ਬੇਰੁਜ਼ਗਾਰਾਂ ਲਈ ਮੁਫ਼ਤ ਸਿਖਲਾਈ ਸੈਂਟਰ) ਜਾਰੀ ਹਨ। ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਗੁਰਜੀਤ ਸਿੰਘ ਜੀਤਾ, ਜਤਿੰਦਰ ਸਿੰਘ ਕੈਂਥ, ਸੁਖਬੀਰ ਸਿੰਘ ਜੈਲਦਾਰ, ਬੀਬੀ ਪਰਮਜੀਤ ਕੌਰ ਬਰਾੜ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

## ਪੰਜਾਬ ਸਰਕਾਰ ਮਜੀਠੀਆ ਦੀ ਸੁਰੱਖਿਆ ਨੂੰ ਅਗਲੀ ਸੁਣਵਾਈ ਤੱਕ ਯਕੀਨੀ ਬਣਾਵੇ : ਹਾਈ ਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-**ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਆਪਣੀ ਸੁਰੱਖਿਆ 'ਚ ਕਟੌਤੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੋਮਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਇਸ ਮਾਮਲੇ ਦੀ ਸੁਣਵਾਈ ਜਸਟਿਸ ਕੁਲਦੀਪ ਤਿਵਾੜੀ ਦੀ ਸਿੰਗਲ ਬੈਂਚ ਵੱਲੋਂ ਕੀਤੀ ਗਈ। ਸੁਣਵਾਈ ਦੌਰਾਨ, ਪੰਜਾਬ ਦੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਸੁਰੱਖਿਆ) ਵੱਲੋਂ ਅਦਾਲਤ ਵਿਚ ਇਕ ਹਲਫ਼ਨਾਮਾ ਦਾਇਰ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਕਿ ਪਟੀਸ਼ਨਕਰਤਾ ਨੂੰ ਕੋਈ ਖਾਸ ਖ਼ਤਰਾ ਨਹੀਂ ਹੈ ਪਰ ਉਸ ਨੂੰ ਇਕ ਆਮ ਖ਼ਤਰਾ ਜ਼ਰੂਰ ਹੈ। ਸੂਬਾ ਸਰਕਾਰ ਦੇ ਇਸ ਹਲਫ਼ਨਾਮੇ ਦੇ ਜਵਾਬ ਵਿਚ ਅਦਾਲਤ ਨੇ ਕੇਂਦਰ ਸਰਕਾਰ ਦੇ ਵਕੀਲ ਨੂੰ ਸੂਬਾ ਸਰਕਾਰ ਦੁਆਰਾ ਦਾਇਰ ਕੀਤੇ ਗਏ ਹਲਫ਼ਨਾਮੇ 'ਤੇ ਆਪਣਾ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ। ਅਦਾਲਤ ਨੇ ਇਹ ਵੀ ਸਪੱਸ਼ਟ ਨਿਰਦੇਸ਼ ਦਿੱਤੇ ਕਿ ਸੂਬਾ ਸਰਕਾਰ ਅਗਲੀ ਸੁਣਵਾਈ ਤੱਕ ਪਟੀਸ਼ਨਕਰਤਾ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ। ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਦੀ 19 ਮਈ ਨਿਰਧਾਰਿਤ ਕੀਤੀ ਹੈ। ਉਦੋਂ ਤੱਕ ਬਿਕਰਮ ਸਿੰਘ ਮਜੀਠੀਆ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਹੁਕਮ ਲਾਗੂ ਰਹੇਗਾ।

## '84 ਸਿੱਖ ਵਿਰੋਧੀ ਦੰਗੇ : ਗੁੜਗਾਉਂ ਤੇ ਪਟੌਦੀ 'ਚ ਸਿੱਖ ਕਤਲੇਆਮ ਸਬੰਧੀ ਹਾਈ ਕੋਰਟ 'ਚ ਅਗਲੀ ਸੁਣਵਾਈ 5 ਅਗਸਤ ਨੂੰ

**ਨਿਹਾਲ ਸਿੰਘ ਵਾਲਾ, (ਪੰਜਾਬ ਮੇਲ)-** ਹਰਿਆਣੇ ਦੇ ਸ਼ਹਿਰ ਗੁੜਗਾਉਂ (ਗੁਰੂਗ੍ਰਾਮ) ਤੇ ਪਟੌਦੀ ਵਿਖੇ ਵਹਿਸ਼ੀਆਨਾ ਭੀੜ ਵੱਲੋਂ 297 ਘਰਾਂ ਨੂੰ ਅੱਗ ਲਗਾ ਕੇ ਸਾੜਨ ਤੇ 47 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਅਗਲੀ ਸੁਣਵਾਈ 5 ਅਗਸਤ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਖੇ ਹੋਵੇਗੀ।

ਗ਼ੌਰਤਲਬ ਹੈ ਕਿ ਹੋਂਦ ਚਿੱਲੜ ਵਿਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਹੁਣ ਗੁੜਗਾਉਂ ਅਤੇ ਪਟੌਦੀ 'ਚ ਹੋਏ 47 ਸਿੱਖਾਂ ਦੇ ਕਤਲੇਆਮ ਤੇ ਹੋਰ ਪੀੜਤਾਂ ਦੇ ਮਾਮਲਿਆਂ ਵਿਚ ਨਿਆਂ ਤੇ ਇਨਸਾਫ਼ ਦਿਵਾਉਣ ਲਈ ਵੀ ਕਾਨੂੰਨੀ ਚਾਰਾਜੋਈ ਜਾਰੀ ਹੈ।

ਇਸ ਚਾਰਾਜੋਈ ਦੀ ਅਗਵਾਈ ਕਰ ਰਹੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਰਿੱਟ ਨੰਬਰ 10904 ਰਾਹੀਂ ਮੌਕੇ ਦੇ ਗਵਾਹ ਤੇ ਪੀੜਤ ਸੰਤੋਖ ਸਿੰਘ ਸਾਹਨੀ ਅਤੇ ਹਾਈ ਕੋਰਟ ਦੇ ਸੀਨੀਅਰ ਵਕੀਲ ਗਗਨਦੀਪ ਸਿੰਘ ਬੱਲ ਰਾਹੀਂ ਕੋਰਟ ਵਿਚ 133 ਪਟੀਸ਼ਨਾਂ ਲਾਈਆਂ ਗਈਆਂ ਸਨ।

**■ ਅਦਾਲਤ ਨੇ ਦੋ ਸਰਕਾਰੀ ਧਿਰਾਂ ਨੂੰ ਕੀਤਾ ਦਸ-ਦਸ ਹਜ਼ਾਰ ਦਾ ਜ਼ੁਰਮਾਨਾ; ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾ ਕੇ ਰਹਾਂਗੇ: ਭਾਈ ਘੋਲੀਆ**

ਹਾਈ ਕੋਰਟ ਦੇ ਹੁਕਮਾਂ 'ਤੇ 9 ਸਰਕਾਰੀ ਧਿਰਾਂ ਨੂੰ ਇਸ ਕੇਸ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ। ਹਾਈ ਕੋਰਟ ਦੇ ਜਸਟਿਸ ਕੁਲਦੀਪ ਤਿਵਾੜੀ ਨੇ ਦੋ ਸਰਕਾਰੀ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਜਾਣਬੁੱਝ ਕਿ ਨੋਟਿਸ ਦਾ ਜਵਾਬ ਨਾ ਦੇਣ 'ਤੇ ਸਖਤ ਕਾਰਵਾਈ ਕਰਦਿਆਂ ਉਨ੍ਹਾਂ ਧਿਰਾਂ ਨੂੰ ਦਸ-ਦਸ ਹਜ਼ਾਰ ਰੁਪਏ ਜੁਰਮਾਨੇ ਕੀਤੇ ਅਤੇ ਅਗਲੀ 5 ਅਗਸਤ ਨੂੰ ਪੇਸ਼ੀ 'ਤੇ ਜਵਾਬ ਦੇਣ ਦਾ ਹੁਕਮ ਦਿੱਤਾ ਹੈ।

ਭਾਈ ਘੋਲੀਆ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਸਜ਼ਾ ਮਿਲਣ ਤੋਂ ਬਾਅਦ ਪੀੜਤ ਪਰਿਵਾਰਾਂ ਨੂੰ ਪੰਜਾਬ ਹਰਿਆਣਾ ਹਾਈਕੋਰਟ ਅਤੇ ਲੋਕਤੰਤਰ ਦੀ ਨਿਆਂ ਪ੍ਰਣਾਲੀ 'ਤੇ ਆਸ ਬੱਝੀ ਹੈ।

ਇਸ ਮੌਕੇ ਉਨ੍ਹਾਂ ਨਾਲ ਪੀੜਤ ਗੁਰਜੀਤ ਸਿੰਘ ਪਟੌਦੀ, ਕਰਨੈਲ ਸਿੰਘ ਕੁਰੂਕਸ਼ੇਤਰ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਗੁਰਦਿਆਲ ਸਿੰਘ ਅੰਮ੍ਰਿਤਸਰ ਆਦਿ ਵੀ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year
Special
Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

## ਭਾਰਤ-ਪਾਕਿ ਵਿਚਾਲੇ ਸੀਜ਼ਫਾਇਰ ਤੋਂ ਬਾਅਦ ਪੰਜਾਬ ਪੁਲਿਸ ਵੱਲੋਂ ਸਾਈਬਰ ਅਟੈਕ ਸੰਬੰਧੀ ਅਲਰਟ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤ-ਪਾਕਿਸਤਾਨ ਵਿਚਾਲੇ ਬਣੇ ਜੰਗ ਦੇ ਮਾਹੌਲ ਤੋਂ ਬਾਅਦ ਭਾਵੇਂ ਸੀਜ਼ਫਾਇਰ ਹੋ ਗਿਆ ਹੈ ਅਤੇ ਦੋਵਾਂ ਦੇਸ਼ਾਂ ਨੇ ਗੋਲੀਬਾਰੀ ਅਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਹੈ ਪਰ ਹੁਣ ਪੰਜਾਬ ਪੁਲਿਸ ਨੇ ਅਲਰਟ ਜਾਰੀ ਕੀਤਾ ਹੈ। ਇਹ ਅਲਰਟ ਸਾਈਬਰ ਅਟੈਕ ਨੂੰ ਲੈ ਕੇ ਕੀਤਾ ਗਿਆ ਹੈ। ਦਰਅਸਲ ਪੰਜਾਬ ਪੁਲਸ ਨੇ ਟਵਿੱਟਰ 'ਤੇ ਕਿਹਾ ਹੈ ਕਿ 'ਸਾਈਬਰ ਅਲਰਟ: ਪਾਕਿਸਤਾਨ ਆਧਾਰਿਤ ਮਾਲਵੇਅਰ ਖ਼ਤਰਾ'। "Dance of the Hillary" ਨਾਂ ਵਾਲਾ ਇਕ ਖ਼ਤਰਨਾਕ ਮਾਲਵੇਅਰ ਪਾਕਿਸਤਾਨ ਆਧਾਰਤ ਹੈਕਰਾਂ ਵੱਲੋਂ ਭਾਰਤੀ ਯੂਜ਼ਰਾਂ ਨੂੰ ਵਟਸਐਪ, ਫੇਸਬੁੱਕ ਅਤੇ ਈ-ਮੇਲ ਰਾਹੀਂ ਭੇਜਿਆ ਜਾ ਰਿਹਾ ਹੈ। ਪੰਜਾਬ ਪੁਲਿਸ ਨੇ ਚਿਤਾਵਨੀ ਦਿੰਦਿਆਂ ਆਖਿਆ ਹੈ ਕਿ

# ਜੰਗਬੰਦੀ ਮਗਰੋਂ ਅੰਮ੍ਰਿਤਸਰ ਦਾ ਕੌਮਾਂਤਰੀ ਹਵਾਈ ਅੱਡਾ ਮੁੜ ਚਾਲੂ

**ਅੰਮ੍ਰਿਤਸਰ, (ਪੰਜਾਬ ਮੇਲ)-** ਭਾਰਤ ਪਾਕਿਸਤਾਨ ਵਿਚਾਲੇ ਹੋਈ ਜੰਗ ਦੌਰਾਨ ਬੰਦ ਕੀਤਾ ਗਿਆ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਉਡਾਣਾਂ ਲਈ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦਾ ਖੁਲਾਸਾ ਏਅਰਪੋਰਟ ਅਥਾਰਿਟੀ ਆਫ ਇੰਡੀਆ ਵੱਲੋਂ ਕੀਤਾ ਗਿਆ ਹੈ। ਇਸ ਸਬੰਧ ਵਿਚ ਜਾਰੀ ਕੀਤੀ ਇੱਕ ਸੂਚਨਾ ਵਿਚ ਏਅਰਪੋਰਟ ਅਥਾਰਿਟੀ ਆਫ ਇੰਡੀਆ ਨੇ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੀ ਜੰਗ ਦੌਰਾਨ 32 ਹਵਾਈ ਅੱਡਿਆਂ ਨੂੰ 15 ਮਈ ਤੱਕ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਹੁਣ ਜੰਗਬੰਦੀ ਤੋਂ ਬਾਅਦ



ਸ਼ੁਰੂ ਕੀਤਾ ਜਾ ਰਿਹਾ ਹੈ। ਹਵਾਈ ਅੱਡਾ ਪ੍ਰਬੰਧਕਾਂ ਨੇ ਦੱਸਿਆ ਕਿ ਹਵਾਈ ਕੰਪਨੀ ਇੰਡੀਗੋ ਵੱਲੋਂ ਅੰਮ੍ਰਿਤਸਰ ਦਿੱਲੀ ਅਤੇ ਦਿੱਲੀ ਅੰਮ੍ਰਿਤਸਰ ਵਿਚਾਲੇ ਹਵਾਈ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ।

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।
ਵਟਸਐੱਪ ਨੰਬਰ : (706) 206-2516

845

## ਟੀ.ਆਰ.ਐੱਫ. ਮੁਖੀ ਸ਼ੇਖ ਸੱਜਾਦ ਗੁਲ ਸੀ ਪਹਿਲਗਾਮ ਅੱਤਵਾਦੀ ਹਮਲੇ ਦਾ 'ਮਾਸਟਰਮਾਈਂਡ'



**ਨਵੀਂ ਦਿੱਲੀ, (ਪੰਜਾਬ ਮੇਲ)-** ਅਧਿਕਾਰੀਆਂ ਨੇ ਕਿਹਾ ਕਿ 50 ਸਾਲਾ ਕਸ਼ਮੀਰੀ ਅਤੇ ਲਸ਼ਕਰ-ਏ-ਤੋਇਬਾ ਦੇ ਪ੍ਰਾਕਸੀ ਦਿ ਰੈਜ਼ਿਸਟੈਂਸ ਫਰੰਟ (ਟੀ.ਆਰ.ਐੱਫ.) ਦਾ ਮੁਖੀ ਸ਼ੇਖ ਸੱਜਾਦ ਗੁਲ, ਪਹਿਲਗਾਮ ਅੱਤਵਾਦੀ ਹਮਲੇ ਦਾ ਮਾਸਟਰਮਾਈਂਡ ਵਜੋਂ ਪਛਾਣਿਆ ਗਿਆ ਹੈ। ਲਸ਼ਕਰ-ਏ-ਤੋਇਬਾ ਦੀ ਸਰਪ੍ਰਸਤੀ ਹੇਠ ਪਾਕਿਸਤਾਨ ਦੇ ਰਾਵਲਪਿੰਡੀ ਦੇ ਛਾਉਣੀ ਸ਼ਹਿਰ 'ਚ ਲੁਕਿਆ ਹੋਇਆ, ਗੁਲ, ਜੋ ਕਿ ਸੱਜਾਦ ਅਹਿਮਦ ਸ਼ੇਖ ਦੇ ਉਪਨਾਮ ਨਾਲ ਵੀ ਜਾਣਿਆ ਜਾਂਦਾ ਹੈ, ਕਈ ਅੱਤਵਾਦੀ ਹਮਲਿਆਂ ਦਾ ਯੋਜਨਾਕਾਰ ਰਿਹਾ ਹੈ। ਐੱਨ.ਆਈ.ਏ. ਨੇ ਅਪ੍ਰੈਲ 2022 'ਚ ਉਸ ਨੂੰ ਇਕ ਅੱਤਵਾਦੀ ਨਾਮਜ਼ਦ ਕੀਤਾ ਸੀ ਅਤੇ ਉਸਦੇ ਸਿਰ 'ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਸੀ।

# ਨਾਭਾ ਜੇਲ੍ਹ ਬਰੇਕ: ਐੱਨ.ਆਈ.ਏ. ਵੱਲੋਂ 9 ਸਾਲ ਪਹਿਲਾਂ ਫਰਾਰ ਹੋਇਆ ਕਸ਼ਮੀਰ ਸਿੰਘ ਗ੍ਰਿਫ਼ਤਾਰ

**■ ਐੱਨ.ਆਈ.ਏ. ਨੇ ਨੇਪਾਲ ਸਰਹੱਦ ਕੋਲੋਂ ਕੀਤਾ ਕਾਬੂ**

**ਨਾਭਾ, (ਪੰਜਾਬ ਮੇਲ)-** ਨਾਭਾ ਜੇਲ੍ਹ ਬਰੇਕ 2016 ਦੌਰਾਨ ਫਰਾਰ ਹੋਇਆ ਖਾਲਿਸਤਾਨ ਲਿਬਰੇਸ਼ਨ ਫੈਡਰੇਸ਼ਨ ਦਾ ਆਗੂ ਕਸ਼ਮੀਰ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨਾਭਾ ਦੇ ਡੀ.ਐੱਸ.ਪੀ. ਮਨਦੀਪ ਕੌਰ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਕਸ਼ਮੀਰ ਸਿੰਘ ਨੂੰ ਐੱਨ.ਆਈ.ਏ. ਨੇ ਨੇਪਾਲ ਬਾਰਡਰ ਕੋਲੋਂ ਫੜਿਆ ਹੈ। ਕਸ਼ਮੀਰ ਸਿੰਘ ਵੱਖ-ਵੱਖ ਇਲਾਕਿਆਂ ਵਿਚ ਕਈ ਕੇਸਾਂ ਵਿਚ ਲੋੜੀਂਦਾ ਸੀ ਤੇ ਉਸ ਨੂੰ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਨਾਭਾ ਵੀ ਲਿਆਂਦਾ ਜਾਵੇਗਾ। ਜਾਣਕਾਰੀ ਅਨੁਸਾਰ 2023 ਵਿਚ ਐੱਨ.ਆਈ.ਏ. ਨੇ ਕਸ਼ਮੀਰ ਸਿੰਘ ਦੀ ਸੂਹ ਦੇਣ ਵਾਲੇ ਨੂੰ 10 ਲੱਖ ਦੇ ਇਨਾਮ ਦੀ ਘੋਸ਼ਣਾ ਵੀ ਕੀਤੀ ਸੀ। 2022 ਵਿਚ ਮੁਹਾਲੀ ਪੁਲਿਸ ਹੈਡਕੁਆਰਟਰ ਉੱਪਰ ਹੋਏ ਗ੍ਰਨੇਡ ਹਮਲੇ ਦੇ ਦੋਸ਼ੀਆਂ ਦੀ ਮਦਦ ਕਰਨ ਵਾਲਿਆਂ ਵਿਚ ਵੀ ਕਸ਼ਮੀਰ ਸਿੰਘ ਦਾ ਨਾਮ ਦੱਸਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ 2016 ਵਿਚ ਲਗਪਗ ਦੋ ਦਰਜਨ ਜਣਿਆਂ ਵਲੋਂ ਨਾਭਾ ਜੇਲ੍ਹ ਉੱਪਰ ਹਮਲਾ ਕਰਕੇ 6 ਕੈਦੀ ਛੁਡਵਾ ਲਏ ਗਏ ਸਨ, ਜਿਨ੍ਹਾਂ ਵਿਚ ਚਾਰ ਗੈਂਗਸਟਰ ਤੇ ਕਸ਼ਮੀਰ ਸਿੰਘ ਸਮੇਤ ਦੋ ਕੇ.ਐੱਲ.ਐੱਫ. ਆਗੂ ਸ਼ਾਮਲ ਸਨ। ਬਾਕੀ ਪੰਜ ਫਰਾਰ ਕੈਦੀਆਂ ਵਿਚੋਂ ਚਾਰ ਪੁਲਿਸ ਨੇ ਮੁੜ ਗ੍ਰਿਫਤਾਰ ਕਰ ਲਏ ਸਨ ਤੇ ਇੱਕ ਗੈਂਗਸਟਰ ਵਿੱਕੀ ਗੌਂਡਰ ਦੀ ਐਨਕਾਊਂਟਰ ਵਿਚ ਮੌਤ ਹੋ ਗਈ ਸੀ। ਦੂਜਾ ਕੇ.ਐੱਲ.ਐੱਫ. ਆਗੂ ਹਰਮਿੰਦਰ ਸਿੰਘ ਮਿੰਟੂ ਦੀ ਜੇਲ੍ਹ ਵਿਚ ਮੌਤ ਹੋ ਗਈ ਸੀ ਤੇ ਕਸ਼ਮੀਰ ਸਿੰਘ ਦੀ 2016 ਤੋਂ ਭਾਲ ਜਾਰੀ ਸੀ। ਹਾਲਾਂਕਿ ਜੇਲ ਬ੍ਰੇਕ ਮਾਮਲੇ ਵਿਚ ਦੋ ਜੇਲ੍ਹ ਅਧਿਕਾਰੀਆਂ ਅਤੇ 3 ਫਰਾਰ ਕੈਦੀਆਂ ਸਮੇਤ 22 ਨੂੰ ਅਦਾਲਤ ਵੱਲੋਂ ਸਜ਼ਾ ਸੁਣਾਈ ਜਾ ਚੁੱਕੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਰਾਜਪਾਲ ਦੇ ਨਾਂ ਮੰਗ-ਪੱਤਰ

**ਅੰਮ੍ਰਿਤਸਰ, (ਪੰਜਾਬ ਮੇਲ)-** ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਤੀਜੀ ਵਾਰ ਐੱਨ.ਐੱਸ.ਏ. ਲਾਏ ਜਾਣ ਦੇ ਰੋਸ ਵਜੋਂ ਬੁੱਧਵਾਰ ਇਥੇ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਵੱਲੋਂ ਡੀ.ਸੀ. ਦਫਤਰ ਤੱਕ ਰੋਸ ਮਾਰਚ ਕੀਤਾ ਗਿਆ ਅਤੇ ਇਸ ਸਬੰਧੀ ਪੰਜਾਬ ਦੇ ਰਾਜਪਾਲ ਨੂੰ ਮੰਗ-ਪੱਤਰ ਭੇਜਿਆ ਗਿਆ। ਮਾਰਚ ਵਿਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ, ਲੋਕ ਸਭਾ ਮੈਂਬਰ ਸਰਬਜੀਤ ਸਿੰਘ, ਅਮਰਜੀਤ ਸਿੰਘ ਵਨਚਿੜੀ, ਹਰਭਜਨ ਸਿੰਘ, ਸੁਰਜੀਤ ਸਿੰਘ, ਚਰਨਜੀਤ ਸਿੰਘ ਭਿੰਡਰ, ਸੰਦੀਪ ਸਿੰਘ, ਹਰਪ੍ਰੀਤ ਸਿੰਘ, ਕਾਬਲ ਸਿੰਘ, ਬਲਜੀਤ ਸਿੰਘ ਖਾਲਸਾ, ਹਰਸਿਮਰਨ ਸਿੰਘ, ਬਾਬੂ ਸਿੰਘ ਬਰਾੜ ,ਐਡਵੋਕੇਟ ਇਮਾਨ ਸਿੰਘ ਖਾਰਾ, ਪ੍ਰਗਟ ਸਿੰਘ, ਸੁਖਚੈਨ ਸਿੰਘ ਸ਼ਾਮਲ ਸਨ।




**ਅੰਮ੍ਰਿਤਸਰ 'ਚ ਮਾਰਚ ਦੌਰਾਨ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਹੋਰ।**

ਜਥੇਬੰਦੀ ਦੇ ਕਾਰਕੁਨ ਪਹਿਲਾਂ ਰਣਜੀਤ ਐਵੇਨਿਊ 'ਚ ਇਕੱਠੇ ਹੋਏ, ਜਿੱਥੋਂ ਡੀ. ਸੀ. ਦਫਤਰ ਤੱਕ ਰੋਸ ਮਾਰਚ ਕੀਤਾ। ਮਾਰਚ ਦੌਰਾਨ ਕਾਰਕੁਨਾਂ ਨੇ ਹੱਥਾਂ 'ਚ ਤਖਤੀਆਂ ਚੁੱਕੀਆਂ ਹੋਈਆਂ ਸਨ। ਇਨ੍ਹਾਂ 'ਤੇ 'ਐੱਨ.ਐੱਸ.ਏ. ਰੱਦ ਕਰੋ', 'ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰੋ' ਅਤੇ ਹੋਰ ਸਰਕਾਰ ਵਿਰੋਧੀ ਨਾਅਰੇ ਲਿਖੇ ਹੋਏ ਸਨ। ਡੀ.ਸੀ. ਦਫ਼ਤਰ ਪਹੁੰਚ ਕੇ ਧਰਨਾਕਾਰੀਆਂ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਾਂ 'ਤੇ ਮੰਗ-ਪੱਤਰ ਸੌਂਪਿਆ। ਇਸ ਦੌਰਾਨ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਮੰਗ-ਪੱਤਰ ਰਾਹੀਂ ਅੰਮ੍ਰਿਤਪਾਲ ਸਿੰਘ ਦੇ ਖ਼ਿਲਾਫ਼ ਤੀਜੀ ਵਾਰ ਲਾਇਆ ਐੱਨ.ਐੱਸ.ਏ. ਰੱਦ ਕਰਨ ਅਤੇ ਉਸ ਦੇ ਨਾਲ ਹੋਰ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਆਦਿ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਮੰਗਾਂ ਨਾ ਮੰਨਣ 'ਤੇ ਜਥੇਬੰਦੀ ਵੱਲੋਂ ਸੰਘਰਸ਼ ਨੂੰ ਅੱਗੇ ਵਧਾਉਣ ਲਈ ਰੂਪਰੇਖਾ ਉਲੀਕੀ ਜਾਵੇਗੀ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਸੰਵਿਧਾਨਿਕ ਜ਼ਿੰਮੇਵਾਰੀ ਸਮਝਦਿਆਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ।

# ਰਾਜੋਆਣਾ ਮਸਲੇ 'ਤੇ ਧਾਮੀ ਦੀ ਅਗਵਾਈ ਹੇਠਾਂ ਵਿਦਵਾਨਾਂ ਤੇ ਆਗੂਆਂ ਦੀ ਮੀਟਿੰਗ



ਪਟਿਆਲਾ, (ਪੰਜਾਬ ਮੇਲ)- ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਕਈ ਸਾਲਾਂ ਤੋਂ ਕੇਂਦਰ ਕੋਲ ਬਕਾਇਆ ਪਈ ਰਹਿਮ ਦੀ ਪਟੀਸ਼ਨ ਦੇ ਮਾਮਲੇ 'ਤੇ ਵਿਚਾਰ ਚਰਚਾ ਕਰਨ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਵਿਦਵਾਨਾਂ ਦੀ ਮੀਟਿੰਗ ਪਟਿਆਲਾ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠਾਂ ਹੋਈ।

ਇਸ ਦੌਰਾਨ ਮਾਮਲੇ ਉਤੇ ਡੂੰਘੀ ਵਿਚਾਰ ਚਰਚਾ ਕੀਤੀ ਗਈ। ਇਸ ਮਗਰੋਂ ਸ੍ਰੀ ਧਾਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੀਟਿੰਗਾਂ ਦਾ ਦੌਰ ਅਜੇ ਜਾਰੀ ਹੈ ਤੇ ਹੋਰ ਵਿਦਵਾਨਾਂ ਅਤੇ ਹੋਰ ਸਬੰਧਤ ਧਿਰਾਂ ਦੀ ਰਾਇ ਲੈ ਕੇ ਫਿਰ ਕੋਈ ਅੰਤਮ ਫੈਸਲਾ ਲਿਆ ਜਾਵੇਗਾ।

ਇਸ ਮੀਟਿੰਗ 'ਚ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਸਿੰਘ ਗੜ੍ਹੀ, ਗੁਰਚਰਨ ਸਿੰਘ ਗਰੇਵਾਲ, ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਜਸਮੇਰ ਸਿੰਘ ਲਾਛੜੂ ਸਮੇਤ ਵੱਖ-ਵੱਖ ਵਿਦਵਾਨ ਜਿਵੇਂ ਹਰਦਿੱਤ ਸਿੰਘ, ਡਾ. ਬਲਕਾਰ ਸਿੰਘ, ਡਾ. ਕੇਹਰ ਸਿੰਘ, ਪਰਮਵੀਰ ਸਿੰਘ ਅਤੇ ਜਸਵਿੰਦਰ ਸਿੰਘ ਖੁਣ ਖੁਣ ਕਲਾਂ ਆਦਿ ਸ਼ਾਮਲ ਸਨ।

# ਪੰਜਾਬ ਸਰਕਾਰ ਵੱਲੋਂ ਪਾਣੀ ਦੇ ਮੁੱਦੇ 'ਤੇ ਸੁਪਰੀਮ ਕੋਰਟ 'ਚ ਸਮੀਖਿਆ ਪਟੀਸ਼ਨ ਦਾਇਰ

**ਚੰਡੀਗੜ੍ਹ, (ਪੰਜਾਬ ਮੇਲ)-** ਭਾਖੜਾ ਨਹਿਰੀ ਪਾਣੀ ਦੀ ਵੰਡ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਵਿਚਕਾਰ ਚੱਲ ਰਹੇ ਵਿਵਾਦ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਪੰਜਾਬ ਸਰਕਾਰ ਨੇ 6 ਮਈ ਦੇ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਵਿਚ ਸਮੀਖਿਆ ਪਟੀਸ਼ਨ ਦਾਇਰ ਕਰ ਦਿੱਤੀ। ਸਰਕਾਰ ਨੇ ਇਸ ਹੁਕਮ ਨੂੰ 'ਗ਼ਲਤ' ਕਰਾਰ ਦਿੱਤਾ ਅਤੇ ਦੋਸ਼ ਲਗਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ. ਬੀ. ਐੱਮ.ਬੀ.) ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਲਈ 'ਗੈਰ-ਕਾਨੂੰਨੀ' ਕੋਸ਼ਿਸ਼ਾਂ ਕਰ ਰਿਹਾ ਹੈ।

ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ 2 ਮਈ ਨੂੰ ਹੋਈ ਮੀਟਿੰਗ ਨੂੰ 'ਗ਼ਲਤ' ਢੰਗ ਨਾਲ ਰਸਮੀ ਦੱਸ ਕੇ ਅਦਾਲਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਉਸ ਮੀਟਿੰਗ ਦੇ ਕੋਈ ਅਧਿਕਾਰਤ ਮਿੰਟ ਜਾਰੀ ਨਹੀਂ ਕੀਤੇ ਗਏ, ਸਿਰਫ਼ ਇਕ ਪ੍ਰੈੱਸ ਨੋਟ ਭੇਜਿਆ ਗਿਆ ਸੀ, ਜਿਸ ਨੂੰ ਫ਼ੈਸਲੇ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਕੋਈ ਸਪੱਸ਼ਟ ਫ਼ੈਸਲਾ ਨਹੀਂ ਲਿਆ ਗਿਆ ਸੀ ਤਾਂ ਬੀ.ਬੀ.ਐੱਮ.ਬੀ. ਨੂੰ ਹੁਕਮ ਲਾਗੂ ਕਰਨ ਦਾ ਅਧਿਕਾਰ ਕਿਵੇਂ ਮਿਲਿਆ? ਪ੍ਰਕਿਰਿਆ ਪੂਰੀ ਕੀਤੇ ਬਿਨਾਂ ਬੀ.ਬੀ.ਐੱਮ.ਬੀ. ਨੇ ਆਪਣੇ ਆਪ ਫ਼ੈਸਲਾ ਲੈਣ ਦੀ ਕੋਸ਼ਿਸ਼ ਕੀਤੀ, ਜੋ ਕਿ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ।

# ਹੋਂਦ ਚਿੱਲੜ ਸਿੱਖ ਕਤਲੇਆਮ : ਹਾਈ ਕੋਰਟ 'ਚ 5 ਅਗਸਤ ਨੂੰ ਹੋਵੇਗੀ ਅਗਲੀ ਪੇਸ਼ੀ

ਚੰਡੀਗੜ੍ਹ, (ਪੰਜਾਬ ਮੇਲ)- ਹਰਿਆਣਾ ਦੇ ਗੁਰੂਗ੍ਰਾਮ ਤੇ ਪਟੌਦੀ ਵਿਚ ਭੀੜ ਵੱਲੋਂ 297 ਘਰਾਂ ਨੂੰ ਅੱਗ ਲਗਾ ਕੇ ਸਾੜਨ ਅਤੇ 47 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਅਗਲੀ ਪੇਸ਼ੀ 5 ਅਗਸਤ ਨੂੰ ਹਾਈ ਕੋਰਟ ਵਿਚ ਹੋਵੇਗੀ। ਹੋਂਦ ਚਿੱਲੜ ਵਿਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਹੁਣ ਗੁਰੂਗ੍ਰਾਮ ਤੇ ਪਟੌਦੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਤੇ ਹੋਰ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕਾਨੂੰਨੀ ਚਾਰਾਜੋਈ ਕਰ ਰਹੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ 9 ਸਰਕਾਰੀ ਧਿਰਾਂ ਨੂੰ ਇਸ ਕੇਸ ਸਬੰਧੀ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ ਗਏ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਯੂ.ਕੇ. ਵੱਲੋਂ ਇਮੀਗ੍ਰੇਸ਼ਨ ਨਿਯਮਾਂ ’ਚ ਸਖ਼ਤੀ

**ਲੰਡਨ, (ਪੰਜਾਬ ਮੇਲ)-** ਯੂ.ਕੇ ਜਾਣ ਦੇ ਚਾਹਵਾਨ ਅਤੇ ਉੱਥੇ ਵਸਣ ਦਾ ਸੁਪਨਾ ਦੇਖਣ ਵਾਲੇ ਭਾਰਤੀਆਂ ਨੂੰ ਵੱਡਾ ਝਟਕਾ ਲੱਗਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੋਮਵਾਰ ਨੂੰ ਨਵੇਂ ਸਖ਼ਤ ਨੀਤੀਗਤ ਉਪਾਵਾਂ ਦਾ ਐਲਾਨ ਕੀਤਾ, ਜਿਸ ਵਿਚ ਨਾਗਰਿਕਤਾ ਦੀ ਇੱਛਾ ਰੱਖਣ ਵਾਲੇ ਪ੍ਰਵਾਸੀਆਂ ਲਈ ਉਡੀਕ ਸਮਾਂ ਪੰਜ ਸਾਲਾਂ ਤੋਂ ਵਧਾ ਕੇ 10 ਸਾਲ ਕਰਨਾ ਸ਼ਾਮਲ ਹੈ। ਇਸ ਕਦਮ ਦਾ ਉਦੇਸ਼ ਅਗਲੇ ਪੰਜ ਸਾਲਾਂ ਵਿਚ ਇਮੀਗ੍ਰੇਸ਼ਨ ਦੇ ਅੰਕੜਿਆਂ ਵਿਚ ਮਹੱਤਵਪੂਰਨ ਕਮੀ ਨੂੰ ਯਕੀਨੀ ਬਣਾਉਣਾ ਹੈ।

ਸੰਸਦ ਵਿਚ ਇਮੀਗ੍ਰੇਸ਼ਨ ’ਤੇ ਲੇਬਰ ਸਰਕਾਰ ਦੇ ਬਹੁ-ਉਡੀਕ ਵਾਲੇ ਵ੍ਹਾਈਟ ਪੇਪਰ ਪੇਸ਼ ਕੀਤੇ ਜਾਣ ਤੋਂ ਪਹਿਲਾਂ ਡਾਊਨਿੰਗ ਸਟਰੀਟ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸਟਾਰਮਰ ਨੇ ਪਿਛਲੀ ਕੰਜ਼ਰਵੇਟਿਵ ਸਰਕਾਰ ’ਤੇ ਸਰਹੱਦਾਂ ਨੂੰ ਖੁੱਲ੍ਹਾ ਰੱਖਣ ਦੀ ਨੀਤੀ ਦੀ ਵਰਤੋਂ ਕਰਕੇ “ਗੜਬੜੀ” ਕਰਨ ਦਾ ਦੋਸ਼ ਲਗਾਇਆ। ਸਟਾਰਮਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਸਖ਼ਤ ਉਪਾਅ ਇੱਕ ਇਮੀਗ੍ਰੇਸ਼ਨ ਪ੍ਰਣਾਲੀ ਬਣਾਉਣਗੇ ਜੋ “ਨਿਯੰਤਰਿਤ, ਚੋਣਵੀਂ ਅਤੇ ਨਿਰਪੱਖ” ਹੋਵੇਗੀ। ਸਟਾਰਮਰ ਮੁਤਾਬਕ, “ਇਸ ਯੋਜਨਾ ਦਾ ਮਤਲਬ ਹੈ ਕਿ ਪ੍ਰਵਾਸ ਘਟੇਗਾ।” ਵ੍ਹਾਈਟ ਪੇਪਰ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ, “ਇਮੀਗ੍ਰੇਸ਼ਨ ਪ੍ਰਣਾਲੀ ਦੇ ਹਰ ਖੇਤਰ ਨੂੰ ਸਖ਼ਤ ਕੀਤਾ ਜਾਵੇਗਾ, ਤਾਂ ਜੋ ਸਾਡਾ ਵਧੇਰੇ ਨਿਯੰਤਰਣ ਹੋਵੇ। ਨਿਰਪੱਖ ਨਿਯਮਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।”

ਨਵੀਂ ਪ੍ਰਣਾਲੀ ਪੰਜ ਸਾਲਾਂ ਤੋਂ ਬ੍ਰਿਟੇਨ ਵਿਚ ਰਹਿ ਰਹੇ ਭਾਰਤੀਆਂ ਸਮੇਤ ਕਿਸੇ ਵੀ ਵਿਅਕਤੀ ਲਈ ਆਟੋਮੈਟਿਕ ਸੈਟਲਮੈਂਟ ਅਤੇ ਨਾਗਰਿਕਤਾ ਦੀ ਮੌਜੂਦਾ ਵਿਵਸਥਾ ਨੂੰ ਖ਼ਤਮ ਕਰ ਦੇਵੇਗੀ। ਇਸ ਦੀ ਬਜਾਏ ਸਾਰੇ ਪ੍ਰਵਾਸੀਆਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਤੋਂ ਪਹਿਲਾਂ ਯੂ.ਕੇ. ਵਿਚ ਇੱਕ ਦਹਾਕਾ ਬਿਤਾਉਣਾ ਹੋਵੇਗਾ, ਜਦੋਂ ਤੱਕ ਕਿ ਉਹ “ਅਰਥਵਿਵਸਥਾ ਅਤੇ ਸਮਾਜ ਵਿਚ ਸੱਚਾ ਅਤੇ ਸਥਾਈ ਯੋਗਦਾਨ” ਨਹੀਂ ਦਿਖਾਉਂਦੇ। ਇਹ ਨਵਾਂ ਢਾਂਚਾ ਯੂ.ਕੇ. ਦੀ ਆਰਥਿਕਤਾ ਵਿਚ ਯੋਗਦਾਨ ਪਾਉਣ ਵਾਲੇ “ਉੱਚ ਹੁਨਰਮੰਦ ਅਤੇ ਮਹੱਤਵਪੂਰਨ” ਲੋਕਾਂ ਜਿਵੇਂ ਕਿ “ਡਾਕਟਰ, ਨਰਸਾਂ, ਇੰਜੀਨੀਅਰ ਅਤੇ ਏ.ਆਈ. ਪ੍ਰਤਿਭਾ” ਦੀ ਭਰਤੀ ਨੂੰ ਤੇਜ਼ ਕਰੇਗਾ।

ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਨਵੇਂ ਨਿਯਮ ਅੰਗਰੇਜ਼ੀ ਦੇ ਉੱਚ ਮਿਆਰ ਨੂੰ ਯਕੀਨੀ ਬਣਾਉਣ ਲਈ ਹਰੇਕ ਇਮੀਗ੍ਰੇਸ਼ਨ ਰੂਟ ’ਤੇ ਭਾਸ਼ਾ ਦੀਆਂ ਜ਼ਰੂਰਤਾਂ ਨੂੰ ਵੀ ਸਖ਼ਤ ਕਰਨਗੇ। ਪਹਿਲੀ ਵਾਰ ਇਹ ਵਿਦੇਸ਼ੀਆਂ ਦੇ ਸਾਰੇ ਬਾਲਗ ਨਿਰਭਰਾਂ ’ਤੇ ਵੀ ਲਾਗੂ ਹੋਵੇਗਾ, ਜਿਸ ਲਈ ਉਨ੍ਹਾਂ ਨੂੰ ਅੰਗਰੇਜ਼ੀ ਦੀ ਮੁੱਢਲੀ ਸਮਝ ਦਾ ਪ੍ਰਦਰਸ਼ਨ ਕਰਨਾ ਜ਼ਰੂਰੀ ਹੋਵੇਗਾ। ਵਾਈਟ ਪੇਪਰ ਸੁਧਾਰਾਂ ਦਾ ਪੂਰਾ ਪੈਕੇਜ ਯੂ.ਕੇ ਦੀ ਗ੍ਰਹਿ ਸਕੱਤਰ ਯਵੇਟ ਕੂਪਰ ਦੁਆਰਾ ਹਾਊਸ ਆਫ਼ ਕਾਮਨਜ਼ ਵਿਚ ਪੇਸ਼ ਕੀਤਾ ਜਾਵੇਗਾ ਅਤੇ ਇਸ ਵਿਚ ਵਿਦੇਸ਼ੀ ਦੇਖਭਾਲ ਕਰਮਚਾਰੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਪ੍ਰਬੰਧ ਸ਼ਾਮਲ ਹੋਣ ਦੀ ਸੰਭਾਵਨਾ ਹੈ। ਹਾਲ ਹੀ ਵਿਚ ਸਥਾਨਕ ਚੋਣਾਂ ਵਿਚ ਇਮੀਗ੍ਰੇਸ਼ਨ ਵਿਰੋਧੀ ਰਿਫਾਰਮ ਪਾਰਟੀ ਦੇ ਜਿੱਤ ਤੋਂ ਬਾਅਦ ਸਟਾਰਮਰ ’ਤੇ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਲਈ ਬਹੁਤ ਦਬਾਅ ਹੈ। ਹਾਲਾਂਕਿ ਉਹ ਦੇਸ਼ ਵਿਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ’ਤੇ ਸਾਲਾਨਾ ਸੀਮਾ ਨਹੀਂ ਚਾਹੁੰਦਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ’ਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਪੁੱਜੀ

## ■ ਨਵੀਆਂ ਨੌਕਰੀਆਂ ਦੇ ਬਾਵਜੂਦ ਬੇਰੁਜ਼ਗਾਰੀ ਦਰ ਵਧੀ

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ’ਚ 7,400 ਨਵੀਆਂ ਨੌਕਰੀਆਂ ਦੇਣ ਦੇ ਬਾਵਜੂਦ ਅਪ੍ਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਵਧ ਕੇ 6.9 ਫ਼ੀਸਦੀ ਹੋ ਗਈ ਹੈ, ਜੋ ਨਵੰਬਰ ਤੋਂ ਬਾਅਦ ਸਿਖਰਲਾ ਪੱਧਰ ਦੱਸਿਆ ਜਾ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਮੁਲਕ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਦੇ ਨੇੜੇ ਪੁੱਜ ਗਈ ਹੈ। ਦੱਸ ਦੇਈਏ ਕਿ ਮਾਰਚ ਮਹੀਨੇ ਦੌਰਾਨ ਕੈਨੇਡੀਅਨ ਰੁਜ਼ਗਾਰ ਖੇਤਰ ਵਿਚੋਂ 32,600 ਨੌਕਰੀਆਂ ਖ਼ਤਮ ਹੋਈਆਂ ਅਤੇ ਅਪ੍ਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਅਸਮਾਨ ਚੜ੍ਹ ਗਈ।

ਅਪ੍ਰੈਲ ਦੌਰਾਨ ਆਰਜ਼ੀ ਤੌਰ ’ਤੇ ਰੁਜ਼ਗਾਰ ਤੋਂ ਵਿਹਲੇ ਜਾਂ ਕੰਮ ਦੀ ਭਾਲ ਕਰ ਰਹੇ ਲੋਕਾਂ ਦੀ ਗਿਣਤੀ 39 ਹਜ਼ਾਰ ਦਰਜ ਕੀਤੀ ਗਈ ਅਤੇ ਸਾਲਾਨਾ ਆਧਾਰ ’ਤੇ ਇਸ ਅੰਕੜੇ ਵਿਚ 1 ਲੱਖ 89 ਹਜ਼ਾਰ ਦਾ ਵਾਧਾ ਹੋਇਆ ਹੈ। ਜਿੱਥੇ ਅਪ੍ਰੈਲ ਦੌਰਾਨ 31 ਹਜ਼ਾਰ ਨੌਕਰੀਆਂ ਖ਼ਤਮ ਹੋਈਆਂ ਪਰ ਅਪ੍ਰੈਲ ਦੌਰਾਨ 7,400 ਨੌਕਰੀਆਂ ਪੈਦਾ ਵੀ ਹੋਈਆਂ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਨੂੰ ਅਪ੍ਰੈਲ ਦੌਰਾਨ ਰੁਜ਼ਗਾਰ ਦੀ ਭਾਲ ਕਰਦਿਆਂ ਵਧੇਰੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮਾਰਚ ਵਿਚ ਬੇਰੁਜ਼ਗਾਰ ਰਹੇ ਲੋਕਾਂ ਵਿਚੋਂ 61 ਫ਼ੀਸਦੀ ਅਪ੍ਰੈਲ ਦੌਰਾਨ ਵੀ ਵਿਹਲੇ ਹੀ ਰਹੇ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਹ ਅੰਕੜਾ ਚਾਰ ਫ਼ੀਸਦੀ ਵਧ ਬਣਦਾ ਹੈ।

ਟਰੰਪ ਦੇ ਟੈਰਿਫ਼ ਨੇ ਸਭ ਤੋਂ ਵੱਧ ਨੁਕਸਾਨ ਮੈਨੂਫੈਕਚਰਿੰਗ ਸੈਕਟਰ ਦਾ ਕੀਤਾ, ਜਦਕਿ ਇਸ ਦੇ ਉਲਟ ਰਿਟੇਲ ਅਤੇ ਹੋਲਸੇਲ ਸੈਕਟਰ ਵਿਚ ਨਵੇਂ ਮੌਕੇ ਜ਼ਰੂਰ ਪੈਦਾ ਹੋਏ। ਮਾਹਰਾਂ ਦਾ ਕਹਿਣਾ ਹੈ ਕਿ ਕਾਰੋਬਾਰੀ ਜੰਗ ਦੇ ਮੱਦੇਨਜ਼ਰ ਮੁਲਕ ਦਾ ਰੁਜ਼ਗਾਰ ਖੇਤਰ ਕਮਜ਼ੋਰ ਹੋ ਰਿਹਾ ਹੈ ਅਤੇ ਤਾਜ਼ਾ ਅੰਕੜਿਆਂ ਨੂੰ ਵੇਖਦਿਆਂ ਬੈਂਕ ਆਫ਼ ਕੈਨੇਡਾ ਵੱਲੋਂ ਜੂਨ ਮਹੀਨੇ ਦੌਰਾਨ ਵਿਆਜ ਦਰਾਂ ’ਚ ਕਟੌਤੀ ਕੀਤੀ ਜਾ ਸਕਦੀ ਹੈ ਪਰ ਬੈਂਕ ਆਫ਼ ਕੈਨੇਡਾ ਵੱਲੋਂ ਪਹਿਲਾਂ ਹੀ ਚਿਤਾਵਨੀ ਦਿੱਤੀ ਜਾ ਚੁੱਕੀ ਹੈ ਕਿ ਆਉਣ ਵਾਲੇ ਮਹੀਨਿਆਂ ਦੌਰਾਨ ਕੈਨੇਡਾ ਦੀ ਆਰਥਿਕ ਵਾਧਾ ਦਰ ਨੂੰ ਵੱਡੀ ਢਾਹ ਲੱਗ ਸਕਦੀ ਹੈ। ਨਵੀਆਂ ਭਰਤੀਆਂ ਵਿਚ ਕਮੀ ਆਵੇਗੀ ਅਤੇ ਛਾਂਟੀ ਕੀਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਧ ਸਕਦੀ ਹੈ। ਕੁਝ ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਡਾਲਰ ਦੇ ਕਮਜ਼ੋਰ ਹੋਣ ਕਾਰਨ ਵੀ ਰੁਜ਼ਗਾਰ ਖੇਤਰ ਪ੍ਰਭਾਵਿਤ ਹੋਇਆ।

# ਕੈਨੇਡਾ-ਅਮਰੀਕਾ ਸਬੰਧਾਂ ’ਚ ਖਟਾਸ ਤੋਂ ਬਾਅਦ ਦੋਵੇਂ ਆਵਾਜਾਈ ਨੂੰ ਅੱਧਾ ਕੀਤਾ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਤੇ ਅਮਰੀਕਾ ਦੇ ਸਬੰਧਾਂ ਵਿਚ ਆਈ ਖਟਾਸ ਨੇ ਜਿੱਥੇ ਮੇਡ ਇਨ ਕੈਨੇਡਾ ਦੀ ਸੋਚ ਨੂੰ ਉਭਾਰਿਆ ਹੈ, ਉੱਥੇ ਹੀ ਦੋਵਾਂ ਦੇਸ਼ਾਂ ਦੇ ਵਾਸੀਆਂ ਦੀ ਭਾਈਚਾਰਕ ਸਾਂਝ ਨੂੰ ਵੀ ਪ੍ਰਭਾਵਿਤ ਕੀਤਾ ਹੈ। ਦੋਵਾਂ ਦੇਸ਼ਾਂ ਦੇ ਆਰ-ਪਾਰ ਦੇ ਲਾਂਘਿਆਂ ਦੇ ਪਿਛਲੇ ਮਹੀਨਿਆਂ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਟੈਕਸ ਕਾਰਨ ਉੱਭਰੀ ਖਟਾਸ ਨੇ ਆਵਾਜਾਈ ਨੂੰ ਅੱਧਾ ਕਰ ਦਿੱਤਾ ਹੈ। ਇਸ ਸਾਲ ਦੇ ਮਾਰਚ ਮਹੀਨੇ 1 ਲੱਖ 21 ਹਜ਼ਾਰ ਲੋਕ ਆਰ-ਪਾਰ ਲੰਘੇ, ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਦਾ ਇਹ ਅੰਕੜਾ 2 ਲੱਖ 16 ਹਜ਼ਾਰ ਸੀ। ਇਸੇ ਤਰ੍ਹਾਂ ਅਪ੍ਰੈਲ ਮਹੀਨੇ ਆਵਾਜਾਈ ਦਾ ਅੰਕੜਾ ਇਕ ਲੱਖ ਤੋਂ ਘੱਟ ਰਿਹਾ, ਜਦੋਂ ਕਿ ਪਿਛਲੇ ਸਾਲ ਇਹੀ ਅਵਾਜਾਈ ਦੋ ਲੱਖ ਤੋਂ ਵੱਧ ਲੋਕਾਂ ਦੀ ਸੀ। ਸਰੀ ਦੇ ਨਾਲ ਲੱਗਦਾ ਪੀਸ ਆਰਚ ਸਰਹੱਦੀ ਲਾਂਘਾ, ਜਿੱਥੇ ਕੈਨੇਡਾ ਤੇ ਅਮਰੀਕਾ ਵਾਲੇ ਪਾਸੇ 10-12 ਜਾਂਚ ਗੇਟ ਹਨ, ਜਿਨ੍ਹਾਂ ਵਿਚੋਂ ਲਗਭਗ ਦੋ ਹੀ ਖੁੱਲ੍ਹੇ ਰੱਖੇ ਜਾਂਦੇ ਹਨ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ



ਸੋਮਵਾਰ ਨੂੰ ਅਮਰੀਕਾ ਦਾਖਲੇ ਵਾਸਤੇ ਸਿਰਫ ਦੋ ਗੇਟ ਖੁੱਲੇ ਹੋਣ ਦੇ ਬਾਵਜੂਦ ਵਾਹਨਾਂ ਦੀ ਉਡੀਕ ਕਤਾਰ ਬਹੁਤੀ ਲੰਮੀ ਨਹੀਂ ਸੀ। ਉਥੇ ਮੌਜੂਦ ਲੋਕਾਂ ਨੇ ਕਿਹਾ ਕਿ ਬੇਯਕੀਨੀ ਵਾਲੇ ਹਾਲਾਤ ਵਿਚ ਸਿਰਫ ਜ਼ਰੂਰੀ ਕੰਮਾਂ ਲਈ ਹੀ ਆਰ-ਪਾਰ ਜਾਇਆ ਜਾਂਦਾ ਹੈ, ਜਦਕਿ ਪਹਿਲਾਂ ਸੈਰ-ਸਪਾਟੇ ਲਈ ਇੱਧਰ ਉੱਧਰ ਦੇ ਚੱਕਰ ਲੱਗਦੇ ਸਨ। ਸਰੀ ਦੇ ਪ੍ਰਦੁੱਮਣ ਸਿੰਘ ਨੇ ਕਿਹਾ ਕਿ ਉਹ 5 ਮਹੀਨੇ ਬਾਅਦ ਆਪਣੀ ਧੀ ਕੋਲ ਕੈਂਟ ਸਿਟੀ ਜਾ ਰਿਹਾ ਹੈ, ਜਦਕਿ ਪਹਿਲਾਂ ਹਰੇਕ ਮਹੀਨੇ ਚੱਕਰ ਲੱਗਦਾ ਸੀ। ਰਿਚਮੰਡ ਦੇ ਚੀਨੀ ਮੂਲ ਦੇ ਲਿਆਂਗ ਨੇ ਦੁਖੀ ਮਨ ਨਾਲ ਦੱਸਿਆ ਕਿ ਹੁਣ ਤਾਂ ਅਮਰੀਕਾ ਜਾਣ ਲੱਗਿਆ ਸੋਚਣਾ ਪੈਂਦਾ ਹੈ ਕਿ ਠੀਕ-ਠਾਕ ਵਾਪਸ ਪਹੁੰਚਾਂਗੇ ਕਿ ਨਹੀਂ।






# ਸਾਊਦੀ ਅਰਬ ਦੇ ਰੈਸਟੋਰੈਂਟ 'ਚੋਂ ਹਰਿਮੰਦਰ ਸਾਹਿਬ ਦੀਆ ਤਸਵੀਰਾਂ ਹਟਵਾਉਣ ਦੀ ਅਪੀਲ

■ **ਸ਼੍ਰੋਮਣੀ ਕਮੇਟੀ ਨੇ ਸਾਊਦੀ ਅਰਬ ਦੇ ਸਫ਼ੀਰ ਨੂੰ ਪੱਤਰ ਲਿਖਿਆ**

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਊਦੀ ਅਰਬ ਦੇ ਰਿਆਧ ਸਥਿਤ ਭਾਰਤੀ ਸਫਾਰਤਖਾਨੇ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉੱਥੇ ਇਕ ਰੈਸਟੋਰੈਂਟ ਵਿਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਇਸ ਲਈ ਭਾਰਤੀ ਸਫਾਰਤਖਾਨੇ ਵੱਲੋਂ ਇਹ ਮਾਮਲਾ ਸਬੰਧਤ ਸਰਕਾਰ ਕੋਲ ਉਠਾਇਆ ਜਾਵੇ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਭਾਰਤੀ ਦੂਤਾਵਾਸ ਅਤੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਇਕ ਪੱਤਰ ਭੇਜਿਆ ਗਿਆ ਹੈ, ਤਾਂ ਜੋ ਉਹ ਸਾਊਦੀ ਅਰਬ ਦੇ ਸਬੰਧਤ ਅਧਿਕਾਰੀਆਂ ਅਤੇ ਰੈਸਟੋਰੈਂਟ ਦੇ ਮਾਲਕ ਕੋਲ ਸਿੱਖ ਸੰਸਥਾ ਦਾ ਸਖਤ ਇਤਰਾਜ਼ ਰੱਖਣ ਅਤੇ ਇਸ ਸਬੰਧੀ ਦਖਲ ਦੇਣ। ਇਸ ਸਬੰਧੀ ਉਥੋਂ ਦੇ ਸਥਾਨਕ ਸਿੱਖਾਂ ਵੱਲੋਂ ਸ਼੍ਰੋਮਣੀ ਕਮੇਟੀ ਕੋਲ ਇੱਕ ਸ਼ਿਕਾਇਤ ਪੱਤਰ ਭੇਜਿਆ ਗਿਆ ਹੈ ਜਿਸ 'ਤੇ ਵਿਚਾਰ ਕਰਨ ਤੋਂ ਬਾਅਦ ਸਿੱਖ ਸੰਸਥਾ ਵੱਲੋਂ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਅਗਲੇਰੀ ਕਾਰਵਾਈ ਵਾਸਤੇ ਭੇਜਿਆ ਗਿਆ ਹੈ। ਇਸ ਰੈਸਟੋਰੈਂਟ ਦਾ ਨਾਂ ਵੀ ਸਿੱਖ ਧਾਰਮਿਕ ਸਥਾਨ ਨਾਲ ਮਿਲਦਾ-ਜੁਲਦਾ ਹੈ ਅਤੇ ਇਸ ਦਾ ਆਰਕੀਟੈਕਚਰ ਵੀ ਇਸੇ ਤਰ੍ਹਾਂ ਦਾ ਹੈ। ਇਸ ਇਮਾਰਤ ਦੇ ਅੰਦਰ ਅਤੇ ਬਾਹਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਇਸ ਰੈਸਟੋਰੈਂਟ ਦੇ ਅੰਦਰ ਮੀਟ, ਸ਼ਰਾਬ ਅਤੇ ਹੋਰ ਅਜਿਹੀਆਂ ਵਸਤਾਂ ਆਦਿ ਦਾ ਸੇਵਨ ਹੁੰਦਾ ਹੈ।

ਇਸ ਇਮਾਰਤ ਵਿਚ ਸਿੱਖਾਂ ਦੇ ਧਾਰਮਿਕ ਸਥਾਨ ਦੀਆਂ ਤਸਵੀਰਾਂ ਨੂੰ ਵਪਾਰਕ ਹਿੱਤਾਂ ਲਈ ਵਰਤਿਆ ਗਿਆ ਹੈ ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਹੈ। ਸਿੱਖ ਭਾਈਚਾਰੇ ਨੂੰ ਇਸ 'ਤੇ ਸਖਤ ਇਤਰਾਜ਼ ਹੈ ਕਿਉਂਕਿ ਇਹ ਸਿੱਖ ਸਿਧਾਂਤਾਂ, ਧਰਮ ਅਤੇ ਸਮੁੱਚੇ ਸਿੱਖ ਭਾਈਚਾਰੇ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਧਾਰਮਿਕ ਅਤੇ ਰੂਹਾਨੀ ਅਸਥਾਨ ਹੈ, ਜਿੱਥੇ ਦੇਸ਼-ਵਿਦੇਸ਼ ਤੋਂ ਵਸਦੇ ਸਿੱਖ ਭਾਈਚਾਰੇ ਦੇ ਲੋਕ ਅਤੇ ਹੋਰ ਸ਼ਰਧਾਲੂ ਨਤਮਸਤਕ ਹੋਣ ਲਈ ਆਉਂਦੇ ਹਨ।

# ਸੀਰੀਆ 'ਤੇ ਲਾਈਆਂ ਪਾਬੰਦੀਆਂ ਨੂੰ ਹਟਾਏਗਾ ਟਰੰਪ ਪ੍ਰਸ਼ਾਸਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਸਾਊਦੀ ਅਰਬ ਵਿੱਚ ਇੱਕ ਭਾਸ਼ਣ ਦੌਰਾਨ ਕਿਹਾ ਕਿ ਉਹ ਸੀਰੀਆ ਦੀ ਨਵੀਂ ਸਰਕਾਰ ਨਾਲ ਸਬੰਧਾਂ ਨੂੰ ਆਮ ਬਣਾਉਣਗੇ ਅਤੇ ਦੇਸ਼ ਨੂੰ "ਸ਼ਾਂਤੀ ਦਾ ਮੌਕਾ" ਦੇਣ ਲਈ ਉਸ 'ਤੇ ਪਾਬੰਦੀਆਂ ਹਟਾ ਦੇਣਗੇ। ਇਹ ਕਦਮ ਸੀਰੀਆ ਵਿੱਚ ਅਸਦ ਸ਼ਾਸਨ ਦੇ ਪਤਨ ਤੋਂ ਬਾਅਦ ਚੁੱਕਿਆ ਗਿਆ ਹੈ। ਟਰੰਪ ਬੁੱਧਵਾਰ ਨੂੰ ਸਾਊਦੀ ਅਰਬ ਵਿੱਚ ਸੀਰੀਆ ਦੇ ਰਾਸ਼ਟਰਪਤੀ ਅਹਿਮਦ ਅਲ-ਸ਼ਾਰਾ ਨਾਲ ਮੁਲਾਕਾਤ ਕਰਨਗੇ।

ਅਲ-ਸ਼ਾਰਾ, ਜੋ ਪਹਿਲਾਂ ਅਲ-ਕਾਇਦਾ ਨਾਲ ਜੁੜੇ ਸਮੂਹ ਹਯਾਤ ਤਹਿਰੀਰ ਅਲ-ਸ਼ਾਮ (ਐੱਚ.ਟੀ.ਐੱਸ.) ਦਾ ਆਗੂ ਸੀ, ਨੇ ਦਸੰਬਰ 2024 ਵਿਚ ਦਮਿਸ਼ਕ 'ਤੇ ਹਮਲੇ ਦੀ ਅਗਵਾਈ ਕਰਨ ਤੋਂ ਬਾਅਦ ਅਸਦ ਸ਼ਾਸਨ ਨੂੰ ਉਖਾੜ ਸੁੱਟਣ ਦੀ ਕੋਸ਼ਿਸ਼ ਕੀਤੀ। ਟਰੰਪ ਨੇ ਕਿਹਾ ਕਿ ਇਹ ਕੋਸ਼ਿਸ਼ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਤੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਦੇ ਕਹਿਣ 'ਤੇ ਕੀਤੀ ਗਈ ਸੀ। ਟਰੰਪ ਨੇ ਕਿਹਾ, "ਸੀਰੀਆ ਵਿਚ ਇੱਕ ਨਵੀਂ ਸਰਕਾਰ ਹੈ, ਜੋ ਉਮੀਦ ਹੈ ਕਿ ਸਫਲ ਹੋਵੇਗੀ। ਮੈਂ ਕਹਿੰਦਾ ਹਾਂ, "ਸ਼ੁਭਕਾਮਨਾਵਾਂ, ਸੀਰੀਆ। ਸਾਨੂੰ ਕੁਝ ਖਾਸ ਦਿਖਾਓ।" ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਸੀਰੀਆ 'ਤੇ ਪਾਬੰਦੀਆਂ ਹਟਾਉਣ ਲਈ ਕੁਝ ਸ਼ਰਤਾਂ ਰੱਖੀਆਂ ਸਨ, ਜਿਨ੍ਹਾਂ ਵਿਚ ਰਸਾਇਣਕ ਹਥਿਆਰਾਂ ਦਾ ਵਿਨਾਸ਼ ਅਤੇ ਅੱਤਵਾਦ ਵਿਰੁੱਧ ਸਹਿਯੋਗ ਸ਼ਾਮਲ ਸੀ। ਹਾਲਾਂਕਿ, ਅਲ-ਸ਼ਾਰਾ ਨੇ ਇਨ੍ਹਾਂ ਸ਼ਰਤਾਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

ਸਫਾ 1 ਦਾ ਬਾਕੀ

## ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਵੱਲੋਂ ਮੰਤਰੀ ਮੰਡਲ ਦਾ...

ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਫਿਰ ਤੋਂ ਸ਼ਾਮਲ ਕਰਕੇ ਟਰਾਂਸਪੋਰਟ ਤੇ ਟਰੇਡ ਵਿਭਾਗ ਸੌਂਪਿਆ ਗਿਆ ਹੈ। ਓਨਟਾਰੀਓ ਦੇ ਟਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਿਆ ਹੈ।

ਰਿਡਿਊ ਹਾਲ ਦੇ ਮੁੱਖ ਹਾਲ ਵਿਚ ਸਹੁੰ ਚੁੱਕ ਸਮਾਗਮ ਵਿਚ ਦਾਖਲੇ ਤੋਂ ਪਹਿਲਾਂ ਸ਼ਾਮਲ ਕੀਤੇ ਜਾਣ ਵਾਲੇ ਮੰਤਰੀਆਂ ਨੂੰ ਸਟੇਜ ਦੇ ਸਾਹਮਣੇ ਬਿਠਾਉਣ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਗਵਰਨਰ ਜਨਰਲ ਮੈਰੀ ਸਾਈਮਨ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਸਾਢੇ 10 ਵਜੇ ਸ਼ੁਰੂ ਹੋਣ ਵਾਲਾ ਸਹੁੰ ਚੁੱਕ ਸਮਾਗਮ ਕੁਝ ਮਿੰਟ ਦੇਰੀ ਨਾਲ ਸ਼ੁਰੂ ਹੋਇਆ। ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂਕਿ 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੌਲੀ ਤੇ ਸੀਆਨ ਫਰੇਜ਼ਰ ਫਿਰ ਤੋਂ ਮੰਤਰੀ ਬਣੇ ਹਨ। ਇੰਦਰਾ ਅਨੀਤਾ ਆਨੰਦ ਨੂੰ ਫਿਰ ਤੋਂ ਵਿਦੇਸ਼ ਵਿਭਾਗ ਦਿੱਤਾ ਗਿਆ ਹੈ। ਰੱਖਿਆ ਮੰਤਰਾਲਾ ਡੇਵਿਡ ਜੋਸਫ਼ ਨੂੰ ਦਿੱਤਾ ਗਿਆ ਹੈ। ਸ਼ਫਕਤੀ ਅਲੀ ਨੂੰ ਵੀ ਮੰਤਰੀ ਬਣਾਇਆ ਗਿਆ ਹੈ।

ਉਧਰ ਕੈਨੇਡਾ ਦੀ ਲਿਬਰਲ ਪਾਰਟੀ ਨੇ ਨਿਆਇਕ ਮੁੜ ਗਿਣਤੀ ਤੋਂ ਬਾਅਦ ਇਕ ਹੋਰ ਸੀਟ ਹਾਸਲ ਕੀਤੀ ਹੈ, ਜਿਸ ਨਾਲ ਹਾਊਸ ਆਫ ਕਾਮਨਜ਼ 'ਚ ਇਸ ਦੀ ਮੌਜੂਦਾ ਗਿਣਤੀ 170 ਹੋ ਗਈ ਹੈ, ਜੋ ਬਹੁਮਤ ਤੋਂ ਸਿਰਫ 2 ਸੀਟਾਂ ਘੱਟ ਹਨ। ਕੈਨੇਡਾ ਨੇ ਵੋਟਾਂ ਦੀ ਦੁਬਾਰਾ ਗਿਣਤੀ ਤੋਂ ਬਾਅਦ ਆਪਣੀ ਵੈੱਬਸਾਈਟ 'ਤੇ ਟੈਰੇਬੋਨ ਹਲਕੇ ਦੇ ਵੋਟਿੰਗ ਨਤੀਜੇ ਜਾਰੀ ਕੀਤੇ।

ਲਿਬਰਲ ਉਮੀਦਵਾਰ ਸਿਰਫ਼ ਇਕ ਵੋਟ ਨਾਲ ਜਿੱਤਿਆ। ਇਸ ਤੋਂ ਪਹਿਲਾਂ ਬਲਾਕ ਕਿਊਬੈਕਾਇਸ ਦੀ ਮੌਜੂਦਾ ਮੈਂਬਰ ਨਥਾਲੀ ਸਿੰਕਲੇਅਰ-ਡੇਸਗੈਨ ਨੇ ਲਿਬਰਲ ਦੀ ਤਾਤੀਆਨਾ ਆਗਸਟੇ ਨੂੰ 44 ਵੋਟਾਂ ਨਾਲ ਹਰਾਇਆ ਸੀ। ਦੁਬਾਰਾ ਗਿਣਤੀ ਤੋਂ ਬਾਅਦ ਆਗਸਟੇ ਨੂੰ 23,352 ਵੋਟਾਂ ਮਿਲੀਆਂ, ਜਦਕਿ ਸਿੰਕਲੇਅਰ-ਡੇਸਗੈਨ ਨੂੰ 23,351 ਵੋਟਾਂ ਮਿਲੀਆਂ। ਨਤੀਜਿਆਂ ਨੂੰ ਇਕ ਜੱਜ ਵੱਲੋਂ ਪ੍ਰਮਾਣਿਤ ਕੀਤਾ ਗਿਆ ਹੈ।

ਸਫਾ 1 ਦਾ ਬਾਕੀ

## ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ 'ਚ ਪੰਜਾਬ ਦਾ ਦੂਜਾ ਸਥਾਨ

ਬੀਤੇ ਦਿਨੀਂ ਅੰਮ੍ਰਿਤਸਰ ਦੇ ਮਜੀਠਾ 'ਚ ਨਕਲੀ ਸ਼ਰਾਬ ਪੀਣ ਨਾਲ 21 ਲੋਕਾਂ ਦੀ ਮੌਤ ਹੋ ਗਈ। ਮ੍ਰਿਤਕ ਮਜੀਠਾ ਦੇ 3 ਪਿੰਡਾਂ ਨਾਲ ਸਬੰਧਤ ਦੱਸੇ ਜਾ ਰਹੇ ਹਨ। ਇਨ੍ਹਾਂ ਵਿਚ ਪਿੰਡ ਭੰਗਾਲੀ, ਮਰੜੀ ਕਲਾਂ ਤੇ ਥਰੀਏਵਾਲ ਦੇ ਨੌਜਵਾਨ ਸ਼ਾਮਲ ਹਨ। ਇਸ ਮਾਮਲੇ ਵਿਚ ਪੰਜਾਬ ਸਰਕਾਰ ਨੇ ਵੀ ਵੱਡਾ ਐਕਸ਼ਨ ਲਿਆ ਹੈ। ਜਾਣਕਾਰੀ ਮੁਤਾਬਕ ਇਸ ਨਕਲੀ ਸ਼ਰਾਬ ਰੈਕੇਟ ਦੇ ਕਿੰਗਪਿਨ ਤੇ ਮੁੱਖ ਸਪਲਾਇਰ ਸਣੇ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਸਫਾ 1 ਦਾ ਬਾਕੀ

## ਭਾਰਤ ਅਮਰੀਕਾ ਦੇ 29 ਉਤਪਾਦਾਂ 'ਤੇ ਲਗਾਏਗਾ ਟੈਰਿਫ...

ਭਾਰਤ ਦੇ ਇਸ ਫੈਸਲੇ ਨੂੰ ਵਪਾਰ ਸੰਤੁਲਨ ਬਣਾਈ ਰੱਖਣ ਅਤੇ ਆਪਣੇ ਆਰਥਿਕ ਹਿੱਤਾਂ ਦੀ ਰੱਖਿਆ ਦੇ ਤਰੀਕੇ ਵਜੋਂ ਦੇਖਿਆ ਜਾ ਰਿਹਾ ਹੈ। ਇਸ ਕਦਮ ਰਾਹੀਂ, ਭਾਰਤ ਨਾ ਸਿਰਫ਼ ਆਰਥਿਕ ਦਬਾਅ ਦਾ ਜਵਾਬ ਦੇ ਰਿਹਾ ਹੈ, ਸਗੋਂ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਆਪਣੀ ਸਥਿਤੀ ਨੂੰ ਮਜ਼ਬੂਤੀ ਨਾਲ ਕਾਇਮ ਰੱਖ ਰਿਹਾ ਹੈ। ਭਾਰਤ ਅਤੇ ਅਮਰੀਕਾ ਇਸ ਸਮੇਂ ਇੱਕ ਦੁਵੱਲੇ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਨ। ਦੋਵੇਂ ਦੇਸ਼ 2030 ਤੱਕ ਆਪਸੀ ਵਪਾਰ ਨੂੰ 500 ਬਿਲੀਅਨ ਡਾਲਰ ਤੱਕ ਵਧਾਉਣ ਦਾ ਟੀਚਾ ਰੱਖ ਰਹੇ ਹਨ। ਹਾਲਾਂਕਿ, ਅਮਰੀਕਾ ਨੇ ਹਾਲ ਹੀ ਵਿਚ ਭਾਰਤ ਸਮੇਤ ਕਈ ਦੇਸ਼ਾਂ 'ਤੇ 10% ਦਾ ਵਾਧੂ ਟੈਕਸ ਲਗਾਇਆ ਹੈ, ਜਿਸ ਨੂੰ ਇਸ ਸਮੇਂ 9 ਜੁਲਾਈ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



ਪੰਜਾਬ ਮੇਲ USA


# PUNJAB MAIL USA

TV Channel, Newspaper, Radio

## All over America, Canada, Australia & Europe

## All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਸਿੰਘੂ ਬਾਰਡਰ ਕਿਸਾਨੀ ਧਰਨੇ 'ਤੇ ਵਿਚਰਦਿਆਂ





-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA

ਪਿਛਲੇ 2-3 ਦਿਨਾਂ ਤੋਂ ਦਿੱਲੀ ਦੇ ਸਿੰਘੂ ਬਾਰਡਰ ਵਿਖੇ ਚੱਲ ਰਹੇ ਕਿਸਾਨ ਅੰਦੋਲਨ 'ਚ ਹਾਂ। ਦਿੱਲੀ ਦੀ ਜਰਨੈਲੀ ਸੜਕ 'ਤੇ ਮੇਲੇ ਵਰਗਾ ਮਾਹੌਲ ਹੈ। ਤੜਕੇ ਢਾਈ ਵਜੇ ਦੇ ਕਰੀਬ ਸੰਘਣੀ ਧੁੰਦ 'ਚ ਅੰਦੋਲਨ ਵਾਲੀ ਥਾਂ 'ਤੇ ਪਹੁੰਚ ਕੇ ਗੱਡੀ ਖੜ੍ਹਾਉਂਦੇ ਸਾਰ ਹੀ 4-5 ਨੌਜਵਾਨਾਂ ਨੇ ਬੜੇ ਸਤਿਕਾਰ ਸਹਿਤ ਚਾਹ ਦੇ ਕੱਪਾਂ ਨਾਲ ਸਾਡਾ ਸਵਾਗਤ ਕੀਤਾ। ਚਾਹ ਪੀਣ ਕੇ ਥੋੜ੍ਹੀ ਦੇਰ ਉਥੇ ਘੁੰਮਣ ਉਪਰੰਤ ਸੌਣ ਲਈ ਥਾਂ ਲੱਭਣ ਲੱਗੇ। ਮੋਦੀ ਸਰਕਾਰ ਖਿਲਾਫ ਤੇ ਕਿਸਾਨੀ ਸੰਘਰਸ਼ ਦੇ ਹੱਕ 'ਚ ਹਜ਼ਾਰਾਂ ਦੀ ਗਿਣਤੀ 'ਚ ਲਿਖੇ ਸਲੋਗਨਾਂ ਨਾਲ ਭਰੀਆਂ ਟਰੈਕਟਰ-ਟਰਾਲੀਆਂ, ਕਾਰਾਂ, ਸਕੂਟਰ-ਮੋਟਰ ਸਾਈਕਲਾਂ ਨਾਲ ਸੜਕ ਭਰੀ ਪਈ ਸੀ। ਥੋੜ੍ਹੀ ਅੱਗੇ ਜਾ ਕੇ ਦੇਖਿਆ ਕਿ ਨਿਹੰਗ ਸਿੰਘਾਂ ਦੇ ਇਕ ਜਥੇ ਨੇ ਇਕ ਪਾਰਕ 'ਚ ਆਪਣੇ ਘੋੜਿਆਂ ਸਮੇਤ ਡੇਰੇ ਲਗਾਏ ਹੋਏ ਸਨ, ਜਿਥੇ ਸਵੇਰੇ-ਸਵੇਰੇ ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਸੀ। ਉਥੇ ਹੀ ਟੀ.ਡੀ.ਆਈ. ਨਾਮਕ ਇਕ ਬਹੁਤ ਵੱਡਾ ਮਾਲ ਹੈ, ਅੰਦਰ ਜਾ ਕੇ ਦੇਖਿਆ ਕਿ ਬਹੁਤ ਸਾਰੇ ਕਿਸਾਨ ਉਥੇ ਸੁੱਤੇ ਪਏ ਸਨ। ਅਸੀਂ ਵੀ 3 ਵਜੇ ਦੇ ਕਰੀਬ ਇਕ ਕੰਬਲ ਵਿਛਾ ਉੱਤੇ ਖੇਸੀਆਂ ਲੈ ਕੇ ਉਥੇ ਹੀ ਸੌਂ ਗਏ। ਕਮਾਲ ਦੀ ਗੱਲ ਹੈ ਕਿ ਇਥੇ ਬੰਦ ਪਏ ਸ਼ੋਅਰੂਮਾਂ ਦੇ ਸਿਰਫ ਸ਼ੀਸ਼ਿਆਂ ਦੇ ਦਰਵਾਜ਼ੇ ਹੀ ਲਾਕ ਹਨ ਪਰ ਇਥੇ ਚੋਰੀ ਜਾਂ ਕਿਸੇ ਤਰ੍ਹਾਂ ਦੀ ਕੋਈ ਘਟਨਾ ਦੀ ਖਬਰ ਨਹੀਂ ਹੈ।

7 ਵਜੇ ਉੱਠ ਕੇ ਅੱਗੇ ਚਾਲੇ ਪਾ ਦਿੱਤੇ। ਇਸ ਸਮੇਂ ਤੱਕ ਵੀ ਪੂਰੀ ਧੁੰਦ ਛਾਈ ਹੋਈ ਸੀ। ਰਸਤੇ 'ਚ ਹਰ ਫਰਲਾਂਗ 'ਤੇ ਚਾਹ, ਬਰੈਡ ਪਕੌੜਿਆਂ, ਪਿੰਨੀਆਂ, ਮਿੱਸੀਆਂ ਰੋਟੀਆਂ, ਸਾਗ, ਬਦਾਮਾਂ, ਖੀਰ, ਜਲੇਬੀਆਂ, ਦਵਾਈਆਂ, ਕਿਤਾਬਾਂ, ਸ਼ਰਦਾਈਆਂ ਆਦਿ ਦੇ ਲੰਗਰ ਲੱਗੇ ਹੋਏ ਹਨ। ਇਸ ਤੋਂ ਇਲਾਵਾ ਮੋਬਾਈਲ ਚਾਰਜ ਕਰਨ ਅਤੇ ਕੱਪੜੇ ਧੋਣ ਦੀ ਸੇਵਾ ਵੀ ਨਿਭਾਈ ਜਾ ਰਹੀ ਸੀ। ਉਥੇ ਮੌਜੂਦ ਹਰ ਨੌਜਵਾਨ, ਬਜ਼ੁਰਗ, ਔਰਤ ਤੇ ਬੱਚਾ ਉਤਸ਼ਾਹ ਨਾਲ ਭਰਿਆ ਪਿਆ ਸੀ, ਜਿਵੇਂ ਉਹ ਕਿਸੇ ਵਿਆਹ 'ਚ ਆਇਆ ਹੋਵੇ। ਟਰੈਕਟਰਾਂ 'ਤੇ ਜੋਸ਼ ਭਰਨ ਵਾਲੇ ਗੀਤ ਵੱਜ ਰਹੇ ਹਨ। ਪੰਜਾਬੀਆਂ ਤੋਂ ਇਲਾਵਾ ਇਥੇ ਹਰਿਆਣੇ ਦੇ ਕਿਸਾਨ ਆਪਣੇ ਹੁੱਕੇ ਬਾਲ ਕੇ ਧਰਨੇ 'ਤੇ ਬੈਠੇ ਹਨ। ਇਨ੍ਹਾਂ ਤੋਂ ਇਲਾਵਾ ਇਥੇ ਰਾਜਸਥਾਨ, ਤਾਮਿਲਨਾਡੂ, ਮੱਧ-ਪ੍ਰਦੇਸ਼ ਤੇ ਹੋਰ ਸੂਬਿਆਂ ਦੇ ਕਿਸਾਨ ਵੀ ਆਪੋ-ਆਪਣੇ ਢੰਗ ਨਾਲ ਖੇਤੀ ਬਿਲਾਂ ਦਾ ਵਿਰੋਧ ਕਰ ਰਹੇ ਹਨ। ਭਾਰਤੀ ਕਿਸਾਨ ਹੁਣ ਪੜ੍ਹ-ਲਿਖ ਕੇ ਸੂਝਵਾਨ ਹੋ ਚੁੱਕਿਆ ਹੈ। ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਵੀ ਕੰਮ ਲਿਆ ਜਾ ਰਿਹਾ ਹੈ। ਨੌਜਵਾਨ ਬਜ਼ੁਰਗਾਂ ਦਾ ਖਿਆਲ ਰੱਖ ਰਹੇ ਹਨ। ਹਰ ਕੋਈ ਇਕ ਦੂਜੇ ਦੀ ਸਹਾਇਤਾ ਲਈ ਤੱਤਪਰ ਹੈ। ਇਥੇ ਲੱਗੀਆਂ ਸੱਥਾਂ 'ਚ ਕੋਈ ਰਾਜਨੀਤਿਕ ਨੇਤਾਵਾਂ ਵਲੋਂ ਚਲਾਈ 'ਵੰਡੋ ਤੇ ਰਾਜ ਕਰੋ' ਦੀ ਨੀਤੀ ਅਤੇ ਕੋਈ ਆਪਸੀ ਭਾਈਚਾਰੇ ਦੀਆਂ ਗੱਲਾਂ ਕਰ ਰਿਹਾ ਹੈ। ਕੋਈ ਹੋਰ ਹੀ ਜਜ਼ਬਾਤੀ ਜਿਹਾ ਮਾਹੌਲ ਸਿਰਜਿਆ ਹੋਇਆ ਹੈ, ਜਿਵੇਂ ਸਭ ਵੈਰ-ਵਿਰੋਧ ਖਤਮ ਹੋ ਗਏ ਹੋਣ। ਕਿਸੇ ਪੁਰਾਣੀ ਫਿਲਮ ਦੀ ਕਹਾਣੀ ਵਾਂਗ ਲੱਗਦਾ ਹੈ, ਜਿਵੇਂ ਕੁੱਲ ਕਾਇਨਾਤ 'ਚ ਪਿਆਰ ਦੀ ਫ਼ਿਜ਼ਾ ਘੁਲ ਗਈ ਹੋਵੇ। ਸਾਰੇ ਇਕ-ਦੂਜੇ ਦੀ ਹੌਂਸਲਾ-ਅਫ਼ਜ਼ਾਈ ਕਰਦੇ ਹੋਏ ਅੰਦੋਲਨ ਦੀ ਸਫ਼ਲਤਾ ਦੀ ਦੁਆ ਕਰ ਰਹੇ ਹਨ।

ਵਿਹਲੇ ਪਲਾਂ 'ਚ ਨੌਜਵਾਨ ਤਾਸ਼ ਵੀ ਖੇਡ ਰਹੇ ਹਨ। ਸੜਕ ਦੇ ਆਰ-ਪਾਰ ਰੱਸੀਆਂ ਬੰਨ੍ਹ ਕੇ ਕਿਸਾਨਾਂ ਨੇ ਕੱਪੜੇ ਸੁਕਣੇ ਪਾਏ ਹੋਏ ਹਨ। ਲੰਗਰ 'ਚ ਨੌਜਵਾਨ ਮੁੰਡੇ ਪ੍ਰਸ਼ਾਦੇ ਬਣਾ ਰਹੇ ਹਨ ਅਤੇ ਸਬਜ਼ੀਆਂ ਕੱਟ ਰਹੇ ਹਨ। ਕਿਧਰੇ ਕੋਈ ਦਵਾਈਆਂ ਦੀ ਸੇਵਾ ਨਿਭਾਅ ਰਿਹਾ ਹੈ, ਔਰਤਾਂ ਲਈ ਸੈਨੀਪੈਡ ਵੀ ਵੰਡੇ ਜਾ ਰਹੇ ਹਨ। ਦਿਨ ਚੜ੍ਹਦੇ ਤੱਕ ਹੋਰ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ ਹਨ। ਇਕ ਥਾਂ 'ਤੇ ਪ੍ਰਾਜੈਕਟਰ ਲਗਾ ਕੇ ਫਿਲਮ ਚੱਲ ਰਹੀ ਹੈ ਤੇ ਕਿਸ ਨੇ ਟਰਾਲੀ 'ਚ ਡਿਸ਼ ਵੀ ਲਗਾ ਰੱਖੀ ਹੈ। ਚਾਰੇ ਪਾਸੇ ਖੇਤੀ ਬਿਲ ਰੱਦ ਕਰਨ ਦੀ ਚਰਚਾ ਹੈ। ਇਕ ਨੌਜਵਾਨ ਅਖਬਾਰ ਵੰਡਣ ਦੀ ਸੇਵਾ ਨਿਭਾਅ ਰਿਹਾ ਹੈ। ਇਥੇ ਕੁਝ ਕੁ ਨੈਸ਼ਨਲ ਚੈਨਲਾਂ ਦਾ ਬਾਈਕਾਟ ਕੀਤਾ ਹੋਇਆ ਹੈ, ਜਿਸ ਸਦਕਾ ਸਥਾਨਕ ਮੀਡੀਆ ਸੁਰਖੀਆਂ 'ਚ ਹੈ ਅਤੇ ਲੋਕਲ ਚੈਨਲਾਂ ਦੀ ਭਰਮਾਰ ਹੈ। ਮੀਡੀਆ ਵਾਲੇ ਸਵੇਰ ਤੋਂ ਲੈ ਕੇ ਰਾਤ ਤੀਕਰ ਇਥੇ ਹੀ ਰਿਪੋਰਟਿੰਗ ਕਰ ਰਹੇ ਹਨ। ਵੈਸੇ ਨੈਸ਼ਨਲ ਚੈਨਲਾਂ ਲਈ ਇਹ ਬਹੁਤ ਵੱਡੀ ਕਵਰੇਜ਼ ਕਰਨ ਦਾ ਮੌਕਾ ਸੀ, ਜੇਕਰ ਉਹ ਇਮਾਨਦਾਰੀ ਨਾਲ ਸਾਰੀ ਤਸਵੀਰ ਪੇਸ਼ ਕਰ ਦਿਖਾਉਂਦੇ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਖੌਤੀ ਗੋਦੀ ਮੀਡੀਆ ਕਿਸਾਨਾਂ ਨੂੰ ਅੱਤਵਾਦੀ ਦੱਸ ਰਿਹਾ ਹੈ ਪਰ ਉਥੇ ਪੰਜਾਬ ਦੇ ਹਰੇਕ ਪਿੰਡ ਦਾ ਕਿਸਾਨ ਬੈਠਾ ਹੈ। ਸ਼ੁਰੂ 'ਚ ਹਰਿਆਣੇ ਦੇ ਮੁੱਖ ਮੰਤਰੀ ਖੱਟਰ ਨੇ ਵੀ ਕਿਸਾਨਾਂ ਨੂੰ ਅੱਤਵਾਦੀ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਪਰ ਜਦੋਂ ਹਰਿਆਣੇ ਦੇ ਕਿਸਾਨਾਂ ਨੇ ਵੀ ਅੰਦੋਲਨ 'ਚ ਸ਼ਮੂਲੀਅਤ ਕਰਦਿਆਂ ਇਸ ਦਾ ਵਿਰੋਧ ਕੀਤਾ ਤਾਂ ਕਿਤੇ ਜਾ ਕੇ ਉਹ ਚੁੱਪ ਹੋਇਆ।

ਧਰਨੇ ਦੇ ਅਖੀਰ 'ਚ ਕਿਸਾਨ ਯੂਨੀਅਨ ਦੀ ਸਟੇਜ ਲੱਗੀ ਹੋਈ ਹੈ, ਜਿਥੇ ਬੁਲਾਰੇ ਜੋਸ਼ ਭਰੀਆਂ ਤਕਰੀਰਾਂ ਨਾਲ ਖੇਤੀ ਬਿਲ ਰੱਦ ਕਰਨ ਦੀ ਮੰਗ ਕਰ ਰਹੇ ਹਨ। ਇਥੇ ਅੰਤਾਂ ਦਾ ਇਕੱਠ ਹੈ। ਕਲਾਕਾਰ, ਲੇਖਕ, ਬੁੱਧੀਜੀਵੀ ਤੇ ਕਿਸਾਨੀ ਨਾਲ ਸਬੰਧਤ ਹੋਰ ਲੋਕ ਸੰਬੋਧਨ ਕਰ ਰਹੇ ਹਨ। ਭਾਜਪਾ ਤੋਂ ਬਿਨਾਂ ਸਾਰੀਆਂ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਆਗੂਆਂ ਦੀ ਕਿਸਾਨੀ ਸੰਘਰਸ਼ ਨੂੰ ਹਮਾਇਤ ਹੈ। ਇਹ ਕਹਿਣ 'ਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਕਿਸਾਨਾਂ ਨੂੰ ਹਮਾਇਤ ਕਰਨਾ ਉਨ੍ਹਾਂ ਦੀ ਸਿਆਸੀ ਮਜਬੂਰੀ ਵੀ ਹੋ ਸਕਦੀ ਹੈ, ਕਿਉਂਕਿ ਇਥੇ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਸਟੇਜ 'ਤੇ ਚੜ੍ਹਣ ਦੀ ਮਨਾਹੀ ਹੈ। ਹਾਂ ਉਹ ਚਾਹੇ ਤਾਂ ਕਿਸਾਨੀ ਦੇ ਝੰਡੇ ਹੇਠ ਕਿਸਾਨੀ ਦੀ ਗੱਲ ਕਰ ਸਕਦਾ ਹੈ। ਕਿਸਾਨ ਯੂਨੀਅਨਾਂ ਨੇ ਐਡਾ ਵੱਡਾ ਅੰਦੋਲਨ ਆਪਣੇ ਦਮ 'ਤੇ ਖੜ੍ਹਾ ਕੀਤਾ ਹੈ, ਜਿਸ ਕਾਰਨ ਕਿਤੇ ਨਾ ਕਿਤੇ ਸਿਆਸੀ ਆਗੂ ਤੇ ਸਿਆਸੀ ਪਾਰਟੀਆਂ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਇਸ ਅੰਦੋਲਨ 'ਚੋਂ ਨਿਕਲੀ ਲਹਿਰ ਨੇ ਅੱਗੇ ਚੱਲ ਕੇ ਕਿਹੜਾ ਰੂਪ ਲੈਣਾ ਹੈ, ਇਸ ਬਾਬਤ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ।

ਸਟੇਜ ਵਾਲੀ ਥਾਂ ਲੰਘਣ ਉਪਰੰਤ ਨਿਹੰਗ ਸਿੰਘ ਤੰਬੂ ਲਾ ਕੇ ਬੈਠੇ ਹਨ। ਸੋਸ਼ਲ ਮੀਡੀਆ ਅਤੇ ਖਬਰਾਂ 'ਚ ਚਰਚਿਤ ਬਾਜ਼ ਵੀ ਇਸ ਥਾਂ 'ਤੇ ਹੀ ਬੈਠਾ ਹੈ। ਇਸ ਦੇ ਨਾਲ ਹੀ ਅੱਗੇ ਸੜਕ 'ਤੇ ਰੇਤੇ ਨਾਲ ਭਰੇ ਹੋਏ ਕੈਂਟਰ ਖੜ੍ਹੇ ਕੀਤੇ ਹਨ, ਤਾਂ ਜੋ ਕਿਸਾਨ ਜਥੇਬੰਦੀਆਂ ਇਸ ਥਾਂ ਤੋਂ ਅੱਗੇ ਨਾ ਜਾ ਸਕਣ। ਕੈਂਟਰਾਂ ਤੋਂ ਇਲਾਵਾ ਇਥੇ ਸੀਮਿੰਟ ਦੇ ਵੱਡੇ-ਵੱਡੇ ਬੈਰੀਗੇਡ ਅਤੇ ਕੰਡਿਆਲੀ ਤਾਰ ਲਗਾਈ ਹੋਈ ਹੈ, ਜਿਹੜੀ ਭਾਰਤ-ਪਾਕਿ ਸਰਹੱਦ ਦਾ ਭੁਲੇਖਾ ਪਾਉਂਦੀ ਹੈ। ਬੈਰੀਗੇਡਾਂ ਤੋਂ ਦੂਜੇ ਪਾਸੇ ਭਾਰੀ ਫੋਰਸ ਤਾਇਨਾਤ ਕੀਤੀ ਹੋਈ ਹੈ। ਸਿਰਫ ਪੈਦਲ ਲੰਘਣ ਲਈ ਥੋੜ੍ਹਾ ਜਿਹਾ ਰਸਤਾ ਛੱਡਿਆ ਹੋਇਆ ਹੈ, ਇਸ ਤੋਂ ਅੱਗੇ ਸੜਕ ਬਿਲਕੁਲ ਖਾਲੀ ਹੈ। ਨੇੜਲੇ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹ ਵੀ ਕਿਸਾਨ ਤੇ ਮਜ਼ਦੂਰ ਹੀ ਹਨ, ਜੇਕਰ ਕੁਝ ਦਿਨਾਂ ਦਾ ਨੁਕਸਾਨ ਸਹਿ ਕੇ ਇਸਦਾ ਸਾਰਥਕ ਹੱਲ ਨਿਕਲਦਾ ਹੈ, ਤਾਂ ਸੌਦਾ ਸਸਤਾ ਹੀ ਹੈ। ਦੇਸ਼ ਦੇ ਹੋਰ ਹਿੱਸਿਆਂ ਦੇ ਕਿਸਾਨ ਇਸ ਪਾਸਿਓਂ ਵੀ ਆ ਰਹੇ ਹਨ ਪਰ ਉਹ ਜ਼ਿਆਦਾਤਰ ਦੂਜੇ ਬਾਰਡਰਾਂ 'ਤੇ ਬੈਠੇ ਹਨ। ਹੋਰ ਅੱਗੇ ਜਾਂਦਿਆਂ ਜੀ.ਟੀ. ਰੋਡ 'ਤੇ ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਕਿਸਾਨਾਂ ਲਈ ਮੋਬਾਈਲ ਟਾਇਲਟ ਦੀ ਵਿਵਸਥਾ ਕੀਤੀ ਹੋਈ ਹੈ, ਜੋ ਕਿ ਚੰਗੀ ਗੱਲ ਹੈ ਪਰ ਹੋਰ ਚੰਗਾ ਹੁੰਦਾ, ਜੇਕਰ ਇਹ ਸਹੂਲਤ ਬੈਰੀਗੇਡਾਂ ਤੋਂ ਪਹਿਲਾਂ ਧਰਨੇ ਵਾਲੇ ਪਾਸੇ ਹੁੰਦੀ।

ਇਸ ਅੰਦੋਲਨ ਦਾ ਨਤੀਜਾ ਭਾਵੇਂ ਜੋ ਵੀ ਹੋਵੇ ਪਰ ਯਕੀਨਨ ਕਿਸਾਨਾਂ ਦਾ ਇਹ ਸੰਘਰਸ਼ ਇਤਿਹਾਸ ਦੇ ਪੰਨਿਆਂ 'ਚ ਸੁਨਿਹਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਕਿਸਾਨਾਂ ਦੇ ਜਨੂੰਨ, ਠਰੰਮੇ, ਹੌਂਸਲੇ ਤੇ ਸੂਝਬੂਝ ਤੋਂ ਲੱਗਦਾ ਹੈ ਕਿ ਉਨ੍ਹਾਂ ਦੀ ਜਿੱਤ ਲਾਜ਼ਮੀ ਹੈ, ਬਸ਼ਰਤੇ ਏਕਾ ਬਣਿਆ ਰਹੇ, ਕੋਈ ਨੇਤਾ ਆਪਣਾ ਇਮਾਨ ਨਾ ਵੇਚੇ। ਕਿਉਂਕਿ ਸੰਘਰਸ਼ਾਂ ਦੀ ਮੁੱਢ ਤੋਂ ਤ੍ਰਾਸਦੀ ਰਹੀ ਕਿ ਨੇਤਾ ਆਪਣੀ ਜ਼ਮੀਰ ਮਾਰ ਕੇ ਅੰਦੋਲਨ ਨੂੰ ਵੇਚ ਦਿੰਦੇ ਹਨ ਤੇ ਜਿੱਤ ਦੇ ਨੇੜੇ ਹੋਣ ਦੇ ਬਾਵਜੂਦ ਹਾਰ ਕੇ ਪਰਤਣਾ ਪੈਂਦਾ ਹੈ। ਸਰਕਾਰ ਨੂੰ ਫੋਕੀ ਹੈਂਕੜ ਭਰੀ ਨੀਤੀ ਛੱਡ ਕੇ ਆਪਾਝਾਤ ਮਾਰਨ ਦੀ ਲੋੜ ਹੈ, ਤਾਂ ਜੋ ਦੇਸ਼ ਦਾ ਅੰਨਦਾਤਾ ਹੋਰ ਸੜਕਾਂ 'ਤੇ ਨਾ ਰੁਲੇ। ਸੱਚੀਂ, ਸਲਾਮ ਐ ਕਿਸਾਨ ਦੇ ਸਬਰ, ਜਜ਼ਬੇ ਤੇ ਜਨੂੰਨ ਨੂੰ, ਜਿਸ ਦੇ ਚੱਲਦਿਆਂ ਦਿਨੋਂ-ਦਿਨ ਜਬਰ 'ਤੇ ਸਬਰ ਦੀ ਜਿੱਤ ਦਾ ਪ੍ਰਤੀਕ ਬਣਦਾ ਜਾ ਰਿਹਾ ਹੈ ਦਿੱਲੀ ਅੰਦੋਲਨ।






# ਪੱਤਰਕਾਰੀ ਦਾ ਬਾਬਾ ਬੋਹੜ ਸੀ ਸਵ. ਜਗਜੀਤ ਸਿੰਘ ਥਿੰਦ

ਕੁਲਵੰਤ ਉੱਭੀ ਧਾਲੀਆਂ
ਫਰਿਜ਼ਨੋ, ਕੇਲੈਫੋਰਨੀਆਂ, ਅਮਰੀਕਾ
ਫੋਨ: (559) 473-9264
ਪੰਜਾਬ ਮੇਲ USA



ਹਰ ਵਿਅਕਤੀ ਦੀ ਆਪਣੀ ਵਿਲੱਖਣ ਸ਼ਖ਼ਸੀਅਤ ਅਤੇ ਪਹਿਚਾਣ ਹੁੰਦੀ ਹੈ, ਜਿਸ ਲਈ ਬਹੁਤ ਸਾਰੇ ਲੋਕ ਬਹੁਤ ਵਿਖਾਵਾ ਕਰਦੇ ਹਨ ਕਿ ਸਮਾਜਿਕ ਦਾਇਰੇ ਵਿਚ ਪਹਿਚਾਣੇ ਜਾਣ। ਪਰ ਕੁਝ ਉਹ ਲੋਕ ਵੀ ਹੁੰਦੇ ਹਨ, ਜੋ ਸਮਾਜ ਵਿਚ ਵਿਚਰਦੇ ਹੋਏ ਅਜਿਹੇ ਕਾਰਜ ਕਰ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਪਹਿਚਾਣ ਬਣਾਉਣ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਦੀ ਪਹਿਚਾਣ ਆਪਣੇ ਆਪ ਬਣ ਜਾਂਦੀ ਹੈ। ਇਸ ਤੋਂ ਇਲਾਵਾ ਉਹ ਲੋਕ ਹੋਰਨਾਂ ਦੀ ਵੀ ਪਹਿਚਾਣ ਬਣਾਉਂਦੇ ਹਨ। ਅਜਿਹੀ ਹੀ ਵਿਲੱਖਣ ਸ਼ਖਸੀਅਤ ਦੇ ਮਾਲਕ ਸਨ ਪੱਤਰਕਾਰ ਸਵ. ਸ. ਜਗਜੀਤ ਸਿੰਘ ਥਿੰਦ। ਜਿਨ੍ਹਾਂ ਨੇ ਆਪਣੀ ਪੱਤਰਕਾਰੀ ਰਾਹੀਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਭਾਈਚਾਰੇ ਵਿਚ ਲਿਆ ਪਹਿਚਾਣ ਦਿੱਤੀ।

ਉਨ੍ਹਾਂ ਦਾ ਜਨਮ ਪਿੰਡ ਬਿੰਜ਼ਲ, ਨਜ਼ਦੀਕ ਜਗਰਾਉਂ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਚ 4 ਜਨਵਰੀ, 1930 ਨੂੰ ਹੋਇਆ ਸੀ। ਉਹ ਹਮੇਸ਼ਾ ਆਪਣੇ ਪਰਿਵਾਰ ਨਾਲ ਘਰ ਦੇ ਕੰਮਾਂ ਵਿਚ ਮਦਦ ਕਰਦੇ ਰਹਿੰਦੇ ਸਨ। ਪਰ ਮਾਪਿਆਂ ਦੇ ਸਹਿਯੋਗ ਅਤੇ ਹੱਲਾਸ਼ੇਰੀ ਨਾਲ ਦਸਵੀਂ ਜਮਾਤ ਤੱਕ ਦੀ ਪੜ੍ਹਾਈ "ਖਾਲਸਾ ਹਾਈ ਸਕੂਲ, ਕਮਾਲਪੁਰਾ" ਤੋਂ ਕੀਤੀ। ਇਸ ਉਪਰੰਤ ਪੜ੍ਹਾਈ ਪ੍ਰਤੀ ਦਿਲਚਸਪੀ ਹੋਣ ਕਰਕੇ ਅਗਲੀ ਐੱਫ.ਏ. ਅਤੇ ਗਿਆਨੀ ਦੀ ਪੜ੍ਹਾਈ ਪ੍ਰਾਈਵੇਟ ਪਾਸ ਕੀਤੀ। ਆਪਣੀ ਜ਼ਿੰਦਗੀ ਦੇ ਸੁਨਹਿਰੀ ਭਵਿੱਖ ਲਈ ਟੀਚਰ ਟਰੇਨਿੰਗ ਜਲੰਧਰ ਤੋਂ ਪ੍ਰਾਪਤ ਕੀਤੀ।

ਆਪਣੀ ਚੰਗੀ ਉੱਚ ਸਿੱਖਿਆ ਅਤੇ ਸਮਾਜਿਕ ਸੇਵਾਵਾਂ ਵਾਲੀ ਬਿਰਤੀ ਹੋਣ ਕਰਕੇ ਆਪਣੇ ਪਿੰਡ ਦੀ ਭਲਾਈ ਅਤੇ ਸਾਂਝੇ ਕਾਰਜਾਂ ਨੂੰ ਹਮੇਸ਼ਾ ਤਰਜੀਹ ਦਿੰਦੇ ਸਨ। ਇਹੀ ਕਾਰਨ ਸੀ ਕਿ ਉਹ 33 ਸਾਲ ਦੇ ਲਗਭਗ ਪਿੰਡ ਦੀ ਕੋਆਪਰੇਟਿਵ ਵਿਖੇ ਨੌਕਰੀ ਕਰਦੇ ਰਹੇ। ਇਸਦਾ ਦੂਜਾ ਕਾਰਨ ਕਿ ਉਨ੍ਹਾਂ ਦਾ ਪਿੰਡ ਵਿਚ ਬਹੁਤ ਸਤਿਕਾਰ ਸੀ। ਜਿਸ ਦੀ ਉਦਾਹਰਣ ਉਹ ਆਪਣੇ ਪਿੰਡ ਬਿੰਜ਼ਲ ਦੇ 23 ਸਾਲ ਲਗਾਤਾਰ ਸਰਪੰਚ ਵੀ ਰਹੇ। ਉਨ੍ਹਾਂ ਪਿੰਡ ਦੇ ਭਲਾਈ ਕਾਰਜਾਂ ਵਿਚ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਜਿੱਥੇ ਆਪਣੇ ਬੱਚਿਆਂ ਨੂੰ ਉੱਚ ਵਿੱਦਿਆ ਲਈ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਭੇਜਿਆ, ਉੱਥੇ ਪਿੰਡ ਦੇ ਹੋਰ ਬਹੁਤ ਬੱਚਿਆਂ ਨੂੰ ਵੀ ਸਿੱਖਿਆ ਵੱਲ ਪ੍ਰੇਰਿਤ ਕੀਤਾ, ਜਿਸ ਦਾ ਕਾਰਨ ਕਿ ਇਸ ਪਿੰਡ ਦੇ ਲੋਕ ਪੜ੍ਹੇ-ਲਿਖੇ ਅਤੇ ਉੱਚ ਅਹੁਦਿਆਂ ਉੱਤੇ ਬੈਠੇ ਹਨ।

ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਵਿਚ ਰਹਿੰਦਿਆਂ ਦੋ ਵਾਰੀ ਬਤੌਰ ਇਫਕੋ (ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਕੋਆਪਰੇਟਿਵ) ਦੇ ਡਾਇਰੈਕਟਰ ਵੀ ਰਹੇ।

ਦੋ ਵਾਰ ਲੁਧਿਆਣਾ ਸਟੇਟ ਕੋਚ ਯੂਨੀਅਨ ਦੇ ਮੈਂਬਰ ਰਹੇ। ਦੋ ਵਾਰ ਲੁਧਿਆਣਾ ਡਿਸਟ੍ਰਿਕਟ ਹੋਲਸੇਲ ਸੁਸਾਇਟੀ ਦੇ ਡਾਇਰੈਕਟਰ ਰਹੇ।

ਇਨ੍ਹਾਂ ਦੇ ਕੀਤੇ ਚੰਗੇ ਕਾਰਜਾਂ ਬਦਲੇ ਤਿੰਨ ਵਾਰ ਬਲਾਕ ਸੰਮਤੀ (ਬਲਾਕ ਸੁਧਾਰ) ਦੇ ਮੈਂਬਰ ਬਣੇ ਅਤੇ ਇਸੇ ਦੌਰਾਨ ਫਾਈਨੈਂਸ ਕਮੇਟੀ ਦੇ ਚੇਅਰਮੈਨ ਬਣੇ। ਇੱਕ ਪੂਰਾ ਕਾਰਜਕਾਲ ਬਤੌਰ ਲੁਧਿਆਣਾ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਵੀ ਰਹੇ। ਇਸੇ ਤਰ੍ਹਾਂ ਇੱਕ ਪੂਰਾ ਕਾਰਜਕਾਲ ਰਾਏਕੋਟ ਮਾਰਕੀਟ ਸੁਸਾਇਟੀ ਦੇ ਵਾਈਸ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਉਣ ਦਾ ਮਾਣ ਪ੍ਰਾਪਤ ਹੋਇਆ।



ਸਵ. ਜਗਜੀਤ ਸਿੰਘ ਥਿੰਦ (ਪੱਤਰਕਾਰ)

ਜਿਨ੍ਹਾਂ ਨੇ ਪੰਜਾਬ ਵਿਚ ਸਮਾਜਿਕ ਕਾਰਜਾਂ ਦੀ ਜੋ ਸ਼ੁਰੂਆਤ ਕੀਤੀ ਸੀ, ਉਨ੍ਹਾਂ ਨੂੰ ਅਮਰੀਕਾ ਦੀ ਧਰਤੀ 'ਤੇ ਪਹੁੰਚ ਕੇ ਵੀ ਇਸ ਤਰ੍ਹਾਂ ਜਾਰੀ ਰੱਖਿਆ ਕਿ ਉਨ੍ਹਾਂ ਨੂੰ ਮਿਲਿਆ ਅਮਰੀਕਾ ਪ੍ਰਦੇਸ਼ ਨਹੀਂ, ਸਗੋਂ ਪੰਜਾਬ ਹੀ ਲੱਗਦਾ ਸੀ। ਜ਼ਿੰਦਗੀ ਦੇ ਬਹੁਤ ਸਾਰੇ ਤਜ਼ਰਬਿਆਂ ਅਤੇ ਸਮਾਜਿਕ ਕਾਰਜਾਂ ਵਿਚ ਵਿਚਰਦੇ ਹੋਏ ਲੋਕਾਂ ਦੇ ਕੰਮਾਂ ਅਤੇ ਹਾਲਾਤਾਂ ਨੂੰ ਸਮਝਦੇ ਹੋਏ ਬਹੁਤ ਨੇੜਿਓਂ ਦੇਖਿਆ। ਇਸੇ ਤਜ਼ਰਬੇ ਅਤੇ ਉੱਚੀ ਸੋਚ ਦੇ ਵਿਚ ਪੱਤਰਕਾਰੀ ਦਾ ਜਨਮ ਹੋਇਆ।

ਪਹਿਲੀ ਵਾਰ 1991 ਈ. ਨੂੰ ਆਪਣੀ ਧੀ ਪਰਮਿੰਦਰ ਕੌਰ ਬਦੇਸਾ ਅਤੇ ਜਵਾਈ ਸ. ਮਹਿੰਦਰ ਸਿੰਘ ਬਦੇਸਾ ਦੇ ਸੱਦੇ 'ਤੇ ਅਮਰੀਕਾ ਵਿਚ ਕੈਲੀਫੋਰਨੀਆ ਦੇ ਸ਼ਹਿਰ ਕਰਮਨ ਵਿਖੇ ਆਏ। ਉਹ ਪੰਜਾਬ ਵਿਚ ਆਪਣੇ ਕਾਰੋਬਾਰ ਅਤੇ ਸਮਾਜਿਕ ਰੁਝੇਵਿਆਂ ਕਰਕੇ ਇੱਥੇ ਬਹੁਤਾ ਸਮਾਂ ਨਾ ਰਹਿ ਸਕੇ। ਜਲਦ ਵਾਪਸ ਪੰਜਾਬ ਚਲੇ ਗਏ। ਜਿੱਥੇ ਇਸ ਉਪਰੰਤ ਆਪਣੇ ਅਧੂਰੇ ਕੰਮਾਂ ਨੂੰ ਪੂਰਾ ਕੀਤਾ ਅਤੇ ਬਾਅਦ ਵਿਚ ਸਾਰੇ ਪਰਿਵਾਰ ਦੀ ਪੱਕੀ ਪਟੀਸ਼ਨ ਨਿਕਲਣ ਉਪਰੰਤ 1997 ਈ. ਨੂੰ ਇੱਥੇ ਪੱਕੇ ਤੌਰ 'ਤੇ ਵਾਪਸ ਰਹਿਣ ਲਈ ਆ ਗਏ। ਜਦਕਿ ਇਨ੍ਹਾਂ ਦਾ ਪੁੱਤਰ ਸੁਰਿੰਦਰ ਸਿੰਘ ਥਿੰਦ, ਉਸ ਦੀ ਪਤਨੀ, ਇੱਕ ਪੋਤਰਾ ਅਤੇ ਤਿੰਨ ਪੋਤੀਆਂ 1998 ਈ. ਨੂੰ ਆਪਣੇ ਬਾਪੂ ਜੀ ਕੋਲ ਪੰਜਾਬ ਤੋਂ ਆ ਗਏ। ਜਿੱਥੇ ਉਨ੍ਹਾਂ ਪੰਜਾਬੀ ਦੀ ਸੰਘਣੀ ਵਸੋਂ ਵਾਲੇ ਇਸ ਸ਼ਹਿਰ ਕਰਮਨ ਨੂੰ ਆਪਣਾ ਰੈਣ ਬਸੇਰਾ ਬਣਾ ਲਿਆ ਅਤੇ ਆਪਣੇ ਅੰਤਿਮ ਸੁਆਸਾਂ ਤੱਕ ਇੱਥੇ ਰਹਿ ਕੇ ਆਪਣੀ ਪੱਤਰਕਾਰੀ ਦੇ ਨਾਲ-ਨਾਲ ਆਪਣੇ ਕੁਝ ਦੋਸਤਾਂ ਨਾਲ ਰਲ ਪੰਜਾਬੀ ਭਾਈਚਾਰੇ ਲਈ ਸਮਾਜ ਸੇਵਾ ਵਿਚ ਸਰਗਰਮ ਰਹਿੰਦੇ।



ਸਵ. ਜਗਜੀਤ ਸਿੰਘ ਥਿੰਦ ਪੱਤਰਕਾਰ ਭਾਈਚਾਰੇ ਨਾਲ ਇਕ ਮੀਟਿੰਗ ਦੌਰਾਨ। ਨਾਲ ਖੜ੍ਹੇ ਸਨ ਨੀਟਾ ਮਾਛੀਕੇ, ਗੁਰਜਤਿੰਦਰ ਸਿੰਘ ਰੰਧਾਵਾ, ਕੁਲਵੰਤ ਧਾਲੀਆਂ ਅਤੇ ਹੋਰ ਪੱਤਰਕਾਰ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਵੀ ਪੰਜਾਬ ਤੋਂ ਪੱਕੇ ਤੌਰ 'ਤੇ ਕਰਮਨ ਸ਼ਹਿਰ ਵਿਖੇ ਆ ਵਸਿਆ ਸੀ। ਇਸ ਤੋਂ ਪਹਿਲਾਂ ਮੈਂ ਪੱਤਰਕਾਰੀ ਅਤੇ ਅਖਬਾਰਾਂ ਆਦਿਕ ਲਈ ਆਰਟੀਕਲ ਲਿਖਣ ਤੋਂ ਇਲਾਵਾ ਇਨ੍ਹਾਂ ਦੇ ਨਜ਼ਦੀਕੀ ਪਿੰਡ ਕਮਾਲਪੁਰਾ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਬਤੌਰ ਲੈਕਚਰਾਰ ਰਿਹਾ ਹੋਣ ਕਰਕੇ ਸ. ਜਗਜੀਤ ਸਿੰਘ ਥਿੰਦ ਦੀ ਸਮਾਜ ਸੇਵਾ, ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਨੂੰ ਜਾਣਦਾ ਸੀ। ਸਬੱਬ ਦੀ ਗੱਲ ਇਹ ਸੀ ਕਿ ਸ. ਜਗਜੀਤ ਸਿੰਘ ਥਿੰਦ ਇਸ ਸਕੂਲ ਤੋਂ ਪੜ੍ਹੇ ਹੋਏ ਸਨ ਅਤੇ ਇਸ ਸਕੂਲ ਦੇ ਵਿਕਾਸ ਵਿਚ ਵੀ ਇਨ੍ਹਾਂ ਦਾ ਯੋਗਦਾਨ ਰਿਹਾ। ਇਹ ਇਨ੍ਹਾਂ ਦੇ ਇਲਾਕੇ ਦਾ ਸਭ ਵੱਡਾ ਸਕੂਲ ਸੀ। ਪਰ ਮੇਰੀ ਜ਼ਿਆਦਾ ਸਾਂਝ ਕੈਲੀਫੋਰਨੀਆ ਦੇ ਸ਼ਹਿਰ ਕਰਮਨ ਆ ਕੇ ਹੀ ਵਧੀ। ਪੱਤਰਕਾਰੀ ਦਾ ਖੇਤਰ ਸਾਡਾ ਦੋਨਾਂ ਦਾ ਸਾਂਝਾ ਖੇਤਰ ਸੀ, ਜੋ ਅਸੀਂ ਪੰਜਾਬ ਤੋਂ ਪੱਤਰਕਾਰੀ ਕਰਦੇ ਆ ਰਹੇ ਸੀ। ਪਰ ਇਸ ਖੇਤਰ ਵਿਚ ਤਜ਼ਰਬਿਆਂ ਅਤੇ ਉਮਰ ਦੇ ਆਧਾਰ 'ਤੇ ਸ. ਜਗਜੀਤ ਸਿੰਘ ਥਿੰਦ ਪੱਤਰਕਾਰੀ ਦੇ ਬਾਬਾ ਬੋਹੜ ਸਨ। ਮੈਂ ਅਤੇ ਸਾਡੇ ਪੱਤਰਕਾਰੀ ਦੇ ਖੇਤਰ ਦੇ ਸਾਰੇ ਸਾਥੀ ਉਨ੍ਹਾਂ ਨੂੰ ਬਹੁਤ ਸਤਿਕਾਰ ਦਿੰਦੇ ਸਨ। ਇਸੇ ਤਰ੍ਹਾਂ ਕਈ ਵਾਰ ਇਸ ਖੇਤਰ ਨੂੰ ਲੈ ਕੇ ਸਾਡੀ ਨੋਕ-ਝੋਕ ਵੀ ਚੱਲਦੀ ਰਹਿੰਦੀ ਸੀ, ਪਰ ਅਸੀਂ ਕਦੇ ਵੀ ਉਨ੍ਹਾਂ ਦੇ ਕਹੇ ਤੋਂ ਮੁਨਕਰ ਨਹੀਂ ਹੋਏ। ਕਈ ਵਾਰ ਅਖੌਤੀ ਬਣੇ ਪੱਤਰਕਾਰਾਂ ਬਾਰੇ ਉਹ ਅਕਸਰ ਹੀ ਕਹਿ ਦਿੰਦੇ, ਇਹ ਪੈਸੇ ਕਮਾਉਣ ਅਤੇ ਲੜਾਈ ਪਾਉਣ ਵਾਲੇ ਨੇ, ਜਦਕਿ ਆਪਣਾ ਕੰਮ ਤਾਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਂਝੀਵਾਲਤਾ ਵਾਲਾ ਕੰਮ ਹੈ। ਉਨ੍ਹਾਂ ਨੇ ਇੱਥੇ ਚੰਗੇ ਨਾਮਵਰ ਅਖ਼ਬਾਰਾਂ ਲਈ ਪੱਤਰਕਾਰੀ ਕੀਤੀ ਅਤੇ ਵੱਖ-ਵੱਖ ਸੰਸਥਾਵਾਂ ਨਾਲ ਵੀ ਬਤੌਰ ਮੈਂਬਰ ਜੁੜੇ ਰਹੇ।

ਪੱਤਰਕਾਰੀ ਤੋਂ ਇਲਾਵਾ ਸ. ਜਗਜੀਤ ਸਿੰਘ ਥਿੰਦ ਹਮੇਸ਼ਾ ਵੱਡੇ-ਵੱਡੇ ਸਾਹਿਤਕ ਕਰਮੀਆਂ, ਸਮਾਜ ਸੇਵਕਾਂ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਨਾਲ ਵੀ ਜੁੜੇ ਰਹਿੰਦੇ ਸਨ। ਅਕਸਰ ਇਨ੍ਹਾਂ ਦੇ ਘਰ ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਇਸੇ ਹੀ ਸੁਚੱਜੇ ਮਿਲਾਪ ਵਿਚੋਂ ਇਨ੍ਹਾਂ ਦੇ ਹੱਥ ਭਾਰਤ ਦੀ ਆਜ਼ਾਦੀ ਦੇ ਬਹੁਤ ਸਾਰੇ ਦਸਤਾਵੇਜ਼ ਆਏ, ਜਿਸ ਦੀ ਪੂਰੀ ਖੋਜ ਕਰਨ ਉਪਰੰਤ ਉਨ੍ਹਾਂ ਨੇ ਡਾ. ਗੁਰੂਮੇਲ ਸਿੰਘ ਸਿੱਧੂ ਨੂੰ ਤਾਕੀਦ ਕੀਤੀ ਕਿ ਉਹ ਗਦਰ ਦੇ ਇਸ ਦੂਸਰੇ ਪੱਖ ਭਾਵ ਸ਼ਹਿਰੀਅਤ ਅਤੇ ਜਾਇਦਾਦ ਲਈ ਸੰਘਰਸ਼ ਬਾਰੇ ਪੁਸਤਕ ਜ਼ਰੂਰ ਲ਼ਿਖਣ। ਇਸੇ ਹੀ ਸੰਦਰਭ ਅਤੇ ਸ. ਜਗਜੀਤ ਸਿੰਘ ਦੇ ਸਹਿਯੋਗ ਸਦਕਾ ਬਹੁ-ਪੱਖੀ ਸ਼ਖ਼ਸੀਅਤ ਡਾ. ਗੁਰੂਮੇਲ ਸਿੰਘ ਸਿੱਧੂ ਨੇ ਚੇਤਨਾ ਪ੍ਰਕਾਸ਼ਨ ਤੋਂ ਪੁਸਤਕ ਲਿਖਣ ਉਪਰੰਤ ਛਪਵਾਈ। ਇਸ ਪੁਸਤਕ ਨੂੰ ਸੰਪੂਰਨ ਕਰਨ ਵਿਚ ਭਾਰਤ ਦੀ ਆਜ਼ਾਦੀ ਨੂੰ ਸਮਰਪਿਤ ਬਹੁਤ ਸਾਰੀਆਂ ਸੰਸਥਾਵਾਂ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ। ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਸਦਕਾ ਇਹ ਪੁਸਤਕ "ਗਦਰ ਦਾ ਦੂਜਾ ਪੱਖ" ਬਹੁਤ ਸਾਰੇ ਐਡੀਸ਼ਨਾਂ ਅਤੇ ਭਾਸ਼ਾਵਾਂ ਵਿਚ ਮਿਲ ਸਕਦੀ ਹੈ।

ਉਨ੍ਹਾਂ ਨੇ ਇੱਥੇ ਰਹਿੰਦਿਆਂ ਪੰਜਾਬੀ ਭਾਈਚਾਰੇ ਲਈ ਆਪਣੇ ਕੁਝ ਸਾਥੀਆਂ ਨਾਲ ਰਲ ਸਥਾਨਕ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਾਉਣ ਦਾ ਬੀੜਾ ਚੁੱਕਿਆ, ਜੋ ਬਹੁਤ ਸਾਰੇ ਕਾਨੂੰਨੀ ਦਾਇਰੇ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਪਾਸ ਕਰਵਾਇਆ, ਜਿਸ ਦੀ ਮਿਸਾਲ ਕਿ ਸੈਂਟਰਲ ਵੈਲੀ ਕੈਲੀਫੋਰਨੀਆ ਦਾ ਪਹਿਲਾ ਸਕੂਲ ਕਰਮਨ ਬਣਿਆ, ਜਿੱਥੇ ਸਰਕਾਰੀ ਹਾਈ ਸਕੂਲ ਵਿਚ ਪੰਜਾਬੀ ਭਾਸ਼ਾ ਨੂੰ ਮਾਨਤਾ ਮਿਲੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਅਧਿਆਪਕ ਦੀ ਨਿਯੁਕਤੀ ਕੀਤੀ ਗਈ। ਹੁਣ ਪੰਜਾਬੀ ਭਾਸ਼ਾ ਨੂੰ ਬਤੌਰ ਦੂਸਰੀ ਭਾਸ਼ਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਬਾਅਦ ਹੁਣ ਅਮਰੀਕਾ ਦੇ ਵੱਖ-ਵੱਖ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਾਇਆ ਜਾਣ ਲੱਗਾ।

ਹੁਣ ਪੰਜਾਬੀ ਭਾਸ਼ਾ ਆਉਣ ਤੋਂ ਬਾਅਦ ਦੂਜਾ ਵੱਡਾ ਕਾਰਜ ਸੀ ਕਿ ਇੱਥੇ ਉਨ੍ਹਾਂ ਦਿਨਾਂ ਵਿਚ ਸਰਕਾਰੀ ਲਾਇਬ੍ਰੇਰੀ ਵਿਚ ਅੰਗਰੇਜ਼ੀ ਪੁਸਤਕਾਂ ਅਤੇ ਹੋਰ ਲਿਟਰੇਚਰ ਤਾਂ ਬਹੁਤ ਮਿਲ ਜਾਂਦਾ ਸੀ, ਪਰ ਪੰਜਾਬੀ ਸਾਹਿਤ ਅਤੇ ਹੋਰ ਲਿਟਰੇਚਰ ਦੀ ਬਹੁਤ ਵੱਡੀ ਘਾਟ ਸੀ। ਇਸ ਨੂੰ ਪੂਰਾ ਕਰਨ ਲਈ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਯਤਨ ਅਰੰਭ ਕੀਤੇ ਅਤੇ ਅੰਤ ਸਫਲਤਾ ਮਿਲੀ। ਜਿਸ ਸਦਕਾ ਹੁਣ ਕਰਮਨ ਸ਼ਹਿਰ ਦੀ ਸਥਾਨਕ ਸਰਕਾਰੀ ਲਾਇਬਰੇਰੀ ਵਿਚ ਬਾਕੀ ਪੁਸਤਕਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਆਪਣਾ ਵਿਭਾਗ ਹੈ। ਜਿੱਥੇ ਬਹੁਤ ਸਾਰੀਆਂ ਸਾਹਿਤਕ, ਸੱਭਿਆਚਾਰਕ, ਧਾਰਮਿਕ ਪੁਸਤਕਾਂ, ਰਸਾਲੇ, ਅਖ਼ਬਾਰਾਂ, ਵੀਡੀਓ, ਸੀ.ਡੀ. ਅਤੇ ਹੋਰ ਸਮੱਗਰੀ ਉਪਲੱਬਧ ਹੈ। ਪੰਜਾਬ ਤੋਂ ਅਮਰੀਕਾ ਘੁੰਮਣ ਆਈਆ ਸ਼ਖ਼ਸੀਅਤਾਂ ਨੂੰ ਚਾਈ-ਚਾਈ ਸਥਾਨਕ ਕਰਮਨ ਦੀ ਲਾਇਬ੍ਰੇਰੀ ਵਿਚ ਲੈ ਕੇ ਜ਼ਰੂਰ ਜਾਂਦੇ ਅਤੇ ਆਪਣਾ ਪੰਜਾਬੀ ਪੁਸਤਕਾਂ ਦਾ ਭੰਡਾਰ ਦਿਖਾਉਂਦੇ। ਇਸੇ ਪਿਆਰ ਸਦਕਾ ਬਹੁਤ ਸਾਰੇ ਲੇਖਕ ਆਪਣੀਆ ਪੁਸਤਕਾਂ ਵੀ ਇਨ੍ਹਾਂ ਦੀ ਪ੍ਰੇਰਨਾ ਸਦਕਾ ਦੇ ਕੇ ਜਾਂਦੇ।

ਇਸ ਤੋਂ ਇਲਾਵਾ ਆਪਣੀਆਂ ਸੇਵਾਵਾਂ ਨੂੰ ਬਰਕਰਾਰ ਰੱਖਦੇ ਹੋਏ ਜਿੱਥੇ ਸਾਹਿਤਕ ਸੰਸਥਾਵਾਂ ਨੂੰ ਉਤਸਾਹਿਤ ਕਰਦੇ ਰਹੇ, ਉੱਥੇ ਭਾਰਤ ਦੀ ਗਦਰ ਲਹਿਰ ਨੂੰ ਸਮਰਪਿਤ ਸੰਸਥਾ "ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ, ਕੈਲੇਫੋਰਨੀਆ" ਦੇ ਵਿਚ ਵੀ ਸਰਗਰਮ ਮੈਂਬਰ ਅਤੇ ਮੀਡੀਆ ਕਰਮੀ ਵਜੋਂ ਅਣਥੱਕ ਸੇਵਾਵਾਂ ਨਿਭਾਉਂਦੇ ਰਹੇ। ਕਰਮਨ ਵਿਚ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਹੋ ਰਹੀ ਸੀ। ਪਰ ਇੱਥੇ ਗੁਰਦੁਆਰਾ ਸਾਹਿਬ ਦੀ ਘਾਟ ਸੀ। ਸੋ ਸਥਾਨਕ ਭਾਈਚਾਰੇ ਨਾਲ ਰਲਕੇ ਉਤਸ਼ਾਹਿਤ ਕਰਦੇ ਹੋਏ ਇਸ ਨੇਕ ਕੰਮ ਵਿਚ ਵੀ ਸਰਗਰਮ ਰਹੇ। ਪੰਜਾਬ ਵਿਚ ਸਮਾਜਿਕ, ਭਾਈਚਾਰਕ ਅਤੇ ਰਾਜਨੀਤਿਕ ਸਾਂਝ ਬਣਾਉਣ ਉਪਰੰਤ ਕੈਲੀਫੋਰਨੀਆ ਦੇ ਸ਼ਹਿਰ ਕਰਮਨ ਵਿਚ ਰਹਿੰਦਿਆਂ ਆਪਣਾ ਪੱਤਰਕਾਰੀ ਬਾਬਾ ਬੋਹੜ ਸ. ਜਗਜੀਤ ਸਿੰਘ ਥਿੰਦ 2 ਅਕਤੂਬਰ, 2021 ਨੂੰ ਆਪਣੇ ਪਰਿਵਾਰ ਦੀ ਹਰੀ-ਭਰੀ ਫੁਲਵਾੜੀ ਅਲਵਿਦਾ ਕਹਿ ਹਮੇਸ਼ਾ ਲਈ ਗੁਰੂ ਚਰਨਾਂ ਵਿਚ ਜਾ ਬਿਰਾਜਿਆ। ਪਰ ਉਨ੍ਹਾਂ ਨੂੰ ਸੁਭਾਅ ਅਤੇ ਪੱਤਰਕਾਰੀ ਦੇ ਸਫਰ ਕਰਕੇ ਪੰਜਾਬੀ ਭਾਈਚਾਰੇ ਵਿਚ ਹਮੇਸ਼ਾ ਯਾਦ ਕੀਤਾ ਜਾਵੇਗਾ।

# ਉਪਰੇਸ਼ਨ ਸਿੰਧੂਰ ਦੁਆਰਾ ਤਬਾਹ ਕੀਤੇ ਗਏ ਪਾਕਿਸਤਾਨ ਵਿਚ ਚੱਲ ਰਹੇ ਅੱਤਵਾਦੀ ਟਰੇਨਿੰਗ ਸੈਂਟਰ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA






ਉਪਰੇਸ਼ਨ ਸਿੰਧੂਰ ਦੀ ਭਾਰੀ ਸਫਲਤਾ ਨਾਲ ਭਾਰਤ ਅਮਰੀਕਾ (ਉਪਰੇਸ਼ਨ ਨੈਪਚਿਊਨ ਸਪੀਅਰ 2011, ਜਿਸ ਨਾਲ ਪਾਕਿਸਤਾਨ ਵਿਚ ਉਸਾਮਾ ਬਿਨ ਲਾਦੇਨ ਨੂੰ ਮਾਰਿਆ ਗਿਆ ਅਤੇ ਉਪਰੇਸ਼ਨ ਇਨਫਿਨਟ 1998, ਜਿਸ ਦੌਰਾਨ ਕੀਨੀਆਂ ਅਤੇ ਤਨਜ਼ਾਨੀਆਂ ਵਿਚ ਅਮਰੀਕੀ ਦੂਤਘਰਾਂ 'ਤੇ ਕੀਤੇ ਗਏ ਬੰਬ ਧਮਾਕਿਆਂ ਦਾ ਬਦਲਾ ਲੈਣ ਲਈ ਸੂਡਾਨ ਅਤੇ ਅਫਗਾਨਿਸਤਾਨ ਵਿਚਲੇ ਅਲਕਾਇਦਾ ਦੇ ਅੱਡਿਆਂ 'ਤੇ ਇੱਕੋ ਸਮੇਂ ਮਿਜ਼ਾਈਲਾਂ ਦਾਗ ਕੇ ਸੈਂਕੜੇ ਅੱਤਵਾਦੀਆਂ ਨੂੰ ਮਾਰਿਆ ਗਿਆ ਸੀ), ਰੂਸ (ਅਗਸਤ 2002 ਵਿਚ ਚੇਚਨ ਅੱਤਵਾਦੀਆਂ ਦੇ ਜਾਰਜੀਆ ਵਿਖੇ ਟਿਕਾਣੇ ਮਿਜ਼ਾਈਲਾਂ ਨਾਲ ਤਬਾਹ ਕੀਤੇ ਗਏ ਸਨ), ਇਜ਼ਰਾਈਲ (ਉਪਰੇਸ਼ਨ ਐਨਟੈਬੇ 1976, ਇਸ ਉਪਰੇਸ਼ਨ ਰਾਹੀਂ ਯੁਗਾਂਡਾ ਦੇ ਤਤਕਾਲੀ ਰਾਸ਼ਟਰਪਤੀ ਦੀ ਸ਼ਹਿ 'ਤੇ ਇਜ਼ਰਾਈਲੀਆਂ ਨਾਲ ਭਰੇ ਏਅਰ ਫਰਾਂਸ ਦੇ ਹਵਾਈ ਜਹਾਜ਼ ਨੂੰ ਐਨਟੈਬੇ ਹਵਾਈ ਅੱਡੇ ਤੋਂ ਸਫਲਤਾਪੂਰਵਕ ਆਜ਼ਾਦ ਕਰਵਾਇਆ ਗਿਆ ਸੀ ਅਤੇ ਉਪਰੇਸ਼ਨ ਸਪਰਿੰਗ ਆਫ ਯੂਥ 1973, ਜਿਸ ਅਧੀਨ 1972 ਮਿਊਨਿਖ ਉਲੰਪਿਕ ਸਮੇਂ ਇਜ਼ਰਾਈਲੀ ਖਿਡਾਰੀਆਂ ਦੀ ਹੱਤਿਆ ਕਰਨ ਦੀ ਸਾਜ਼ਿਸ਼ ਘੜਨ ਵਾਲੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੇ ਚੋਟੀ ਦੇ ਕਮਾਂਡਰ ਕਮਾਲ ਅਦਵਾਨ, ਮੁਹੰਮਦ ਯੂਸਫ ਨਜ਼ਰ ਅਤੇ ਕਮਾਲ ਨਾਸਰ ਦੀ ਇੱਕ ਗੁਰੀਲਾ ਹਮਲੇ ਰਾਹੀਂ ਹੱਤਿਆ ਕਰ ਦਿੱਤੀ ਗਈ ਸੀ) ਅਤੇ ਕੋਲੰਬੀਆ (ਉਪਰੇਸ਼ਨ ਫੀਨਿਕਸ 2008, ਜਿਸ ਦੌਰਾਨ ਗੁਆਂਢੀ ਦੇਸ਼ ਐਕੂਆਡੋਰ ਵਿਚ ਕਮਾਂਡੋ ਹਮਲਾ ਕਰ ਕੇ ਫਾਰਕ ਅੱਤਵਾਦੀ ਜਥੇਬੰਦੀ ਦੇ ਮੁਖੀ ਰਾਊਫ ਰੇਈਜ਼ ਅਤੇ 100 ਦੇ ਕਰੀਬ ਹੋਰ ਅੱਤਵਾਦੀਆਂ ਨੂੰ ਮਾਰ ਦਿੱਤਾ ਗਿਆ ਸੀ), ਆਦਿ ਵਰਗੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੇ ਫੌਜੀ ਕਾਰਵਾਈ ਕਰਕੇ ਦੂਸਰੇ ਦੇਸ਼ਾਂ ਵਿਚ ਅੱਤਵਾਦੀਆਂ ਦੇ ਟਿਕਾਣੇ ਨਸ਼ਟ ਕੀਤੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਨੇ ਆਖਰ ਇਹ ਟਿਕਾਣੇ ਹੀ ਕਿਉਂ ਚੁਣੇ? ਇਨ੍ਹਾਂ ਟਿਕਾਣਿਆਂ ਬਾਰੇ ਜਾਣਕਾਰੀ ਇਸ ਤਰ੍ਹਾਂ ਹੈ:-

**ਮਰਕਜ਼ ਸੁੱਭਾਨ ਅੱਲ੍ਹਾ** - ਜੈਸ਼ੇ-ਮੁਹੰਮਦ ਦਾ ਹੈੱਡਕਵਾਟਰ ਮਰਕਜ਼ ਸੁੱਭਾਨ ਅੱਲ੍ਹਾ 2015 ਵਿਚ ਸਥਾਪਿਤ ਕੀਤਾ ਗਿਆ ਸੀ, ਜਿੱਥੇ ਜੈਸ਼ੇ-ਮੁਹੰਮਦ ਦੇ ਅੱਤਵਾਦੀਆਂ ਨੂੰ ਮਿਲਟਰੀ ਅਤੇ ਧਾਰਮਿਕ ਕੱਟੜਤਾ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। 2019 ਵਿਚ ਪੁਲਵਾਮਾ ਵਿਖੇ ਸੀ.ਆਰ.ਪੀ.ਐੱਫ. 'ਤੇ ਹਮਲਾ ਕਰਨ ਦੀ ਸਾਰੀ ਯੋਜਨਾਬੰਦੀ ਇਥੇ ਹੀ ਕੀਤੀ ਗਈ ਸੀ। ਬਹਾਵਲਪੁਰ (ਪਾਕਿਸਤਾਨੀ ਪੰਜਾਬ) ਵਿਖੇ ਤਕਰੀਬਨ 15 ਏਕੜ ਇਲਾਕੇ ਵਿਚ ਸਥਿਤ ਇਸ ਟਰੇਨਿੰਗ ਸੈਂਟਰ ਵਿਚ ਹੀ ਜੈਸ਼ੇ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਸਮੇਤ ਹੋਰ ਚੋਟੀ ਦੇ ਕਮਾਂਡਰਾਂ ਦੀ ਰਿਹਾਇਸ਼ ਹੈ, ਜਿਸ ਕਾਰਨ ਮਸੂਦ ਅਜ਼ਹਰ ਦੇ ਪਰਿਵਾਰ ਦੇ 10 ਮੈਂਬਰ ਉਪਰੇਸ਼ਨ ਸਿੰਧੂਰ ਦੌਰਾਨ ਮਾਰੇ ਗਏ ਹਨ। ਮਸੂਦ ਅਜ਼ਹਰ ਨੇ ਇਥੋਂ ਹੀ ਅਨੇਕਾਂ ਪ੍ਰੈੱਸ ਕਾਨਫਰੰਸਾਂ ਅਤੇ ਸੋਸ਼ਲ ਮੀਡੀਆ ਵੀਡੀਉ ਜਾਰੀ ਕੀਤੇ ਸਨ, ਜਿਨ੍ਹਾਂ ਰਾਹੀਂ ਭਾਰਤ ਵਿਰੁੱਧ ਜ਼ਹਿਰ ਉਗਲਿਆ ਜਾਂਦਾ ਹੈ ਤੇ ਨੌਜਵਾਨਾਂ ਨੂੰ ਜ਼ੇਹਾਦ ਵਿਚ ਸ਼ਾਮਲ ਹੋਣ ਲਈ ਗੁੰਮਰਾਹ ਕੀਤਾ ਜਾਂਦਾ ਹੈ।

**ਮਰਕਜ਼ ਤਾਇਬਾ, ਮੁਰੀਦਕੇ:-** ਇਸ ਮਰਕਜ਼ ਦੀ ਸਥਾਪਨਾ ਲਾਹੌਰ ਤੋਂ ਕਰੀਬ 35 ਕਿ.ਮੀ. ਦੂਰ ਸੰਨ 2000 ਵਿਚ ਕੀਤੀ ਗਈ ਸੀ ਤੇ ਇਹ ਲਸ਼ਕਰੇ ਤਾਇਬਾ ਦਾ ਹੈੱਡਕਵਾਟਰ ਅਤੇ ਮੁੱਖ ਟਰੇਨਿੰਗ ਸੈਂਟਰ ਹੈ। ਇਹ ਪਾਕਿਸਤਾਨ ਦਾ ਸਭ ਤੋਂ ਵੱਡਾ ਅੱਤਵਾਦੀ ਟਰੇਨਿੰਗ ਸੈਂਟਰ (ਖੇਤਰਫਲ ਕਰੀਬ 200 ਏਕੜ) ਹੈ। ਇਥੇ ਵੀ ਮੁੱਖ ਤੌਰ 'ਤੇ ਪਾਕਿਸਤਾਨੀ ਅਤੇ ਵਿਦੇਸ਼ੀ ਨੌਜਵਾਨਾਂ ਨੂੰ ਧਾਰਮਿਕ ਕੱਟੜਤਾ ਅਤੇ ਗੁਰੀਲਾ ਯੁੱਧ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਤੇ ਭਾਰਤ ਖਿਲਾਫ ਵੱਡੀਆਂ ਕਾਰਵਾਈਆਂ ਕਰਨ ਦੇ ਮਨਸੂਬੇ ਬਣਾਏ ਜਾਂਦੇ ਹਨ। ਇਹ ਹਰੇਕ ਸਾਲ ਕਰੀਬ 2000 ਦੇਸੀ ਵਿਦੇਸ਼ੀ ਅੱਤਵਾਦੀਆਂ ਨੂੰ ਟਰੇਨਿੰਗ ਦੇਂਦਾ ਹੈ, ਜਿਸ ਕਾਰਨ ਇਹ ਅੱਤਵਾਦੀ ਪੈਦਾ ਕਰਨ ਵਾਲੀ ਵਿਸ਼ਵ ਦੀ ਸਭ ਤੋਂ ਵੱਡੀ ਨਰਸਰੀ ਵਜੋਂ ਉੱਭਰਿਆ ਹੈ। ਲਸ਼ਕਰੇ ਤਾਇਬਾ ਦੇ ਮੁਖੀ ਜ਼ਾਕਿਰ ਰਹਿਮਾਨ ਲਖਵੀ ਦੇ ਉਸਾਮਾ ਬਿਨ ਲਾਦੇਨ ਨਾਲ ਬਹੁਤ ਗੂੜ੍ਹੇ ਸਬੰਧ ਸਨ, ਜਿਸ ਕਾਰਨ ਲਾਦੇਨ ਨੇ ਇਥੇ ਮਸਜ਼ਿਦ ਅਤੇ ਰੈਸਟ ਹਾਊਸ ਉਸਾਰਨ ਲਈ ਇੱਕ ਕਰੋੜ ਰੁਪਏ ਦਿੱਤੇ ਸਨ। ਪਾਕਿਸਤਾਨੀ ਖੁਫੀਆ ਏਜੰਸੀ ਆਈ.ਐੱਸ.ਆਈ. ਦੇ ਹੁਕਮਾਂ ਅਨੁਸਾਰ ਇਸ ਮਰਕਜ਼ ਨੇ ਅਜ਼ਮਲ ਕਸਾਬ ਸਮੇਤ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਵੀ ਟਰੇਨਿੰਗ ਦਿੱਤੀ ਸੀ। ਮੁੰਬਈ ਹਮਲਿਆਂ ਦੇ ਸਾਜ਼ਿਸ਼ੀ ਡੇਵਿਡ ਕੋਲਮੈਨ ਹੈਡਲੀ ਅਤੇ ਤਹੱਵੁਰ ਰਾਣਾ ਨੇ ਇਥੋਂ ਦਾ ਕਈ ਵਾਰ ਦੌਰਾ ਕੀਤਾ ਸੀ ਤੇ ਹਮਲਾ ਕਰਨ ਜਾ ਰਹੇ ਅੱਤਵਾਦੀਆਂ ਨੂੰ ਮੁੰਬਈ ਦੇ ਤਾਜ਼ ਅਤੇ ਉਬਰਾਏ ਹੋਟਲ ਆਦਿ ਦੀ ਲੋਕੇਸ਼ਨ ਬਾਰੇ ਸਮਝਾਇਆ ਸੀ।

**ਸਰਜਾਲ, ਤੇੜਾ ਕਲਾਂ** - ਪਿੰਡ ਤੇੜਾ ਕਲਾਂ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਨਾਰੋਵਾਲ ਦੀ ਸ਼ਕਰਗੜ੍ਹ ਤਹਿਸੀਲ ਦੇ ਸ਼ਹਿਰ ਚੱਕ ਅਮਰੂ ਦੇ ਨਜ਼ਦੀਕ ਪੈਂਦਾ ਹੈ ਤੇ ਇਹ ਭਾਰਤ ਦੇ ਸਾਂਭਾ ਸੈਕਟਰ (ਜੰਮੂ ਕਸ਼ਮੀਰ) ਤੋਂ ਸਿਰਫ 6 ਕਿ.ਮੀ. ਦੂਰ ਹੈ। ਇਹ ਜੈਸ਼ੇ ਮੁਹੰਮਦ ਦਾ ਇੱਕ ਟਿਕਾਣਾ ਹੈ, ਜਿੱਥੇ ਜੰਮੂ ਕਸ਼ਮੀਰ ਵਿਚ ਅੱਤਵਾਦ ਫੈਲਾਉਣ ਵਾਲੇ ਜ਼ੇਹਾਦੀਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ ਤੇ ਫਿਰ ਗਾਈਡਾਂ ਦੁਆਰਾ ਉਨ੍ਹਾਂ ਨੂੰ ਉਥੇ ਪਹੁੰਚਾ ਦਿੱਤਾ ਜਾਂਦਾ ਹੈ। ਇਸ ਦੀ ਮੌਜੂਦਗੀ ਨੂੰ ਗੁਪਤ ਰੱਖਣ ਲਈ ਇਸ ਅੱਡੇ ਨੂੰ ਇੱਕ ਸਰਕਾਰੀ ਹਸਪਤਾਲ ਤੋਂ ਚਲਾਇਆ ਜਾ ਰਿਹਾ ਸੀ, ਜਿਸ ਨੂੰ ਉਪਰੇਸ਼ਨ ਸਿੰਧੂਰ ਰਾਹੀਂ ਭਸਮ ਕਰ ਦਿੱਤਾ ਗਿਆ ਹੈ। ਇਥੋਂ ਡਰੋਨਾਂ ਦੁਆਰਾ ਕਸ਼ਮੀਰ ਵਿਚ ਸਰਗਰਮ ਅੱਤਵਾਦੀਆਂ ਨੂੰ ਹਥਿਆਰ, ਗੋਲੀ ਸਿੱਕਾ, ਨਸ਼ੀਲੇ ਪਦਾਰਥ ਆਦਿ ਪਹੁੰਚਾਏ ਜਾਂਦੇ ਸਨ। ਇਸ ਦਾ ਕੰਟਰੋਲ ਜੈਸ਼ ਦੇ ਸੀਨੀਅਰ ਮੈਂਬਰਾਂ ਮੁਹੰਮਦ ਅਦਨਾਨ ਅਲੀ, ਕਾਸ਼ਿਫ ਖਾਨ ਅਤੇ ਮੁਫਤੀ ਅਬਦੁਲ ਰਾਊਫ ਦੇ ਅਧੀਨ ਸੀ। ਪਤਾ ਨਹੀਂ ਉਹ ਉਪਰੇਸ਼ਨ ਸਿੰਧੂਰ ਵਿਚ ਮਾਰੇ ਗਏ ਹਨ ਕਿ ਨਹੀਂ?

**ਮਹਿਮੂਨਾ ਜੋਆ ਟਿਕਾਣਾ, ਸਿਆਲਕੋਟ:-** ਜੋਆ ਟਿਕਾਣਾ ਹਿਜ਼ਬੁਲ ਮੁਜ਼ਾਹਦੀਨ ਦੇ ਅਧੀਨ ਹੈ ਤੇ ਭੁੱਟਾ ਕੋਟਲੀ ਪਿੰਡ ਦੇ ਸਰਕਾਰੀ ਹਸਪਤਾਲ ਤੋਂ ਚਲਾਇਆ ਜਾਂਦਾ ਹੈ। ਇਸ ਅੱਡੇ ਦੀ ਵਰਤੋਂ ਹਿਜ਼ਬੁਲ ਮੁਜ਼ਾਹਦੀਨ ਵੱਲੋਂ ਜੰਮੂ ਸੈਕਟਰ ਵਿਚ ਅੱਤਵਾਦੀ ਭੇਜਣ ਲਈ ਕੀਤੀ ਜਾਂਦੀ ਹੈ। ਹਿਜ਼ਬੁਲ ਮੁਜ਼ਾਹਦੀਨ ਦਾ ਮੁਖੀਆ ਸਈਅਦ ਸਲਾਹੁਦੀਨ ਇਥੇ ਅਕਸਰ ਹੀ ਵੇਖਿਆ ਜਾਂਦਾ ਤੇ ਇਸ ਅੱਡੇ ਦਾ ਕੰਟਰੋਲ ਮੁਹੰਮਦ ਇਰਫਾਨ ਖਾਨ ਉਰਫ ਇਰਫਾਨ ਟੁੰਡੇ ਕੋਲ ਹੈ। ਜੰਮੂ ਕਸ਼ਮੀਰ ਵਿਚ ਭੇਜਣ ਤੋਂ ਪਹਿਲਾਂ ਅੱਤਵਾਦੀਆਂ ਨੂੰ ਇਥੇ ਪਹਾੜੀ ਜੰਗ ਦੇ ਦਾਅ ਪੇਚ ਸਿਖਾਏ ਜਾਂਦੇ ਹਨ। ਟੁੰਡੇ ਦੇ ਖਿਲਾਫ ਭਾਰਤ ਵਿਚ ਦੋ ਦਰਜ਼ਨ ਦੇ ਕਰੀਬ ਕਤਲਾਂ ਅਤੇ ਅੱਤਵਾਦ ਸਬੰਧੀ ਕੇਸ ਦਰਜ਼ ਹਨ। ਟਰੇਨਿੰਗ ਅਤੇ ਭਾਰਤ ਵਿਚ ਘੁਸਪੈਠ ਕਰਨ ਦੀ ਉਡੀਕ ਵਿਚ ਇਥੇ 35-40 ਅੱਤਵਾਦੀ ਹਮੇਸ਼ਾਂ ਮੌਜੂਦ ਰਹਿੰਦੇ ਹਨ।

**ਮਰਕਜ਼ ਅਹਿਲੇ ਹਦੀਸ ਬਾਰਨਾਲਾ, ਭਿੰਬਰ** - ਲਸ਼ਕਰੇ ਤਾਇਬਾ ਦਾ ਇਹ ਮਰਕਜ਼ ਕੋਟ ਜ਼ਮਾਲ ਰੋਡ 'ਤੇ ਬਾਰਨਾਲਾ ਸ਼ਹਿਰ ਦੇ ਬਿਲਕੁਲ ਨਜ਼ਦੀਕ ਹੈ ਤੇ ਮਕਬੂਜਾ ਕਸ਼ਮੀਰ ਵਿਚ ਸਥਿਤ ਹੈ। ਇਸ ਦੀ ਵਰਤੋਂ ਲਸ਼ਕਰ ਦੇ ਅੱਤਵਾਦੀਆਂ ਅਤੇ ਗੋਲਾ ਬਾਰੂਦ ਨੂੰ ਪੁੰਛ, ਰਜੌਰੀ ਅਤੇ ਰਿਆਸੀ ਸੈਕਟਰਾਂ ਵਿਚ ਭੇਜਣ ਲਈ ਕੀਤੀ ਜਾਂਦੀ ਹੈ। ਇਹ ਮਰਕਜ਼ ਇੱਕ ਪੜਾਉ ਵਰਗਾ ਹੈ, ਜਿੱਥੇ ਅੱਤਵਾਦੀ ਭਾਰਤ ਵਿਚ ਦਾਖਲ ਹੋਣ ਤੋਂ ਪਹਿਲਾਂ ਉਡੀਕ ਕਰਦੇ ਹਨ। ਇਥੇ 200-250 ਅੱਤਵਾਦੀਆਂ ਦੇ ਠਹਿਰਨ ਅਤੇ ਖਾਣ-ਪੀਣ ਦੀ ਸਹੂਲਤ ਹੈ। ਲਸ਼ਕਰ ਦੇ ਅੱਤਵਾਦੀ ਕਾਸਿਮ ਗੁੱਜਰ, ਕਾਸਿਮ ਖੰਡਾ ਅਤੇ ਅਨਸ ਜਰਾਰ ਇਸ ਮਰਕਜ਼ ਦੇ ਇੰਚਾਰਜ ਹਨ ਤੇ ਇਥੇ ਹੀ ਰਹਿੰਦੇ ਹਨ। ਲਸ਼ਕਰ ਦਾ ਚੀਫ ਹਾਫਿਜ਼ ਮੁਹੰਮਦ ਸਾਈਦ ਅਕਸਰ ਇਥੇ ਆਉਂਦਾ ਰਹਿੰਦਾ ਹੈ।

**ਮਰਕਜ਼ ਅੱਬਾਸ, ਕੋਟਲੀ:-** ਮਰਕਜ਼ ਅੱਬਾਸ ਕੋਟਲੀ ਦਾ ਪੂਰਾ ਨਾਮ ਮਰਕਜ਼ ਸੈਦਨਾ ਹਜ਼ਰਤ ਅੱਬਾਸ ਬਿਨ ਅਬਦੁਲ ਮੁਤਾਲਿਬ ਹੈ ਤੇ ਇਹ ਮਕਬੂਜ਼ਾ ਕਸ਼ਮੀਰ ਵਿਚ ਜੈਸ਼ੇ ਮੁਹੰਮਦ ਦਾ ਇੱਕ ਮਹੱਤਵਪੂਰਨ ਟ੍ਰੇਨਿੰਗ ਸੈਂਟਰ ਹੈ। ਇਸ ਦਾ ਇੰਚਾਰਜ ਹਾਫਿਜ਼ ਅਬਦੁਲ ਸ਼ਕੂਰ ਉਰਫ ਕਾਰੀ ਜ਼ਰਾਰ ਜੈਸ਼ੇ ਮੁਹੰਮਦ ਦੀ ਕੋਰ ਕਮੇਟੀ ਦਾ ਮੈਂਬਰ ਹੈ ਤੇ ਜੈਸ਼ ਦੇ ਮੁਖੀਆ ਮੁਫਤੀ ਅਬਦੁਲ ਰਾਊਫ ਅਸਗਰ (ਖਬਰਾਂ ਮੁਤਾਬਕ ਉਪਰੇਸ਼ਨ ਸਿੰਧੂਰ ਸਮੇਂ ਮਰ ਗਿਆ ਹੈ) ਦਾ ਬੇਹੱਦ ਨਜ਼ਦੀਕੀ ਹੈ। ਕਾਰੀ ਜ਼ਰਾਰ ਜੰਮੂ ਕਸ਼ਮੀਰ ਵਿਚ ਅਨੇਕਾਂ ਘਾਤਕ ਹਮਲਿਆਂ ਲਈ ਸਿੱਧਾ ਜ਼ਿੰਮੇਵਾਰ ਹੈ ਤੇ ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ ਦੀ ਮੋਸਟ ਵਾਂਟੇਡ ਲਿਸਟ 'ਤੇ ਹੈ। ਇਸ ਅੱਡੇ ਵਿਚ 150-200 ਅੱਤਵਾਦੀਆਂ ਦੇ ਠਹਿਰਨ ਦਾ ਪ੍ਰਬੰਧ ਹੈ। ਜੈਸ਼ ਦੇ ਪੁੰਛ ਰਜੌਰੀ ਸੈਕਟਰ ਵਿਚ ਘੁਸਪੈਠ ਅਤੇ ਹਮਲੇ ਕਰਨ ਦੀਆਂ ਸਾਰੀਆਂ ਸਕੀਮਾਂ ਇਥੇ ਹੀ ਬਣਾਈਆਂ ਜਾਂਦੀਆਂ ਹਨ।

**ਮਰਕਜ਼ ਰਾਹੀਲ ਸ਼ਹੀਦ, ਕੋਟਲੀ:-** ਇਹ ਮਰਕਜ਼ ਵੀ ਕੋਟਲੀ ਵਿਚ ਹੀ ਹੈ ਤੇ ਹਿਜ਼ਬੁਲ ਮੁਜ਼ਾਹਦੀਨ ਦਾ ਸਭ ਤੋਂ ਪੁਰਾਣਾ ਅੱਤਵਾਦੀ ਟਿਕਾਣਾ ਹੈ। ਇਸ ਟਿਕਾਣੇ 'ਤੇ 400 ਦੇ ਕਰੀਬ ਅੱਤਵਾਦੀ ਹਰ ਸਮੇਂ ਹਥਿਆਰ ਚਲਾਉਣ, ਗੁਰੀਲਾ ਹਮਲਾ ਕਰਨ ਅਤੇ ਹਮਲੇ ਤੋਂ ਬਾਅਦ ਬਚ ਨਿਕਲਣ ਦੀਆਂ ਤਰਕੀਬਾਂ ਸਿੱਖਦੇ ਹਨ। ਰਵਾਇਤੀ ਹਥਿਆਰ ਚਲਾਉਣ ਤੋਂ ਇਲਾਵਾ ਇਥੇ ਖਾਸ ਤੌਰ 'ਤੇ ਸਨਾਈਪਰ ਤਿਆਰ ਕੀਤੇ ਜਾਂਦੇ ਹਨ।

**ਸ਼ਵਾਈ ਨਾਲਾ ਕੈਂਪ, ਮੁਜ਼ੱਫਰਾਬਾਦ:-** ਸ਼ਵਾਈ ਨਾਲਾ ਕੈਂਪ ਜਿਸ ਨੂੰ ਬੈਤ ਉਲ ਮੁਜ਼ਾਹਦੀਨ ਵੀ ਕਿਹਾ ਜਾਂਦਾ ਹੈ, ਮਕਬੂਜ਼ਾ ਕਸ਼ਮੀਰ ਵਿਚ ਮੁਜ਼ੱਫਰਾਬਾਦ - ਨੀਲਮ ਰੋਡ 'ਤੇ ਚੇਲਾਬੰਦੀ ਪੁਲ ਦੇ ਨਜ਼ਦੀਕ ਸਥਿਤ ਹੈ ਤੇ ਲਸ਼ਕਰੇ ਤਾਇਬਾ ਦਾ ਮਹੱਤਵਪੂਰਨ ਟਿਕਾਣਾ ਹੈ। ਇਸ ਸੰਨ 2000 ਤੋਂ ਚੱਲ ਰਿਹਾ ਹੈ ਤੇ ਮੁੰਬਈ ਹਮਲੇ ਵਾਲੇ ਅੱਤਵਾਦੀਆਂ ਨੇ ਇਥੇ ਵੀ ਟਰੇਨਿੰਗ ਲਈ ਸੀ। ਇਸ ਟਿਕਾਣੇ ਲਈ ਟਰੇਨਰ ਪਾਕਿਸਤਾਨੀ ਫੌਜ ਅਤੇ ਆਈ.ਐੱਸ.ਆਈ. ਮੁਹੱਈਆ ਕਰਵਾਉਂਦੀ ਹੈ। ਇਥੇ ਅੱਤਵਾਦੀਆਂ ਨੂੰ ਹਥਿਆਰਾਂ ਤੋਂ ਇਲਾਵਾ ਜੀ.ਪੀ.ਐੱਸ., ਸੈਟੇਲਾਈਟ ਫੋਨ, ਨਕਸ਼ਾ ਸਮਝਣਾ ਅਤੇ ਸੂਖਮ ਸੰਚਾਰ ਸਾਧਨਾਂ ਆਦਿ ਦੀ ਵਰਤੋਂ ਕਰਨ ਦੀ ਟਰੇਨਿੰਗ ਖਾਸ ਤੌਰ 'ਤੇ ਦਿੱਤੀ ਜਾਂਦੀ ਹੈ।

**ਮਰਕਜ਼ ਸਾਈਐਦਨਾ ਬਿਲਾਲ, ਮਕਬੂਜ਼ਾ ਕਸ਼ਮੀਰ:-** ਮਰਕਜ਼ ਬਿਲਾਲ ਜੈਸ਼ੇ ਮੁਹੰਮਦ ਦਾ ਅਹਿਮ ਟਿਕਾਣਾ ਹੈ ਤੇ ਮੁਜ਼ੱਫਰਾਬਾਦ ਦੇ ਲਾਲ ਕਿਲ੍ਹੇ ਦੇ ਬਿਲਕੁਲ ਨਜ਼ਦੀਕ ਹੈ। ਇਥੇ ਵੀ ਹਰ ਵੇਲੇ 250-300 ਅੱਤਵਾਦੀ ਮੌਜੂਦ ਰਹਿੰਦੇ ਹਨ। ਮਕਬੂਜ਼ਾ ਕਸ਼ਮੀਰ ਦੀ ਜੈਸ਼ੇ ਮੁਹੰਮਦ ਸ਼ਾਖਾ ਦਾ ਮੁਖੀ ਮੁਫਤੀ ਅਸਗਰ ਖਾਨ ਕਸ਼ਮੀਰੀ ਇਸ ਦਾ ਇੰਚਾਰਜ ਹੈ। ਅਬਦੁੱਲਾ ਜ਼ੇਹਾਦੀ ਉਰਫ ਅਬਦੁੱਲਾ ਕਸ਼ਮੀਰੀ ਅਤੇ ਆਸ਼ਿਕ ਨੈਂਗਰੂ ਵਰਗੇ ਵੱਡੇ ਅੱਤਵਾਦੀ ਵੀ ਇਥੋਂ ਹੀ ਆਪਣੀਆਂ ਕਾਰਵਾਈਆਂ ਚਲਾਉਂਦੇ ਹਨ।

# ਫੌਜਾਂ ਜਿੱਤ ਕੇ ਵੀ ਅੰਤ ਨੂੰ ਹਾਰੀਆਂ...!

-ਸੰਦੀਪ ਕੁਮਾਰ
ਰੂਪਨਗਰ
ਐੱਮ.ਸੀ.ਏ., ਐੱਮ.ਏ. ਮਨੋਵਿਗਿਆਨ
70098-07121
ਪੰਜਾਬ ਮੇਲ USA



ਪਹਿਲਗਾਮ, ਕਸ਼ਮੀਰ ਵਿਚ ਹੋਈ ਇੱਕ ਦਰਦਨਾਕ ਘਟਨਾ ਨੇ ਸਾਰੇ ਦੇਸ਼ ਨੂੰ ਹਿੱਲਾ ਕੇ ਰੱਖ ਦਿੱਤਾ। ਆਤੰਕਵਾਦੀਆਂ ਵੱਲੋਂ ਭਾਰਤ ਦੇ 28 ਨਿਰਦੋਸ਼ ਨਾਗਰਿਕਾਂ ਦੀ ਨਿਰਦਈ ਹੱਤਿਆ ਨੇ ਨਾ ਸਿਰਫ਼ ਲੋਕਾਂ ਦੇ ਦਿਲਾਂ ਨੂੰ ਦੁਖੀ ਕੀਤਾ, ਸਗੋਂ ਭਾਰਤ ਦੀ ਸਰਕਾਰ ਅਤੇ ਫੌਜ ਨੂੰ ਵੀ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਹੁਣ ਹਲਾਤ ਬਰਦਾਸ਼ਤ ਕਰਨ ਯੋਗ ਨਹੀਂ ਹੈ, ਜਵਾਬੀ ਕਾਰਵਾਈ ਕਰਨੀ ਪੈਣੀ ਹੈ। ਆਖਿਰਕਾਰ, ਇਹ ਘਟਨਾ ਕੋਈ ਪਹਿਲੀ ਘਟਨਾ ਨਹੀਂ ਸੀ। ਸਾਲਾਂ ਤੋਂ ਪਾਕਿਸਤਾਨ ਵੱਲੋਂ ਆਤੰਕ ਨੂੰ ਉਕਸਾਉਣ ਅਤੇ ਭਾਰਤ ਦੇ ਅੰਦਰ ਖਲਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ, ਜਦੋਂ ਭਾਰਤ ਦੀ ਵੰਡ ਹੋਈ ਸੀ, ਤਾਂ ਪਾਕਿਸਤਾਨ ਦੇ ਨਿਰਮਾਣ ਨਾਲ ਹੀ ਭਾਰਤ ਦੀਆਂ ਮੁਸ਼ਕਲਾਂ ਦਾ ਆਰੰਭ ਹੋ ਗਿਆ ਸੀ। ਅਨੇਕਾਂ ਯੁੱਧਾਂ ਵਿਚ ਭਾਰਤ ਨੇ ਹਮੇਸ਼ਾ ਫੌਜੀ ਤਾਕਤ ਅਤੇ ਸੰਘਰਸ਼ ਨਾਲ ਜਿੱਤ ਹਾਸਲ ਕੀਤੀ, ਪਰ ਸਿਆਸੀ ਮੰਚ 'ਤੇ ਹਮੇਸ਼ਾ ਕੋਈ ਨਾ ਕੋਈ ਘਾਟ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ 1948, 1965, 1971 ਅਤੇ 1999 ਦੀ ਕਾਰਗਿਲ ਜੰਗ - ਹਰ ਵਾਰੀ ਭਾਰਤ ਨੇ ਪਾਕਿਸਤਾਨ ਨੂੰ ਮੂੰਹ ਤੋੜ ਜਵਾਬ ਦਿੱਤਾ ਹੈ, ਪਰ ਜੰਗਾਂ ਦੀ ਗਿਣਤੀ ਦੇਖੀ ਜਾਵੇ, ਤਾਂ ਇਹ ਸੋਲਾਂ ਆਨੇ ਸੱਚ ਹੈ ਕਿ ਭਾਰਤ ਨੇ ਜਿੱਤ ਹਾਸਿਲ ਕੀਤੀ, ਪਰ ਅੰਤ ਵਿਚ ਹਮੇਸ਼ਾ ਸੀਜ਼ਫਾਇਰ ਜਾਂ ਅੰਤਰਰਾਸ਼ਟਰੀ ਦਬਾਅ ਤਹਿਤ ਹਟਣਾ ਪਿਆ।

ਪਹਿਲਗਾਮ ਦੀ ਘਟਨਾ ਦੇ ਤੁਰੰਤ ਬਾਅਦ ਭਾਰਤ ਸਰਕਾਰ ਨੇ ਫੈਸਲਾ ਕੀਤਾ ਕਿ ਹੁਣ ਇਨ੍ਹਾਂ ਹਮਲਾਵਰਾਂ ਦੇ ਆਕਾ ਨੂੰ ਸਿੱਧਾ ਜਵਾਬ ਦਿੱਤਾ ਜਾਵੇ। ਸਰਕਾਰ ਨੇ ਰੂਸ ਤੋਂ ਖਰੀਦੇ ਐੱਸ-400 ਡਿਫੈਂਸ ਸਿਸਟਮ ਨੂੰ ਤਤਕਾਲ ਤੌਰ 'ਤੇ ਸਰਗਰਮ ਕਰ ਦਿੱਤਾ। ਜਦ ਪਾਕਿਸਤਾਨ ਵੱਲੋਂ ਮਿਜ਼ਾਈਲਾਂ, ਡਰੋਨਾਂ ਅਤੇ ਹੋਰ ਹਥਿਆਰਾਂ ਨਾਲ ਹਮਲੇ ਹੋਏ, ਤਾਂ ਭਾਰਤ ਦੀ ਏਅਰ ਡਿਫੈਂਸ ਨੇ ਅਦੁੱਤੀ ਕਾਰਗੁਜ਼ਾਰੀ ਦਿਖਾਉਂਦੇ ਹੋਏ ਹਰੇਕ ਹਮਲੇ ਨੂੰ ਰਸਤੇ ਵਿਚ ਹੀ ਨਾਕਾਮ ਕਰ ਦਿੱਤਾ। ਜਾਨ-ਮਾਲ ਦੀ ਰੱਖਿਆ ਹੋਈ ਅਤੇ ਭਾਰਤ ਦੀ ਤਿਆਰੀ ਨੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਪਾਕਿਸਤਾਨ ਦੀ ਆਰਥਿਕ ਹਾਲਤ ਪਹਿਲਾਂ ਹੀ




ਤਰਸਯੋਗ ਮੰਗਤੇ ਵਾਲੀ ਹੋਈ ਪਈ ਹੈ। ਉੱਤੋਂ ਜੰਗ ਦੀ ਸਥਿਤੀ ਨੇ ਉਸਦੇ ਹੌਂਸਲੇ ਹੋਰ ਪੱਸਤ ਕਰ ਦਿੱਤੇ। ਕੋਈ ਵੀ ਦੇਸ਼ ਪਾਕਿਸਤਾਨ ਦੇ ਹੱਕ ਵਿਚ ਆਉਣ ਨੂੰ ਤਿਆਰ ਨਹੀਂ ਸੀ। ਇੱਥੋਂ ਤੱਕ ਕਿ ਚੀਨ, ਜੋ ਹਮੇਸ਼ਾ ਪਾਕਿਸਤਾਨ ਦਾ ਹਮਦਰਦ ਬਣਿਆ ਰਹਿੰਦਾ ਸੀ, ਉਸ ਨੇ ਵੀ ਇਸ ਵਾਰੀ ਪਾਸੇ ਹੋ ਕੇ ਖਾਮੋਸ਼ੀ ਵਰਤੀ।

ਇਸ ਵਾਰ ਭਾਰਤ ਨੂੰ ਸੰਸਾਰ ਪੱਧਰ 'ਤੇ ਭਰਪੂਰ ਸਹਿਯੋਗ ਮਿਲਿਆ, ਕਿਉਂਕਿ ਹਰ ਕੋਈ ਜਾਣਦਾ ਹੈ ਕਿ ਆਤੰਕਵਾਦ ਮਨੁੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਭਾਰਤ ਦਾ ਇਹ ਕਦਮ ਚੁਸਤ, ਨਿਡਰ ਅਤੇ ਸਮੇਂ ਮੁਤਾਬਿਕ ਉਚਿਤ ਸੀ। ਪਰ ਸਭ ਤੋਂ ਵੱਡਾ ਦੁਖਦਾਈ ਮੰਜ਼ਰ ਤਦ ਬਣਿਆ ਜਦ ਭਾਰਤ ਦੇ ਅੰਦਰੋਂ ਹੀ ਕੁਝ ਚਿਹਰੇ ਅਜਿਹੇ ਦੇਖਣ ਨੂੰ ਮਿਲੇ, ਜਿਨ੍ਹਾਂ ਨੇ ਨਾ ਤਾਂ ਫੌਜ ਦਾ ਸਮਰਥਨ ਕੀਤਾ, ਨਾ ਹੀ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ। ਇਹ ਅਜਿਹੇ ਚਿਹਰੇ ਸਿਨੇਮਾ, ਸੰਗੀਤ ਅਤੇ ਸੋਸ਼ਲ ਮੀਡੀਆ ਦੇ ਮੱਧਮ ਰਾਹੀਂ ਲੋਕਾਂ ਦੇ ਰੋਲ ਮਾਡਲ ਬਣੇ ਹੋਏ ਹਨ, ਪਰ ਜਦੋਂ ਦੇਸ਼ ਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਸੀ, ਤਦ ਇਹ ਚੁੱਪ ਕਰ ਗਏ। ਇਨ੍ਹਾਂ ਵਿਚੋਂ ਕਈ ਅਜਿਹੇ ਹਨ, ਜੋ "ਆਲ ਆਈਜ਼ ਆਨ ਫਲੀਸਤੀਨ", "ਆਲ ਆਈਜ਼ ਆਨ ਗਾਜ਼ਾ" ਜਿਹੇ ਨਾਅਰੇ ਲਾਉਂਦੇ ਰਹੇ, ਪਰ "ਆਲ ਆਈਜ਼ ਆਨ ਪਹਿਲਗਾਮ" ਉਤੇ ਕੋਈ ਆਵਾਜ਼ ਨਹੀਂ ਉਠਾਈ। ਇਹ ਗੱਲ ਸਾਫ਼ ਦਰਸਾਉਂਦੀ ਹੈ ਕਿ ਅਨੇਕਾਂ ਹਸਤੀਆਂ ਲਈ ਦੇਸ਼ ਭਲਾਈ ਨਾਲੋਂ ਆਪਣੀ ਪ੍ਰਸਿੱਧੀ ਅਤੇ ਟਰੈਫਿਕ ਵੱਧ ਮਹੱਤਵਪੂਰਨ ਹੈ।

ਇੱਕ ਹੋਰ ਵਿਸ਼ੇਸ਼ ਗੱਲ ਇਹ ਵੀ ਸੀ ਕਿ ਪਾਕਿਸਤਾਨ ਦੇ ਕਈ ਅਦਾਕਾਰ, ਪੱਤਰਕਾਰ ਅਤੇ ਪ੍ਰਮੁੱਖ ਹਸਤੀਆਂ ਜੋ ਭਾਰਤ ਵਿਚ ਆ ਕੇ ਮੋਟੀਆਂ ਰਕਮਾਂ ਕਮਾ ਚੁੱਕੀਆਂ ਹਨ, ਉਹ ਸਾਰੇ ਵੀ ਪਾਕਿਸਤਾਨ ਦੇ ਹੱਕ ਵਿਚ ਟਿੱਪਣੀਆਂ ਕਰਦੇ ਹੋਏ ਭਾਰਤ ਦੇ ਵਿਰੁੱਧ ਸੋਸ਼ਲ ਮੀਡੀਆ ਉੱਤੇ ਜ਼ਹਿਰ ਉਗਲਦੇ ਰਹੇ। ਇਨ੍ਹਾਂ ਦੀ ਦੋਗਲੀ ਭੂਮਿਕਾ ਵੀ ਇਸ ਘਟਨਾ ਵਿਚ ਸਾਫ਼ ਉਭਰੀ। ਜਦ ਭਾਰਤ ਨੇ ਜੰਗ ਵਿਚ ਹਮੇਸ਼ਾ ਦੀ ਤਰ੍ਹਾਂ ਉਪਰ ਹੱਥ ਬਣਾਇਆ ਹੋਇਆ ਸੀ, ਉਸ ਸਮੇਂ 'ਤੇ ਅਮਰੀਕਾ ਨੇ ਵਿਚੋਲੇ ਦੀ ਭੂਮਿਕਾ ਨਿਭਾਉਂਦਿਆਂ ਸੀਜ਼ ਫਾਇਰ ਦੀ ਘੋਸ਼ਣਾ ਕਰਵਾ ਦਿੱਤੀ। ਇਹ ਘੋਸ਼ਣਾ ਜਿਵੇਂ ਹੀ ਹੋਈ, ਤਿੰਨ ਘੰਟਿਆਂ ਵਿਚ ਪਾਕਿਸਤਾਨ ਨੇ ਇਸ ਦੀ ਉਲੰਘਣਾ ਕਰਦੇ ਹੋਏ ਫਿਰ ਤੋਂ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਹ ਗੱਲ ਦਰਸਾਉਂਦੀ ਹੈ ਕਿ ਪਾਕਿਸਤਾਨ 'ਤੇ ਨਾ ਸੀਜ਼ ਫਾਇਰ ਦਾ ਪ੍ਰਭਾਵ ਹੈ, ਨਾ ਹੀ ਅੰਤਰਰਾਸ਼ਟਰੀ ਦਬਾਅ ਹੈ।

ਉੱਥੇ ਹੀ, ਵਰਲਡ ਬੈਂਕ ਵੱਲੋਂ ਪਾਕਿਸਤਾਨ ਨੂੰ ਇੱਕ ਬਿਲੀਅਨ ਡਾਲਰ ਦੀ ਮਦਦ ਦੇਣ ਦੀ ਘੋਸ਼ਣਾ ਹੋਈ, ਜਿਸ ਉੱਤੇ ਵਾਜਿਬ ਸਵਾਲ ਉੱਠਣ ਲਗੇ। ਜਦ ਪਤਾ ਹੈ ਕਿ ਪਾਕਿਸਤਾਨ ਇਸ ਮਦਦ ਨੂੰ ਆਤੰਕ ਵਧਾਉਣ ਲਈ ਵਰਤਦਾ ਹੈ, ਤਾਂ ਫਿਰ ਇਹ ਮਦਦ ਕਿਉਂ ? ਕੀ ਇਹ ਮਦਦ ਉਸਦੀ ਮਾੜੀ ਆਰਥਿਕਤਾ ਲਈ ਸੀ ਜਾਂ ਆਤੰਕ ਨੂੰ ਜਿਉਂਦਾ ਰੱਖਣ ਲਈ ? ਭਾਰਤ ਨੇ ਫੌਜੀ ਤੌਰ 'ਤੇ ਜਿੱਤ ਹਾਸਿਲ ਕੀਤੀ। ਲੋਕਾਂ ਦੇ ਹੌਂਸਲੇ ਉੱਚੇ ਸਨ। ਪਰ ਜਿਵੇਂ ਹੀ ਸੀਜ਼ਫਾਇਰ ਲਾਇਆ ਗਿਆ, ਲੋਕਾਂ ਵਿਚ ਨਿਰਾਸ਼ਾ ਦੀ ਲਹਿਰ ਦੌੜ ਗਈ। ਕਈ ਲੋਕਾਂ ਨੇ ਸੋਸ਼ਲ ਮੀਡੀਆ ਰਾਹੀਂ ਸਰਕਾਰ ਦੇ ਇਸ ਫੈਸਲੇ ਨੂੰ ਮਜਬੂਰੀ ਵਿਚ ਲਿਆ ਗਿਆ ਦੱਸਿਆ। ਸਵਾਲ ਇਹ ਨਹੀਂ ਕਿ ਸੀਜ਼ਫਾਇਰ ਹੋਇਆ ਜਾਂ ਨਹੀਂ - ਸਵਾਲ ਇਹ ਹੈ ਕਿ ਜਦੋਂ ਪੂਰਾ ਦੇਸ਼ ਇਕੱਠਾ ਹੋ ਕੇ ਵਿਰੋਧੀ ਨੂੰ ਮੂੰਹਤੋੜ ਜਵਾਬ ਦੇ ਰਿਹਾ ਸੀ, ਤਾਂ ਕਿਉਂ ਬਾਹਰੀ ਦਬਾਅ ਦੇ ਅੱਗੇ ਝੁਕਣਾ ਪਿਆ ?

ਜੰਗਾਂ ਸਿਰਫ਼ ਹਥਿਆਰਾਂ ਨਾਲ ਨਹੀਂ, ਇਰਾਦਿਆਂ ਨਾਲ ਜਿੱਤੀਆਂ ਜਾਂਦੀਆਂ ਹਨ। ਭਾਰਤ ਨੇ ਫੌਜੀ ਤੌਰ 'ਤੇ, ਰਣਨੀਤਿਕ ਤੌਰ 'ਤੇ ਅਤੇ ਆਲਮੀ ਪੱਧਰ 'ਤੇ ਸਾਬਤ ਕਰ ਦਿੱਤਾ ਕਿ ਉਹ ਕਿਸੇ ਵੀ ਹਮਲੇ ਦਾ ਉਚਿਤ ਜਵਾਬ ਦੇ ਸਕਦਾ ਹੈ। ਪਰ ਜਦ ਆਪਣੀ ਜਿੱਤ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਂਦਾ ਨਾ ਜਾਵੇ ਅਤੇ ਦੁਸ਼ਮਣ ਨੂੰ ਇਕ ਵਾਰ ਫਿਰ ਤੋਂ ਜਿਉਂਦਾ ਛੱਡ ਦਿੱਤਾ ਜਾਵੇ, ਤਾਂ ਉਹ ਦੋਬਾਰਾ ਹੌਂਸਲਾ ਜੁਟਾਉਂਦਾ ਹੈ। ਇਸ ਵਾਰ ਵੀ ਅਜਿਹਾ ਹੀ ਹੋਇਆ। ਭਾਰਤ ਇਸ ਵਾਰ ਫਿਰ ਤੋਂ ਜਿੱਤ ਦੇ ਆਖਰੀ ਮੁਕਾਮ 'ਤੇ ਪੁੱਜ ਚੁੱਕਾ ਸੀ, ਪਰ ਆਖ਼ਰਕਾਰ ਸੀਜ਼ਫਾਇਰ ਨੇ ਉਹ ਜਿੱਤ ਅਧੂਰੀ ਛੱਡ ਦਿੱਤੀ। ਇਸ ਸਥਿਤੀ ਲਈ ਹੀ ਕਿਹਾ ਜਾਂਦਾ ਹੈ - "ਫੌਜਾਂ ਜਿੱਤ ਕੇ ਵੀ ਅੰਤ ਨੂੰ ਹਾਰੀਆਂ...!"

# ਭਾਰਤ ਪਾਕਿ ਜੰਗ ਦੇ ਪਰਛਾਵੇਂ ਹੇਠ..

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਜੰਗ ਦਾ ਮਾਹੌਲ ਬਣਨ ਤੋਂ ਬਾਅਦ ਭਾਵੇਂ ਅਮਰੀਕਾ ਨੇ ਵਿਚ ਦਾਖਲ ਦੇ ਕੇ ਕੁਝ ਸਮੇਂ ਦੇ ਲਈ ਇਸ ਜੰਗ ਨੂੰ ਟਾਲ ਦਿੱਤਾ ਗਿਆ ਹੈ ਪਰ ਕੀ ਦੋਵੇਂ ਧਿਰਾਂ ਇਸ ਸਮਝੌਤੇ ਉੱਤੇ ਪੂਰੀਆਂ ਉਤਰਨਗੀਆਂ, ਕੁਝ ਨਹੀਂ ਪਤਾ। ਜੇਕਰ ਪਾਕਿਸਤਾਨ ਦੀ ਗੱਲ ਕਰੀਏ, ਤਾਂ ਉਥੇ ਤਾਂ ਹਾਲਾਤ ਬਹੁਤ ਜ਼ਿਆਦਾ ਮਾੜੇ ਹਨ ਪਰ ਉਸਦੇ ਮੁਕਾਬਲੇ ਤੇ ਭਾਰਤ ਕੁਝ ਸਥਿਰ ਦੇਸ਼ ਜ਼ਰੂਰ ਹੈ, ਜਦਕਿ ਬਹੁਤ ਜ਼ਿਆਦਾ ਸਹੀ ਇੱਥੇ ਵੀ ਨਹੀਂ ਕਹਿ ਸਕਦੇ। ਕੁਝ ਵੀ ਹੋਵੇ ਜੇਕਰ ਦੋਵਾਂ ਦੇਸ਼ਾਂ ਦੇ ਵਿਚਕਾਰ ਜੰਗ ਹੁੰਦੀ ਹੈ, ਤਾਂ ਨੁਕਸਾਨ ਤਾਂ ਸਾਰਿਆਂ ਦਾ ਹੁੰਦਾ ਹੈ। ਇਸ ਤੋਂ ਪਹਿਲਾਂ ਅਸੀਂ ਬਹੁਤ ਵਾਰ ਜੰਗ ਦਾ ਸੰਤਾਪ ਹੰਢਾ ਚੁੱਕੇ ਹਾਂ। ਜੇਕਰ ਇੱਕ ਵਾਰ ਜੰਗ ਲੱਗ ਜਾਵੇ, ਤਾਂ ਉਹ ਦੇਸ਼ ਮੁੜ ਕੇ ਕਦੇ ਵੀ ਉੱਠਣ ਜੋਗਾ ਨਹੀਂ ਰਹਿੰਦਾ। ਇਸ ਤੋਂ ਪਹਿਲੀਆਂ ਜੰਗਾਂ ਦਾ ਜੇਕਰ ਅਸੀਂ ਹਾਲਾਤ ਬਿਆਨ ਕਰੀਏ, ਤਾਂ ਕਾਲਜਾ ਮੂੰਹ ਨੂੰ ਆਉਂਦਾ ਹੈ ਕਿ ਕਿਸ ਤਰ੍ਹਾਂ ਸਾਡੇ ਦੇਸ਼ ਦਾ ਮੰਦੜਾ ਹਾਲ ਉਨ੍ਹਾਂ ਸਮਿਆਂ ਦੇ ਵਿਚ ਹੋਇਆ ਸੀ। ਮਾਲਕ ਮਿਹਰ ਕਰੇ, ਇਸ ਤਰ੍ਹਾਂ ਦੇ ਹਾਲਾਤ ਕਦੇ ਨਾ ਬਣਨ।

ਭਾਵੇਂ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ। ਜੰਗ ਲੱਗਣ ਦੇ ਨਾਲ ਜਿੱਥੇ ਦੇਸ਼ ਦੇ ਹਾਲਾਤ ਖਰਾਬ ਹੁੰਦੇ ਹਨ, ਉੱਥੇ ਹੀ ਮਾਰ ਮਰਾਈ ਵੀ ਬਹੁਤ ਜ਼ਿਆਦਾ ਹੁੰਦੀ ਹੈ। ਦੇਸ਼ ਦਾ ਸਰਮਾਇਆ ਵੀ ਬਹੁਤ ਖਰਚ ਹੋ ਜਾਂਦਾ ਹੈ। ਜਿਵੇਂ ਅਸੀਂ ਪਹਿਲਾਂ ਆਖਿਆ ਕਿ ਦੇਸ਼ ਮੁੜ ਕੇ ਉੱਠਣ ਜੋਗਾ ਨਹੀਂ ਰਹਿੰਦਾ ਅਤੇ ਦੇਸ਼ ਨੂੰ ਸਥਿਰ ਹੁੰਦਿਆਂ ਕਈ ਪੀੜ੍ਹੀਆਂ ਤੱਕ ਦਾ ਸਮਾਂ ਲੱਗ ਜਾਂਦਾ ਹੈ। ਜੇਕਰ ਅਸੀਂ ਹੋਰਨਾ ਦੇਸ਼ਾਂ 'ਤੇ ਨਿਗਾਹ ਮਾਰੀਏ, ਤਾਂ ਬਹੁਤ ਸਾਰੇ ਦੇਸ਼ਾਂ ਅੰਦਰ



ਜੰਗ ਤੋਂ ਬਾਅਦ ਜੋ ਕੁਝ ਹੋਇਆ ਉਹ ਸਾਨੂੰ ਲਿਖਦਿਆਂ-ਲਿਖਦਿਆਂ ਸ਼ਾਇਦ ਕਿੰਨੇ ਹੀ ਸਫੇ ਭਰ ਜਾਣ। ਦੇਸ਼ ਤਬਾਹ ਹੋ ਗਏ ਪਰ ਖੱਟਿਆ ਕੀ ਕੁਝ ਵੀ ਨਹੀਂ। ਪਤਾ ਨਹੀਂ ਕਿਉਂ ਅਸੀਂ ਸਰਹੱਦਾਂ ਦੀ ਰਾਖੀ ਕਰਦੇ-ਕਰਦੇ ਇੱਕ ਦੂਜੇ ਦੇ ਵੈਰੀ ਬਣ ਜਾਂਦੇ ਹਾਂ, ਭਾਰਤ ਪਾਕਿਸਤਾਨ ਦਾ ਕਾਟੋ ਕਲੇਸ਼ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਕਈ ਵਿਦਵਾਨ ਤਾਂ ਇਥੋਂ ਤੱਕ ਆਖ ਦਿੰਦੇ ਨੇ ਕਿ ਭਾਰਤ ਅੰਦਰ ਵੋਟਾਂ ਬਟੋਰਨ ਵਾਲੀ ਰਾਜਨੀਤੀ ਆਪਦਾ ਹੀ ਨੁਕਸਾਨ ਕਰਵਾ ਰਹੀ ਹੈ।

ਭਾਰਤ ਪਾਕ ਜੰਗ ਜਦ ਵੀ ਲੱਗੀ ਹੈ, ਤਾਂ ਪੰਜਾਬ ਦਾ ਬਹੁਤ ਸਾਰਾ ਨੁਕਸਾਨ ਹੋਇਆ ਹੈ, ਪੰਜਾਬੀਆਂ ਨੇ ਬਹੁਤ ਸੰਤਾਪ ਝੱਲਿਆ ਹੈ। ਪੰਜਾਬੀਆਂ ਦੇ ਘਰ-ਘਾਟ ਢਹਿ ਗਏ ਅਤੇ ਪੰਜਾਬ ਇੱਕ ਤਰ੍ਹਾਂ ਨਾਲ ਥਾਂ ਤੋਂ ਹਿਲ ਜਾਂਦਾ ਹੈ। ਹਰ ਵਾਰ ਜੰਗ ਅੰਦਰ ਪੰਜਾਬ ਦਾ ਵੱਡੇ ਪੱਧਰ 'ਤੇ ਨੁਕਸਾਨ ਕਰਦੀ ਹੈ। ਬਾਕੀ ਸੂਬਿਆਂ ਦਾ ਬਹੁਤ ਥੋੜ੍ਹਾ ਨੁਕਸਾਨ ਹੁੰਦਾ ਹੈ, ਸਰਕਾਰਾਂ ਵੀ ਪੰਜਾਬ ਨੂੰ ਸਦਾ ਨਿਸ਼ਾਨਾ ਬਣਾ ਕੇ ਆਪਦੀ ਸਿਆਸਤ ਕਰਦੀਆਂ ਹਨ। ਕਸ਼ਮੀਰ ਅਤੇ ਪੰਜਾਬ ਨੂੰ ਸਦਾ ਹੀ ਸਿਆਸੀ ਲੋਕਾਂ ਨੇ ਅੱਗ ਦੀ ਭੱਠੀ ਵਿਚ ਝੋਕਿਆ ਹੋਇਆ ਹੈ। ਪੰਜਾਬ ਅਤੇ ਕਸ਼ਮੀਰ 'ਤੇ ਬਹੁਤ ਜ਼ਿਆਦਾ ਸਿਆਸਤ ਹੁੰਦੀ ਹੈ। ਸ਼ਾਇਦ ਉਨ੍ਹਾਂ ਲੋਕਾਂ ਨੂੰ ਪੰਜਾਬ ਅਤੇ ਕਸ਼ਮੀਰ ਸਿਆਸਤ ਦਾ ਜ਼ਰੀਆ ਬਣਾ ਕੇ ਚੱਲਣ ਦੇ ਲਈ ਇੱਕ ਰਸਤਾ ਜ਼ਰੂਰ ਲੱਗਦੇ ਹੋਣਗੇ। ਇਸੇ ਲਈ ਤਾਂ ਪੰਜਾਬ ਅਤੇ ਕਸ਼ਮੀਰ ਨੂੰ ਸਦਾ ਹੀ ਵੋਟਾਂ ਦੀ ਰਾਜਨੀਤੀ ਦੇ ਉੱਤੇ ਰੱਖ ਕੇ ਤਿਆਰ ਕੀਤਾ ਜਾਂਦਾ ਹੈ ਅਤੇ ਪੰਜਾਬ ਭੱਠੀ ਵਾਂਗ ਭੁੱਜ ਜਾਂਦਾ।

ਭਾਵੇਂ ਇੱਕ ਵਾਰ ਭਾਰਤ ਪਾਕਿਸਤਾਨ ਜੰਗ ਦੇ ਬੱਦਲ ਟਲ ਜ਼ਰੂਰ ਗਏ ਹਨ ਪਰ ਸਾਡੇ ਸਿਆਸੀ ਲੋਕਾਂ ਨੂੰ ਸ਼ਾਇਦ ਸ਼ਾਂਤੀ ਰਾਸ ਘੱਟ ਹੀ ਆਉਂਦੀ ਹੈ। ਹੁਣ ਪਾਕਿਸਤਾਨ ਵੱਲੋਂ ਰਾਤ ਨੂੰ ਇੱਕ ਵਾਰ ਫਿਰ ਵਾਰ-ਵਾਰ ਫਾਇਰਗ ਕਰਨ ਦੀਆਂ ਖਬਰਾਂ ਪੰਜਾਬੀਆਂ ਦਾ ਕਾਲਜਾ ਛਲਣੀ ਕਰ ਰਹੀਆਂ ਹਨ ਕਿਉਂਕਿ ਨੁਕਸਾਨ ਤਾਂ ਪੰਜਾਬ ਦਾ ਹੋਣਾ ਹੈ। ਬਾਕੀ ਸੂਬੇ ਤਾਂ ਆਪਣੇ ਚੈਨ ਦੀ ਨੀਂਦ ਸੌਂਦੇ ਹਨ। ਪੰਜਾਬੀਆਂ ਦੇ ਘਰਾਂ ਵਿਚੋਂ ਹਿਜਰਤ ਹੋ ਕੇ ਪੰਜਾਬ ਹੋਰਨਾਂ ਰਿਸ਼ਤੇਦਾਰਾਂ ਦੇ ਕੋਲ ਹਿਜਰਤ ਕਰ ਰਿਹਾ ਹੈ। ਬਹੁਤ ਸਾਰੇ ਪੰਜਾਬੀ ਆਪਣੇ ਘਰਾਂ ਨੂੰ ਜਿੰਦਰੇ ਮਾਰ ਕੇ ਆਪਣੇ ਰਿਸ਼ਤੇਦਾਰਾਂ ਕੋਲ ਪਹੁੰਚ ਚੁੱਕੇ ਹਨ। ਉਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਵੀ ਹੋ ਰਿਹਾ ਹੈ। ਪਸ਼ੂਆਂ ਦੀ ਕੋਈ ਬਾਈ-ਧਾਈ ਨਹੀਂ ਮਿਲ ਰਹੀ। ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਇਹ ਨੁਕਸਾਨ ਬਹੁਤ ਕਰਦੀ ਹੈ। ਇਸਦਾ ਕਿਸੇ ਨੂੰ ਕੋਈ ਫਾਇਦਾ ਨਹੀਂ ਹੁੰਦਾ। ਹੁਣ ਜਿਹੜੇ ਪੰਜਾਬੀ ਲੋਕ ਹਿਜਰਤ ਕਰਦੇ ਹਨ, ਉਨ੍ਹਾਂ ਦਾ ਕੀ ਬਣੇਗਾ।

ਜੰਗ ਟਲੀ ਰਹੇ ਤਾਂ ਚੰਗਾ ਹੈ। ਨਹੀਂ ਤਾਂ ਜੰਗ ਦੀ ਭੱਠੀ ਵਿਚ ਭੁੱਜ ਕੇ ਆਮ ਲੋਕਾਂ ਦਾ ਜਿਉਣਾ ਦੁੱਬਰ ਹੋ ਜਾਂਦਾ ਹੈ। ਮਹਿੰਗਾਈ ਮਾਰ ਜਾਂਦੀ ਹੈ, ਖਾਸ ਕਰ ਪੰਜਾਬੀਆਂ ਨੂੰ ਜਿਨ੍ਹਾਂ ਨੇ ਪਿਛਲੇ ਸਮੇਂ ਵੱਡਾ ਸੰਤਾਪ ਹੰਢਾਇਆ ਹੈ, ਮੁੜ ਕੇ ਸਿਰ ਉੱਠਣ ਜੋਗੇ ਨਹੀਂ ਰਹਿੰਦੇ। ਪਤਾ ਨਹੀਂ ਅਸੀਂ ਸਰਹੱਦਾਂ 'ਤੇ ਜਾ ਕੇ ਜੰਗ ਕਿਉਂ ਕਰਦੇ ਹਾਂ, ਕੀ ਚਾਹੁੰਦੇ ਹਾਂ ਆਖਰ ਅਸੀਂ, ਕੁਝ ਵੀ ਨਹੀਂ ਪਤਾ, ਸਦਾ ਸਿਆਸਤ ਕੀਤੀ ਹੈ ਲੀਡਰਾਂ ਨੇ। ਇਸ ਪੰਜਾਬ ਅਤੇ ਕਸ਼ਮੀਰ ਦੇ ਉੱਤੇ ਪਿਛਲੇ ਸਮੇਂ ਦੀ ਤਰ੍ਹਾਂ ਉਹੀ ਕੁਝ ਪੰਜਾਬ ਅਤੇ ਕਸ਼ਮੀਰ ਦੇ ਨਾਲ ਹੁਣ ਹੋ ਰਿਹਾ ਹੈ ਪਰ ਅਸੀਂ ਸਮਝਾਂਗੇ ਕਦ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਇੱਕ ਵਾਰ ਤਾਂ ਪਿਛਲੇ ਦਿਨੀਂ ਇੰਝ ਜਾਪਦਾ ਸੀ, ਜਿਵੇਂ ਤੋਪਾਂ ਦੇ ਗੋਲੇ ਪੰਜਾਬ ਦੀ ਹਿੱਕ ਉੱਤੇ ਡਿੱਗ ਰਹੇ ਹੋਣ। ਪਰ ਸੱਚ ਕੀ ਸੀ, ਕਿਸੇ ਨੂੰ ਕੁਝ ਵੀ ਨਹੀਂ ਪਤਾ, ਮਾਲਕ ਮਿਹਰ ਕਰੇ, ਪੰਜਾਬ ਮੁੜ ਤੋਂ ਹੱਸਦਾ-ਵੱਸਦਾ, ਹਰਿਆ-ਭਰਿਆ ਰਹੇ, ਅਸੀਂ ਤਾਂ ਬਾਹਰ ਬੈਠੇ ਵੀ ਇਹੀ ਕਾਮਨਾ ਕਰ ਸਕਦੇ ਹਾਂ। ਕਿਉਂਕਿ ਜਿੱਥੋਂ ਦੇ ਅਸੀਂ ਜੰਮੇ ਹਾਂ, ਸਾਡਾ ਫਰਜ਼ ਹੈ ਕਿ ਉਥੋਂ ਦੇ ਨਾਲ ਰਹਿ ਕੇ ਉਸ ਦੇ ਉੱਥੇ ਅਮਨ ਦੀ ਕਾਮਨਾ ਕਰੀਏ ਪਰ ਸਿਆਸਤ ਐਸੀ ਚੰਦਰੀ ਹੈ ਕਿ ਇਹ ਕੁਝ ਵੀ ਸਹੀ ਨਹੀਂ ਰਹਿਣ ਦਿੰਦੀ। ਚੰਗਾ ਹੋਵੇ ਜੇਕਰ ਦੋਵੇਂ ਦੇਸ਼ ਜੰਗਬੰਦੀ ਰੱਖਣ, ਇਸੇ ਵਿਚ ਹੀ ਸਾਰਿਆਂ ਦੀ ਭਲਾਈ ਹੈ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਜੰਗ ਨਾਲੋਂ ਜੰਗ-ਬੰਦੀ ਬਿਹਤਰ : ਨਫ਼ਾ ਨੁਕਸਾਨ ਨਹੀਂ ਵੇਖੀਦਾ

**ਮਨੁੱਖੀ ਜ਼ਿੰਦਗੀ ਪ੍ਰਮਾਤਮਾ ਦਾ ਬਿਹਤਰੀਨ ਤੋਹਫ਼ਾ ਹੈ, ਇਸ ਤੋਹਫ਼ੇ ਸਦਉਪਯੋਗ/ਦੁਰਉਪਯੋਗ ਕਰਨਾ ਇਨਸਾਨ ਦੇ ਆਪਣੇ ਹੱਥ ਵਿਚ ਹੁੰਦਾ ਹੈ। ਇਨਸਾਨ ਨੂੰ ਦੁੱਖ/ਸੁੱਖ ਦਾ ਲਾਭ/ਨੁਕਸਾਨ ਹੁੰਦਾ ਹੈ। ਹੋਰ ਕਿਸੇ ਨੂੰ ਇਸ ਦਾ ਫ਼ਰਕ ਨਹੀਂ ਪੈਂਦਾ, ਫਿਰ ਇਨਸਾਨ ਲੋਕਾਂ ਦੀ ਖ਼ੁਸ਼ਹਾਲੀ ਵੇਖ ਕੇ ਦੁਖੀ ਕਿਉਂ ਹੁੰਦਾ ਹੈ ? ਜਿਸ ਕਰਕੇ ਉਹ ਦੁਖੀ ਹੁੰਦਾ ਹੈ, ਉਸ ਦਾ ਦੂਜੇ ਇਨਸਾਨ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਫਿਰ ਇਨਸਾਨ ਆਪਣਾ ਨੁਕਸਾਨ ਕਿਉਂ ਕਰਦਾ ਹੈ ?**



**ਚੀਨ ਹਮੇਸ਼ਾ ਭਾਰਤ ਲਈ ਖ਼ਤਰਾ ਬਣਿਆਂ ਰਹਿੰਦਾ ਹੈ। ਭਾਰਤ ਖਾਸ ਤੌਰ 'ਤੇ ਪੰਜਾਬ ਨੇ 1947 ਵਿਚ ਦੇਸ਼ ਦੀ ਵੰਡ, 1965 ਚੀਨ ਨਾਲ ਜੰਗ, 1971 ਪਾਕਿਸਤਾਨ ਨਾਲ ਲੜਾਈ, ਕਾਰਗਿੱਲ, ਪੁਲਵਾਮਾ ਤੇ ਹੁਣ ਪਹਿਲਗਾਮ ਦੇ ਭਿਆਨਕ ਨਤੀਜਿਆਂ ਦਾ ਸੰਤਾਪ ਭੋਗਿਆ ਹੈ। ਹਜ਼ਾਰਾਂ ਫੌਜੀਆਂ ਅਤੇ ਸਿਵੀਲੀਅਨ ਦਾ ਖ਼ੂਨ ਡੁਲ੍ਹਿਆ, ਇਸਤਰੀਆਂ ਵਿਧਵਾ ਹੋਈਆਂ, ਮਾਵਾਂ ਦੇ ਪੁੱਤ ਸ਼ਹੀਦ ਹੋਏ, ਭੈਣਾਂ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਤੋਂ ਰਹਿ ਗਈਆਂ ਤੇ ਬੱਚੇ ਮਾਤਾ ਪਿਤਾ ਤੋਂ ਵਾਂਝੇ ਹੋ ਗਏ। 1971 ਦੀ ਜੰਗ ਵਿਚ ਪਾਕਿਸਤਾਨ ਦਾ ਨੁਕਸਾਨ ਬਹੁਤ ਹੀ ਜ਼ਿਆਦਾ ਹੋਇਆ।**

ਜੰਗ ਸ਼ਬਦ ਹੀ ਖ਼ਤਰਨਾਕ ਹੁੰਦਾ ਹੈ। ਜੰਗ ਦਾ ਤਬਾਹਕੁੰਨ ਹੋਣਾ ਕੁਦਰਤੀ ਹੈ। ਜੰਗ ਤਬਾਹੀ ਦਾ ਪ੍ਰਤੀਕ ਹੁੰਦਾ ਹੈ। ਜੰਗ ਦੇ ਨਤੀਜੇ ਕਦੀਂ ਵੀ ਸਾਕਾਰਾਤਮਕ ਨਹੀਂ ਹੋ ਸਕਦੇ। ਜੰਗ ਦੇ ਨਤੀਜੇ ਹਮੇਸ਼ਾ ਦਿਲ ਨੂੰ ਦੁਖਾਉਣ, ਦਹਿਲਾਉਣ ਵਾਲੇ ਤੇ ਹਿਰਦੇਵੇਦਿਕ ਹੁੰਦੇ ਹਨ। ਜੰਗ-ਬੰਦੀ ਸਾਕਾਰਾਤਮਕ ਸੋਚ ਦਾ ਪ੍ਰਗਟਾਵਾ ਹੁੰਦੀ ਹੈ। ਜੰਗ-ਬੰਦੀ ਵਿਚ ਨਫ਼ਾ ਨੁਕਸਾਨ ਨਹੀਂ ਵੇਖਿਆ ਜਾਣਾ ਚਾਹੀਦਾ। ਜੰਗ ਮਾਨਵਤਾ ਦਾ ਘਾਣ ਕਰਦੀ ਹੈ, ਪ੍ਰੰਤੂ ਜੰਗ-ਬੰਦੀ ਮਾਨਵਤਾ ਦੇ ਭਲੇ ਵਿਚ ਹੁੰਦੀ ਹੈ ਤੇ ਮਾਨਵਤਾ ਦਾ ਬਚਾਓ ਕਰਦੀ ਹੈ। ਸ਼ਾਂਤੀ ਦਾ ਪ੍ਰਤੀਕ ਹੁੰਦੀ ਹੈ। ਸੁਹਾਵਣਾ ਜੀਵਨ ਜਿਓਣ ਲਈ ਸ਼ਾਂਤਮਈ ਵਾਤਾਵਰਨ ਜ਼ਰੂਰੀ ਹੁੰਦਾ ਹੈ। ਦੇਸ਼ ਦਾ ਆਰਥਿਕ, ਸਮਾਜਿਕ, ਸੱਭਿਆਚਾਰਕ, ਵਿਗਿਆਨਕ, ਸਰੀਰਕ ਤੇ ਮਾਨਸਿਕ ਵਿਕਾਸ ਸ਼ਾਂਤੀ ਦੇ ਸਮੇਂ ਹੀ ਹੋ ਸਕਦਾ ਹੈ। ਇਸ ਲਈ ਕਿਸੇ ਵੀ ਦੇਸ਼ ਦੇ ਵਿਕਾਸ ਲਈ ਸ਼ਾਂਤੀ ਹੋਣੀ ਜ਼ਰੂਰੀ ਹੁੰਦੀ ਹੈ। ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਦੇ ਅਮਨਪਸੰਦ ਲੋਕਾਂ ਨੇ ਸਵਾਗਤ ਕੀਤਾ ਹੈ। ਜੰਗ-ਬੰਦੀ ਦਾ ਐਲਾਨ ਹੋਣ 'ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਲੋਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। 22 ਅਪ੍ਰੈਲ 2025 ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਵਿਚ 26 ਸੈਰ ਸਪਾਟਾ ਕਰਨ ਗਏ ਬੇਕਸੂਰ ਮਾਸੂਮ ਲੋਕ ਮਾਰੇ ਗਏ ਸਨ। ਉਸ ਸਮੇਂ ਭਾਰਤ ਵਿਚ ਪਾਕਿਸਤਾਨ ਵਿਰੁੱਧ ਰੋਸ ਦੀ ਲਹਿਰ ਉਠ ਖੜ੍ਹੀ ਹੋਈ ਸੀ। ਭਾਰਤ ਦੇ ਲੋਕ ਸਰਕਾਰ ਤੋਂ ਪਾਕਿਸਤਾਨ ਤੋਂ ਬਦਲਾ ਲੈਣ ਲਈ ਕੋਈ ਸਾਰਥਿਕ ਕਾਰਵਾਈ ਉਮੀਦ ਰੱਖਦੇ ਸਨ। ਭਾਰਤ ਨੇ ਪੂਰੀ ਤਿਆਰੀ ਤੋਂ ਬਾਅਦ 6-7 ਮਈ ਦੀ ਰਾਤ ਨੂੰ ਪਾਕਿਸਤਾਨ ਵਿਚ ਸਥਿਤ ਅੱਤਵਾਦੀਆਂ ਦੇ 9 ਸਿਖਲਾਈ ਟਿਕਾਣਿਆਂ 'ਤੇ 'ਅਪ੍ਰੇਸ਼ਨ ਸਿੰਧੂਰ' ਰਾਹੀਂ ਹਮਲਾ ਕਰਕੇ ਸਿਖਲਾਈ ਸੈਂਟਰ ਤਬਾਹ ਕਰ ਦਿੱਤੇ। ਫਿਰ ਪਾਕਿਸਤਾਨ ਦੇ 6 ਏਅਰਬੇਸ ਵੀ ਤਬਾਹ ਕਰ ਦਿੱਤੇ। ਪਾਕਿਸਤਾਨ ਨੇ ਵੀ ਭਾਰਤ 'ਤੇ ਡਰੋਨਾਂ ਨਾਲ ਹਮਲੇ ਕੀਤੇ। ਇੱਕ ਕਿਸਮ ਨਾਲ ਦੋਹਾਂ ਦੇਸ਼ਾਂ ਦਰਮਿਆਨ ਲੜਾਈ ਸ਼ੁਰੂ ਹੋ ਗਈ। ਐੱਲ.ਓ.ਸੀ. 'ਤੇ ਵੀ ਗੋਲਾਬਾਰੀ ਹੁੰਦੀ ਰਹੀ। ਪੁਣਛ ਵਿਚ ਪਾਕਿਸਤਾਨ ਨੇ ਭਾਰਤ ਦਾ ਨੁਕਸਾਨ ਕੀਤਾ। ਇੱਕ ਕਿਸਮ ਨਾਲ ਦਹਿਸ਼ਤ ਦਾ ਮਾਹੌਲ ਬਣ ਗਿਆ। 'ਅਪ੍ਰੇਸ਼ਨ ਸਿੰਧੂਰ' ਕਰਨਾ ਬਿਲਕੁਲ ਜ਼ਾਇਜ ਸੀ ਪ੍ਰੰਤੂ ਇਸ ਨਾਲ ਬਦਲਾ ਤਾਂ ਲੈ ਲਿਆ ਪ੍ਰੰਤੂ ਜੇਕਰ ਜੰਗ ਜਾਰੀ ਰਹਿੰਦੀ, ਤਾਂ ਬਹੁਤ ਸਾਰੀਆਂ ਇਸਤਰੀਆਂ ਦੇ ਸਿੰਧੂਰ ਲਹਿ ਜਾਣੇ ਸਨ। 10 ਮਈ ਨੂੰ ਸ਼ਾਮ 5.00 ਵਜੇ ਅਮਰੀਕਾ ਦੀ ਵਿਚੋਲਗੀ ਨਾਲ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਨੇ ਐਲਾਨ ਕਰ ਦਿੱਤਾ, ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਦੋਹਾਂ ਦੇਸ਼ਾਂ ਵੱਲੋਂ ਆਪੋ ਆਪਣੀ ਜਿੱਤ ਦੇ ਦਾਅਵੇ ਹੋਣ ਲੱਗ ਪਏ। ਭਾਰਤ ਵਿਚ ਕੁਝ ਲੋਕਾਂ ਨੇ ਜੰਗ-ਬੰਦੀ ਦਾ ਸਵਾਗਤ ਕੀਤਾ, ਪ੍ਰੰਤੂ ਕੁਝ ਲੋਕਾਂ ਨੇ ਭਾਰਤ ਵੱਲੋਂ ਅਮਰੀਕਾ ਦੀ ਵਿਚੋਲਗੀ 'ਤੇ ਸਵਾਲ ਚੁੱਕਦਿਆਂ ਇਸਨੂੰ ਭਾਰਤ ਦੇ ਹਿੱਤ ਵਿਰੁੱਧ ਕਿਹਾ, ਸਗੋਂ ਇਸਨੂੰ ਭਾਰਤ ਦੀ ਹਾਰ ਦੇ ਰੂਪ ਵਿਚ ਪ੍ਰਚਾਰਿਆ ਗਿਆ, ਜੋ ਸਰਾਸਰ ਗ਼ਲਤ ਹੈ। ਡਿਫੈਂਸ ਪੜਚੋਲਕਾਰਾਂ ਅਨੁਸਾਰ ਜੰਗ-ਬੰਦੀ ਨੂੰ ਜਿੱਤ-ਹਾਰ ਤੇ ਨਫ਼ਾ-ਨੁਕਸਾਨ ਦੇ ਤੌਰ 'ਤੇ ਨਹੀਂ ਵੇਖਣਾ ਚਾਹੀਦਾ। ਜੰਗ-ਬੰਦੀ ਦੇਸ਼ ਦੀ ਆਰਥਿਕਤਾ ਲਈ ਲਾਹੇਵੰਦ ਹੁੰਦੀ ਹੈ। ਲੋਕ ਆਪਣਾ ਰੋਜ਼ਮਰ੍ਹਾ ਦਾ ਕਾਰੋਬਾਰ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਦੇ ਸਮਰੱਥ ਹੁੰਦੇ ਹਨ। ਜੰਗ ਦੌਰਾਨ ਜਨਜੀਵਨ ਵਿਚ ਖੜੋਤ ਆ ਜਾਂਦੀ ਹੈ। ਕਰਫਿਊ ਤੇ ਬਲੈਕ ਆਊਟ ਕਾਰੋਬਾਰ ਬੰਦ ਕਰ ਦਿੰਦੀ ਹੈ। ਜਾਨ-ਮਾਲ ਦਾ ਵੱਖਰਾ ਨੁਕਸਾਨ ਹੁੰਦਾ ਹੈ। ਮਨੁੱਖੀ ਜੀਵਨ ਦਾ ਬਚਾਓ ਸਭ ਤੋਂ ਵੱਡੀ ਪ੍ਰਾਪਤੀ ਹੁੰਦਾ ਹੈ। ਲੋਕਾਂ ਦਾ ਸੁੱਖ-ਚੈਨ ਖ਼ਤਮ ਹੋ ਜਾਂਦਾ ਹੈ। ਜੰਗ-ਬੰਦੀ ਦੇਸ਼ ਅਤੇ ਲੋਕਾਂ ਦੇ ਹਿੱਤ ਵਿਚ ਹੁੰਦੀ ਹੈ। ਸਰਕਾਰਾਂ ਦਾ ਮੰਤਵ ਵੀ ਲੋਕ ਹਿੱਤਾਂ 'ਤੇ ਪਹਿਰਾ ਦੇਣਾ ਹੁੰਦਾ ਹੈ। ਭਾਰਤ ਲਈ ਜੰਗ-ਬੰਦੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਉਸ ਦੇ ਲਗਪਗ ਸਾਰੇ ਗੁਆਂਢੀ ਦੇਸ਼ਾਂ ਦੇ ਭਾਰਤ ਨਾਲ ਸੰਬੰਧ ਸਾਜਗਾਰ ਨਹੀਂ ਹਨ।

ਚੀਨ ਹਮੇਸ਼ਾ ਭਾਰਤ ਲਈ ਖ਼ਤਰਾ ਬਣਿਆਂ ਰਹਿੰਦਾ ਹੈ। ਭਾਰਤ ਖਾਸ ਤੌਰ 'ਤੇ ਪੰਜਾਬ ਨੇ 1947 ਵਿਚ ਦੇਸ਼ ਦੀ ਵੰਡ, 1965 ਚੀਨ ਨਾਲ ਜੰਗ, 1971 ਪਾਕਿਸਤਾਨ ਨਾਲ ਲੜਾਈ, ਕਾਰਗਿੱਲ, ਪੁਲਵਾਮਾ ਤੇ ਹੁਣ ਪਹਿਲਗਾਮ ਦੇ ਭਿਆਨਕ ਨਤੀਜਿਆਂ ਦਾ ਸੰਤਾਪ ਭੋਗਿਆ ਹੈ। ਹਜ਼ਾਰਾਂ ਫੌਜੀਆਂ ਅਤੇ ਸਿਵੀਲੀਅਨ ਦਾ ਖ਼ੂਨ ਡੁਲ੍ਹਿਆ, ਇਸਤਰੀਆਂ ਵਿਧਵਾ ਹੋਈਆਂ, ਮਾਵਾਂ ਦੇ ਪੁੱਤ ਸ਼ਹੀਦ ਹੋਏ, ਭੈਣਾਂ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਤੋਂ ਰਹਿ ਗਈਆਂ ਤੇ ਬੱਚੇ ਮਾਤਾ ਪਿਤਾ ਤੋਂ ਵਾਂਝੇ ਹੋ ਗਏ। 1971 ਦੀ ਜੰਗ ਵਿਚ ਪਾਕਿਸਤਾਨ ਦਾ ਨੁਕਸਾਨ ਬਹੁਤ ਹੀ ਜ਼ਿਆਦਾ ਹੋਇਆ। ਪਾਕਿਸਤਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ। ਬੰਗਲਾ ਦੇਸ਼ ਪਾਕਿਸਤਾਨ ਨਾਲੋਂ ਵੱਖ ਹੋ ਗਿਆ। ਪਾਕਿਸਤਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਸਦੇ 93000 ਫੌਜੀਆਂ ਨੇ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਹਥਿਆਰ ਸੁੱਟ ਦਿੱਤੇ। ਪਾਕਿਸਤਾਨ ਇਤਨੀ ਬੁਰੀ ਤਰ੍ਹਾਂ ਹਾਰ ਤੇ ਨੁਕਸਾਨ ਕਰਵਾਉਣ ਤੋਂ ਬਾਅਦ ਵੀ ਸੁਧਰਨ ਦਾ ਨਾਮ ਨਹੀਂ ਲੈ ਰਿਹਾ। ਮਨੁੱਖਤਾ ਦਾ ਖ਼ੂਨ ਡੁਲ੍ਹਦਾ ਹੈ। ਅਸਲ ਵਿਚ ਪਾਕਿਸਤਾਨ ਵਿਚ ਲੋਕਾਂ ਦੀ ਸਰਕਾਰ 'ਤੇ ਫੌਜ ਭਾਰੂ ਹੈ। ਉਥੇ ਫੌਜ ਦੀ ਹੀ ਪੁਗਦੀ ਹੈ। ਫੌਜ ਅਜਿਹੇ ਪੰਗੇ ਛੇੜੀ ਰੱਖਦੀ ਹੈ, ਤਾਂ ਜੋ ਸਰਕਾਰ ਨੂੰ ਆਪਣੇ ਥੱਲੇ ਲਾ ਕੇ ਰੱਖ ਸਕੇ। ਜੰਗ ਕੋਈ ਖੇਡ ਨਹੀਂ ਹੁੰਦੀ। ਅੱਤਵਾਦੀਆਂ ਨੂੰ ਵੀ ਪਤਾ ਹੁੰਦਾ ਹੈ ਕਿ ਉਨ੍ਹਾਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ ਪ੍ਰੰਤੂ ਪਾਕਿਸਤਾਨ ਸਰਕਾਰ ਦੀ ਪੁਸ਼ਤ ਪਨਾਹੀ ਹੋਣ ਕਰਕੇ ਗੁੰਮਰਾਹ ਹੋ ਕੇ ਫਿਰ ਵੀ ਉਹ ਅਜਿਹੇ ਕੰਮ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੰਜਾਬ ਨੇ 1980ਵਿਆਂ ਵਿਚ ਪਾਕਿਸਤਾਨ ਦੀ ਸ਼ਹਿ 'ਤੇ ਕਥਿਤ ਅੱਤਵਾਦੀਆਂ ਤੇ ਸਰਕਾਰਾਂ ਦੀਆਂ ਜ਼ਿਆਦਤੀਆਂ ਦਾ ਸੰਤਾਪ ਭੋਗਿਆ। ਪੰਜਾਬ ਦੀ ਨੌਜਵਾਨੀ ਦਾ ਘਾਣ ਹੋਇਆ। ਇਸੇ ਤਰ੍ਹਾਂ 1984 ਵਿਚ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖ ਨਸਲਕੁਸ਼ੀ ਹੋਈ, ਜਿਸ ਦਾ ਦੁੱਖ ਅੱਜ ਤੱਕ ਪੰਜਾਬੀਆਂ/ਸਿੱਖਾਂ ਦੇ ਅੱਲ੍ਹੇ ਜ਼ਖਮਾਂ ਵਿਚੋਂ ਰਿਸ ਰਿਹਾ ਹੈ। ਇਨ੍ਹਾਂ ਜੰਗਾਂ ਅਤੇ ਦੁਰਘਟਨਾਵਾਂ ਦਾ ਸਭ ਤੋਂ ਵੱਧ ਨੁਕਸਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਹੋਇਆ ਹੈ, ਜਿਨ੍ਹਾਂ ਨੇ ਆਪਣੇ ਪਿੰਡੇ 'ਤੇ ਸਾਰਾ ਕੁਝ ਹੰਢਾਇਆ ਹੈ। ਇਨ੍ਹਾਂ ਪੰਜਾਬੀਆਂ ਨੂੰ ਪੁੱਛੋ ਜੰਗ ਦਾ ਕੀ ਨੁਕਸਾਨ ਹੁੰਦਾ ਹੈ ? ਪੰਜਾਬੀ ਜੰਗ-ਬੰਦੀ ਦਾ ਸਵਾਗਤ ਕਰਦੇ ਹਨ। ਉਹ ਦੋਵੇਂ ਦੇਸ਼ਾਂ ਦੇ ਸਿਆਸਤਦਾਨਾਂ ਨੂੰ ਪੰਜਾਬੀਆਂ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਕੂਟਨੀਤਕ ਸੰਬੰਧਾਂ ਨਾਲ ਸਾਰੇ ਮਸਲੇ ਹੱਲ ਕਰਨ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਖ਼ੂਨ ਅਜਾਈਂ ਨਹੀਂ ਡੁੱਲ੍ਹਣਾ ਚਾਹੀਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਪ੍ਰੰਤੂ ਭਾਰਤ ਦੀ ਵੀ ਬਹੁਤੀ ਚੰਗੀ ਨਹੀਂ, ਉਹ ਵੀ ਕਰਜ਼ਈ ਹੋਇਆ ਪਿਆ ਹੈ। ਸੰਸਾਰ ਦੇ ਵੱਡੇ ਦੇਸ਼ ਆਪੋ ਆਪਣੇ ਹਥਿਆਰ ਵੇਚਣ ਲਈ ਦੋਹਾਂ ਦੇਸ਼ਾਂ ਦੀ ਆਰਥਿਕਤਾ ਨੂੰ ਢਾਅ ਲਾ ਰਹੇ ਹਨ। ਰੂਸ ਜਿਸਨੂੰ ਭਾਰਤ ਆਪਣਾ ਹਮਦਰਦ ਕਹਿੰਦਾ ਹੈ, ਉਹ ਪਾਕਿਸਤਾਨ ਨੂੰ ਵੀ ਹਥਿਆਰ ਵੇਚਦਾ ਹੈ। ਹੀਰੋਸ਼ੀਮਾ ਤੇ ਨਾਗਾਸਾਕੀ ਦੇ ਪ੍ਰਮਾਣੂ ਹਮਲੇ ਦਾ ਭੂਤ ਅਜੇ ਤੱਕ ਮੰਡਰਾ ਰਿਹਾ ਹੈ, ਡਿਫੈਂਸ ਪੜਚੋਲਕਾਰਾਂ ਦੀ ਰਾਏ ਹੈ ਕਿ ਅਮਰੀਕਾ ਭਾਂਪ ਗਿਆ ਸੀ ਕਿ ਜੇਕਰ ਕਿਸੇ ਇੱਕ ਦੇਸ਼ ਨੇ ਅਣਗਹਿਲੀ ਵਰਤ ਲਈ, ਤਾਂ ਸੰਸਾਰ ਜੰਗ ਲੱਗ ਸਕਦੀ ਹੈ, ਸੰਸਾਰ ਆਰਥਿਕ ਮੰਦਹਾਲੀ ਵਿਚ ਤਾਂ ਪਹੁੰਚੇਗਾ ਹੀ ਪ੍ਰੰਤੂ ਪ੍ਰਮਾਣੂੰ ਖ਼ਤਰਾ ਸਭ ਤੋਂ ਵੱਧ ਨੁਕਸਾਨਦਾਇਕ ਹੋ ਸਕਦਾ ਹੈ, ਕਿਉਂਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸ਼ਾਂ ਕੋਲ ਪ੍ਰਮਾਣੂ ਸ਼ਕਤੀ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਖ਼ਤਮ ਹੋਣ ਵਿਚ ਨਹੀਂ ਆ ਰਹੀ। ਇਹ ਅਹੰਕਾਰ ਦੀ ਲੜਾਈ ਨਹੀਂ, ਸਗੋਂ ਸ਼ਾਂਤੀ ਦਾ ਮਸਲਾ ਹੈ। ਜਿਹੜੇ ਲੋਕ ਸੋਸ਼ਲ ਮੀਡੀਆ 'ਤੇ ਬੈਠਕੇ ਡੀਂਗਾਂ ਮਾਰ ਰਹੇ ਹਨ ਤੇ ਲੜਾਈ ਜਾਰੀ ਰੱਖਣ ਲਈ ਉਕਸਾ ਰਹੇ ਹਨ, ਉਨ੍ਹਾਂ ਨੂੰ ਜੰਗ ਦੇ ਸੰਤਾਪ ਬਾਰੇ ਤਜ਼ਰਬਾ ਨਹੀਂ। ਸਰਹੱਦਾਂ 'ਤੇ ਜਦੋਂ ਸਾਡੇ ਸੈਨਿਕ ਸ਼ਹੀਦ ਹੁੰਦੇ ਹਨ, ਤਾਂ ਕਿਤਨੇ ਘਰਾਂ ਵਿਚ ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਦਮਗਜ਼ੇ ਮਾਰਨੇ ਸੌਖੇ ਹਨ, ਪ੍ਰੰਤੂ ਸਰਹੱਦਾਂ 'ਤੇ ਜਾ ਕੇ ਲੜਨਾ ਅਤਿ ਮੁਸ਼ਕਲ ਹੁੰਦਾ ਹੈ। ਫੌਜੀ ਭਰਾ ਕੜਾਕੇ ਦੀ ਠੰਡ ਵਿਚ ਲੜਦੇ ਹਨ। ਪੀਣ ਲਈ ਪਾਣੀ ਨਹੀਂ ਮਿਲਦਾ, ਬਰਫ ਨੂੰ ਪਿਘਲਾ ਕੇ ਪਾਣੀ ਪੀਂਦੇ ਹਨ। ਅਸੀਂ ਘਰਾਂ ਵਿਚ ਬੈਠੇ ਗੱਲਾਂ ਕਰਨ ਜੋਗੇ ਹਾਂ। ਇਸ ਤੋਂ ਇਲਾਵਾ ਜਿਹੜੇ ਸਰਹੱਦੀ ਪਿੰਡਾਂ ਦੇ ਲੋਕ ਕਿਸਾਨ ਰਹਿੰਦੇ ਹਨ, ਉਨ੍ਹਾਂ ਨੂੰ ਪੁੱਛੋ ਕਿਵੇਂ ਉਨ੍ਹਾਂ ਦੇ ਸਿਰਾਂ 'ਤੇ ਮੌਤ ਦਾ ਸਾਇਆ ਲਟਕਦਾ ਰਹਿੰਦਾ ਹੈ। ਉਹ ਹਮੇਸ਼ਾ ਤਲਵਾਰ ਦੀ ਨੋਕ 'ਤੇ ਜ਼ਿੰਦਗੀ ਬਸਰ ਕਰ ਰਹੇ ਹਨ। ਹਰ ਵਕਤ ਮੌਤ ਦਾ ਡਰ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਟੀ.ਵੀ. ਅਤੇ ਵੈਬ ਚੈਨਲਾਂ ਵਾਲਿਆਂ ਨੂੰ ਵੀ ਕੜਕ-ਕੜਕ ਕੇ ਲੋਕਾਂ ਨੂੰ ਉਕਸਾਉਣਾ ਨਹੀਂ ਚਾਹੀਦਾ। ਗ਼ਲਤ ਤੇ ਗੁੰਮਰਾਹਕੁਨ ਬਿਨਾ ਕਨਫਰਮ ਕੀਤੇ ਖ਼ਬਰਾਂ ਵੀ ਨਹੀਂ ਲਗਾਉਣੀਆਂ ਚਾਹੀਦੀਆਂ। ਅਖ਼ਬਾਰਾਂ ਦੇ ਪ੍ਰਤੀਨਿਧਾਂ ਨੂੰ ਵੀ ਖ਼ਬਰਾਂ ਭੇਜਣ ਲੱਗੇ ਸੁਣੀਆਂ ਸੁਣਾਈਆਂ ਖ਼ਬਰਾਂ ਨਹੀਂ ਲਗਾਉਣੀਆਂ ਚਾਹੀਦੀਆਂ। ਕੁਝ ਦੇਸ਼ ਵਿਰੋਧੀ ਲੋਕ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ, ਜਿਹੜੀਆਂ ਲੋਕਾਂ ਵਿਚ ਡਰ ਪੈਦਾ ਕਰਦੀਆਂ ਹਨ। ਇਸ ਲਈ ਸਾਰਿਆਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ। ਪਹਿਲਗਾਮ ਵਿਖੇ ਮਾਰੇ ਗਏ ਸੈਲਾਨੀਆਂ ਦਾ ਦੁੱਖ ਹਰ ਭਾਰਤੀ ਨੂੰ ਹੈ, ਪ੍ਰੰਤੂ ਸਮੇਂ ਦੀ ਨਜ਼ਾਕਤ ਅਤੇ ਦੇਸ਼ ਦੀ ਸਰਕਾਰ ਦੀਆਂ ਹਦਾਇਤਾਂ ਦੀ ਪਹਿਰੇਦਾਰੀ ਕਰਨਾ ਹਰ ਭਾਰਤੀ ਦਾ ਫ਼ਰਜ਼ ਬਣਦਾ ਹੈ।

# ਜੰਗ ਬਨਾਮ ਟਰੰਪ ਕਾਰਡ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਪਾਕਿਸਤਾਨ ਇਸ ਜੰਗ ਦੀ ਆੜ ਵਿਚ 2.3 ਅਰਬ ਡਾਲਰ ਦਾ ਆਈ.ਐੱਮ.ਐੱਫ. ਅੰਤਰਰਾਸ਼ਟਰੀ ਕਰਜ਼ਾ ਪ੍ਰਾਪਤ ਕਰ ਗਿਆ ਅਤੇ ਸਾਡੇ ਹਾਕਮ ਨੇ "ਬਿਹਾਰ" ਦੀ ਚੋਣ ਜਿੱਤਣ ਦਾ ਮਾਹੌਲ ਸਿਰਜਣ ਲਈ ਜੋ ਬਿਸਾਤ ਵਿਛਾਈ ਸੀ, ਉਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ 'ਚ ਕਾਮਯਾਬ ਹੋ ਗਿਆ। ਪਰ ਇੱਕ ਗੱਲ ਜਿਹੜੀ ਉਹ ਨਹੀਂ ਕਰ ਸਕਿਆ, ਉਹ "ਹਿੰਦੂ", "ਮੁਸਲਮਾਨਾਂ" ਦਾ ਫਸਾਦ ਨਾ ਕਰਵਾ ਸਕਿਆ ਜਾਂ ਕਹਿ ਲਈਏ ਆਪਣੇ ਉਸ ਮਨਸੂਬੇ 'ਚ ਸਫ਼ਲ ਨਹੀਂ ਹੋ ਸਕਿਆ, ਜਿਸ ਨੂੰ ਬਣਾਉਣਾ ਉਸਨੇ ਚਿਤਵਿਆ ਸੀ।**

ਦੁਨੀਆਂ ਭਰ ਵਿਚ ਇਸ ਤੋਂ ਪਹਿਲਾਂ ਲਗਾਤਾਰ ਇੰਨੇ ਸਾਰੇ ਹਥਿਆਰਬੰਦ ਸੰਘਰਸ਼ ਨਹੀਂ ਹੋਏ, ਜਿੰਨੇ ਇਸ ਵੇਲੇ ਹੋ ਰਹੇ ਹਨ। ਗਲੋਬਲ ਪੀਸ ਇੰਡੈਕਸ 2024 ਦੇ ਅਨੁਸਾਰ ਸੰਘਰਸ਼ ਕਰਨ ਵਾਲੇ ਦੇਸ਼ਾਂ ਦੀ ਸੰਖਿਆ, ਦੂਜੇ ਵਿਸ਼ਵ ਯੁੱਧ ਦੇ ਬਾਅਦ ਇਸ ਸਮੇਂ ਸਭ ਤੋਂ ਵੱਧ ਹੈ। ਸਾਲ 2020 'ਚ ਹਥਿਆਰਬੰਦ ਸੰਘਰਸ਼ਾਂ ਦੀ ਗਿਣਤੀ 56 ਅਤੇ 2024 'ਚ 59 ਹੋ ਗਈ। ਸਾਲ 2023 'ਚ ਇਜ਼ਰਾਇਲ-ਹਮਾਸ ਅਤੇ ਯੂਕਰੇਨ-ਰੂਸ, ਮਿਆਮੀ ਗ੍ਰਹਿ ਯੁੱਧ, ਸੂਡਾਨ ਗ੍ਰਹਿ ਯੁੱਧ ਲੜੇ ਗਏ, ਜਿਨ੍ਹਾਂ 'ਚ 10 ਹਜ਼ਾਰ ਤੋਂ ਵੱਧ ਗਿਣਤੀ 'ਚ ਲੋਕ ਮਰੇ।

ਜਾਣਕਾਰਾਂ ਦੀ ਅਸ਼ੰਕਾ ਹੈ ਕਿ 2025 ਵਿਚ ਇਜ਼ਰਾਇਲ, ਗਾਜ਼ਾ, ਲੈਬਨਾਨ, ਇਰਾਨ, ਇਰਾਕ, ਸੀਰੀਆ, ਯਮਨ, ਪਾਕਿਸਤਾਨ, ਯੁਗਾਂਡਾ ਆਦਿ ਵਿਚ ਹਾਲਾਤ ਖਰਾਬ ਹੋ ਜਾਣਗੇ। ਅਮਰੀਕਾ ਨੇ ਇਨ੍ਹਾਂ ਵਿਚੋਂ ਕਈ ਦੇਸ਼ਾਂ ਨੂੰ ਪਹਿਲਾਂ ਹੀ ਉਕਸਾਇਆ ਹੈ। 2022 ਵਿਚ ਅਮਰੀਕਾ ਨੇ ਇਕੱਲੇ ਯੂਕਰੇਨ ਨੂੰ 18.1 ਅਰਬ ਡਾਲਰ ਦੇ ਹਥਿਆਰ ਦਿੱਤੇ। 2023 ਵਿਚ ਇਹ ਵੱਧ ਕੇ 80.9 ਅਰਬ ਡਾਲਰ ਹੋ ਗਏ। ਦੁਨੀਆਂ ਭਰ ਵਿਚ ਹਥਿਆਰਾਂ ਦੀ ਵਿਕਰੀ 238 ਅਰਬ ਡਾਲਰ ਦੀ ਸੀ, ਜਿਸ ਵਿਚ 81 ਅਰਬ ਡਾਲਰ ਦੀ ਸਿੱਧੀ ਵਿਕਰੀ ਸਿਰਫ਼ ਅਮਰੀਕਾ ਸਰਕਾਰ ਨੇ ਕੀਤੀ, ਜੋ 2022 ਨਾਲੋਂ 56 ਫੀਸਦੀ ਵੱਧ ਹੈ। 2023 ਵਿਚ ਅਮਰੀਕਾ ਨੇ ਇਜ਼ਰਾਇਲ ਨੂੰ 21.2 ਅਰਬ ਡਾਲਰ ਦਿੱਤੇ 2024 ਵਿਚ ਇਹ ਵਧ ਕੇ 42.76 ਅਰਬ ਡਾਲਰ ਹੋ ਗਏ।

ਲਗਭਗ ਸਾਰੇ ਮਹਾਦੀਪ ਸੰਘਰਸ਼ ਅਤੇ ਯੁੱਧ ਦੇ ਦੌਰ ਵਿਚ ਹਨ ਅਤੇ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਹਨ। ਹੋਰ ਸਭ ਅਮੀਰ ਮੁਲਕਾਂ ਨਾਲੋਂ ਅਮਰੀਕਾ ਇਸ ਦੌੜ 'ਚ ਸਭ ਤੋਂ ਅੱਗੇ ਹੈ। ਉਹ ਆਪਣੇ ਹਥਿਆਰਾਂ ਦੇ ਵਪਾਰ ਅਤੇ ਵਪਾਰਕ ਹਿੱਤਾਂ ਲਈ ਹਰ ਹਰਬਾ ਵਰਤ ਰਿਹਾ ਹੈ। ਅਮਰੀਕਾ ਦੀ ਟਰੰਪ ਸਰਕਾਰ ਨੇ ਦੁਨੀਆਂ ਦੇ ਸਾਰੇ ਦੇਸ਼ਾਂ ਨਾਲ ਵਪਾਰਕ ਜੰਗ ਛੇੜੀ ਹੋਈ ਹੈ। ਗਾਜ਼ਾ ਅਤੇ ਯੂਕਰੇਨ 'ਚ ਅਮਰੀਕਾ ਦੀ ਸਿੱਧੇ ਅਸਿੱਧੇ ਦਖਲ ਨਾਲ ਗਹਿਰੀ ਸ਼ਮੂਲੀਅਤ ਹੈ।

2025 'ਚ ਅੱਤ ਘਿਨਾਉਣੀ "ਪਹਿਲਗਾਮ" ਘਟਨਾ ਤੋਂ ਬਾਅਦ ਪਾਕਿ-ਭਾਰਤ ਯੁੱਧ ਨੇ ਦੱਖਣੀ ਏਸ਼ੀਆ ਖਿੱਤੇ 'ਚ ਅਸਥਿਰਤਾ ਪੈਦਾ ਕਰ ਦਿੱਤੀ। ਅਚਾਨਕ ਜੰਗਬੰਦੀ ਦਾ ਐਲਾਨ ਹੋ ਗਿਆ। ਦੋਹਾਂ ਪਾਸਿਆਂ ਦੀ ਜਨਤਾ ਦੇ ਮਨਾਂ 'ਚ ਖ਼ੁਸ਼ੀ ਹੈ, ਕਿਉਂਕਿ ਉਹ ਤਾਂ ਜੰਗ ਚਾਹੁੰਦੀ ਹੀ ਨਹੀਂ ਸੀ, ਸਗੋਂ ਇਹ ਜੰਗ ਤਾਂ ਉਨ੍ਹਾਂ ਉੱਤੇ ਥੋਪੀ ਜਾ ਰਹੀ ਸੀ। ਲੋਕਾਂ 'ਚ ਪਰੇਸ਼ਾਨੀ ਸੀ। ਕਈ ਰਾਤਾਂ ਤੋਂ ਉਨ੍ਹਾਂ ਸੌਂ ਕੇ ਨਹੀਂ ਵੇਖਿਆ। ਆਖਰ ਇਹ ਮਾਜਰਾ ਹੈ ਕੀ ਸੀ? ਆਖਰ ਇਹ ਗੱਲ ਨਿੱਬੜ ਕਿਵੇਂ ਗਈ? ਆਖਰ ਦੋਹਾਂ ਦੇਸ਼ਾਂ ਦੇ "ਸੇਵਕ" ਚੁੱਪ ਚੁਪੀਤੇ "ਥਾਣੇਦਾਰ ਟਰੰਪ" ਦੀ ਗੱਲ ਕਿਵੇਂ ਮੰਨ ਗਏ? ਆਖਰ ਇਨ੍ਹਾਂ ਮੁਲਕਾਂ ਦੇ ਇਨ੍ਹਾਂ "ਰਾਖਿਆਂ" ਨੂੰ ਲੋਕਾਂ ਨੂੰ ਜੰਗ 'ਚ ਝੋਕਣ ਦਾ ਫ਼ਾਇਦਾ ਕੀ ਮਿਲਿਆ?

ਪਾਕਿਸਤਾਨ ਇਸ ਜੰਗ ਦੀ ਆੜ ਵਿਚ 2.3 ਅਰਬ ਡਾਲਰ ਦਾ ਆਈ.ਐੱਮ.ਐੱਫ. ਅੰਤਰਰਾਸ਼ਟਰੀ ਕਰਜ਼ਾ ਪ੍ਰਾਪਤ ਕਰ ਗਿਆ ਅਤੇ ਸਾਡੇ ਹਾਕਮ ਨੇ "ਬਿਹਾਰ" ਦੀ ਚੋਣ ਜਿੱਤਣ ਦਾ ਮਾਹੌਲ ਸਿਰਜਣ ਲਈ ਜੋ ਬਿਸਾਤ ਵਿਛਾਈ ਸੀ, ਉਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ 'ਚ ਕਾਮਯਾਬ ਹੋ ਗਿਆ। ਪਰ ਇੱਕ ਗੱਲ ਜਿਹੜੀ ਉਹ ਨਹੀਂ ਕਰ ਸਕਿਆ, ਉਹ "ਹਿੰਦੂ", "ਮੁਸਲਮਾਨਾਂ" ਦਾ ਫਸਾਦ ਨਾ ਕਰਵਾ ਸਕਿਆ ਜਾਂ ਕਹਿ ਲਈਏ ਆਪਣੇ ਉਸ ਮਨਸੂਬੇ 'ਚ ਸਫ਼ਲ ਨਹੀਂ ਹੋ ਸਕਿਆ, ਜਿਸ ਨੂੰ ਬਣਾਉਣਾ ਉਸਨੇ ਚਿਤਵਿਆ ਸੀ। ਕੀ ਸੱਚ-ਮੁੱਚ ਸਾਡੇ "ਹਾਕਮ" ਦੇ ਮਨ ਵਿਚ "ਅੱਤਵਾਦੀਆਂ" ਨੂੰ ਸਬਕ ਸਿਖਾਉਣ ਤੇ ਉਨ੍ਹਾਂ ਦੇ ਪਾਲਣਹਾਰੇ ਪਾਕਿਸਤਾਨੀ ਹੁਕਮਰਾਨਾਂ ਨੂੰ ਸਬਕ ਸਿਖਾਉਣ ਦੀ ਮਨਸ਼ਾ ਸੀ ਜਾਂ ਮਨਸੂਬਾ ਸਿਰਫ਼ ਆਪਣੀ ਗੱਦੀ ਨੂੰ ਪੱਕਿਆ ਕਰਨਾ ਸੀ? ਕਹਿੰਦੇ ਹਨ ਸਰਵਿਆਂ ਅਨੁਸਾਰ ਬਿਹਾਰ 'ਚ ਚੋਣ "ਸੱਤਾਧਾਰੀ" ਹਾਰ ਰਹੇ ਸਨ, ਜਿਸ ਦਾ ਅਸਰ ਸਿਰਫ਼ ਬਿਹਾਰ ਚੋਣਾਂ 'ਚ ਹੀ ਨਹੀਂ ਸੀ ਪੈਣਾ, ਸਗੋਂ ਕੇਂਦਰ ਸਰਕਾਰ ਵੀ "ਤੜੱਕ ਕਰਕੇ" ਨਿਤੀਸ਼ ਕੁਮਾਰ ਕਾਰਨ ਡਿੱਗ ਪੈਣੀ ਸੀ।

ਰਹੀ ਗੱਲ ਟਰੰਪ ਦੀ ਉਸਨੂੰ ਤਾਂ ਆਪਣੇ ਹਿੱਤ ਪਿਆਰੇ ਹਨ। ਉਸਨੇ ਤਾਂ ਆਪਣਾ ਫ਼ੌਜੀ ਸਮਾਨ ਵੇਚਣਾ ਹੈ। ਦੁਨੀਆਂ ਦਾ ਸਭ ਤੋਂ ਵੱਡਾ ਸੌਦਾਗਰ ਇਸ ਗੱਲ ਲਈ ਮਸ਼ਹੂਰ ਹੈ ਕਿ ਉਹ ਦੇਸ਼ਾਂ ਨੂੰ ਆਪਸ ਵਿਚ ਲੜਾਉਂਦਾ ਹੈ ਅਤੇ ਆਪਣੇ ਹਥਿਆਰ ਵੇਚਦਾ ਹੈ, ਚੋਖਾ ਮੁਨਾਫ਼ਾ ਕਮਾਉਂਦਾ ਹੈ। ਟਰੰਪ ਪ੍ਰਸ਼ਾਸਨ ਤਾਂ ਇਸ ਵੇਲੇ ਦੁਨੀਆਂ ਭਰ ਵਿਚ ਧੌਂਸ-ਧੱਕੇ ਲਈ ਮਸ਼ਹੂਰ ਹੈ। ਜਿਸ ਵੱਲੋਂ ਦੁਨੀਆਂ ਦੇ ਹਿੱਤ ਲਾਂਭੇ ਰੱਖ ਕੇ, ਅਮਰੀਕੀ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਲਈ ਸਿਰਫ਼ ਗੱਲਾਂ ਹੀ ਨਹੀਂ ਕੀਤੀਆਂ ਜਾ ਰਹੀਆਂ, ਸਗੋਂ ਅਮਲੀ ਕਦਮ ਵੀ ਪੁੱਟੇ ਜਾ ਰਹੇ ਹਨ। ਅਸਲ ਅਰਥਾਂ ਵਿਚ ਟਰੰਪ ਜੰਗ ਲਗਵਾਉਂਦਾ ਵੀ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਭਲ ਖੱਟਣ ਲਈ ਜੰਗ ਰੁਕਵਾਉਂਦਾ ਵੀ ਹੈ। ਹਿੰਦੁਸਤਾਨ-ਪਾਕਿਸਤਾਨ ਦੀ ਜੰਗ 'ਚ ਇੱਕ ਵਿਚੋਲੇ ਦਾ ਰੋਲ ਅਦਾ ਕਰਕੇ, ਉਹ ਅਮਨ ਦਾ ਮਸੀਹਾ ਬਣਨ ਦੇ ਯਤਨ 'ਚ ਹੈ। ਪਰ ਕੀ ਇਹ ਸੱਚ-ਮੁੱਚ ਇਵੇਂ ਹੀ ਹੈ? ਜੇ ਹੈ ਤਾਂ ਰੂਸ- ਯੂਕਰੇਨ ਜੰਗ 'ਚ ਉਸਦੀ ਭੂਮਿਕਾ ਇੱਕ ਪੱਖੀ ਕਿਉਂ ਹੈ? ਜੇ ਹੈ ਤਾਂ ਇਜ਼ਰਾਇਲ-ਹਮਾਸ 'ਚ ਉਸ ਦਾ ਰੋਲ ਇੱਕ ਪਾਸੜ ਕਿਉਂ ਹੈ?

ਇਸ ਸਮੇਂ ਭਾਰਤ-ਪਾਕਿ ਜੰਗ ਅਤੇ ਜੰਗਬੰਦੀ 'ਚ ਟਰੰਪ ਦੀ ਭੂਮਿਕਾ ਦੀ ਵੱਡੀ ਚਰਚਾ ਹੈ। ਉਸਦਾ ਮਕਸਦ ਆਪਣਾ ਵਪਾਰ ਵਧਾਉਣਾ ਹੈ ਅਤੇ ਟਰੰਪ ਦੇ ਸ਼ਬਦਾਂ 'ਚ, "ਦੋਹੇ ਧਿਰਾਂ ਉਸਦੀਆਂ 'ਪਿਆਰੀਆਂ' ਹਨ।" ਉਸ ਨੇ ਦੋਹਾਂ ਪਹਿਲਵਾਨਾਂ ਨੂੰ ਉਦੋਂ ਤੱਕ ਲੜਨ ਦਿੱਤਾ, ਜਦੋਂ ਤੱਕ ਉਸ ਨੇ ਚਾਹਿਆ ਜਾਂ ਜਿੱਥੋਂ ਤੱਕ ਉਸਦਾ ਹਿੱਤ ਸਾਧਿਆ ਮੰਨਿਆ ਗਿਆ। ਉਂਝ ਪਾਕਿਸਤਾਨ ਧਿਰ, ਉੱਥੋਂ ਦੇ ਹਾਕਮ ਪਰੇਸ਼ਾਨ ਹਨ, ਉਥੋਂ ਦੀ ਫ਼ੌਜ ਅਤੇ ਉਥੋਂ ਦੇ ਅੱਤਵਾਦੀ ਸੰਗਠਨਾਂ ਤੋਂ, ਜਿਹੜੇ ਚੈਨ ਨਾਲ਼ ਉਨ੍ਹਾਂ ਨੂੰ ਰਾਜ ਨਹੀਂ ਕਰਨ ਦਿੰਦੇ। ਇਹੋ ਵਜ੍ਹਾ ਹੈ ਕਿ ਉਸ ਦੀ "ਸੈਨਾ" ਅਤੇ "ਅੱਤਵਾਦੀਆਂ" ਨੂੰ ਭਾਰਤ ਦੇ ਗਲ਼ ਪਾਈ ਰੱਖਦੇ ਹਨ। ਪਰ ਇਸ ਸਭ ਕੁਝ ਦਾ, ਸਭ ਤੋਂ ਭੈੜਾ ਅਸਰ ਪੰਜਾਬ 'ਤੇ ਪੈਂਦਾ ਹੈ। ਹੁਣ ਜਦੋਂ ਦੋਵੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਨੇੜੇ ਆ ਰਹੇ ਸਨ ਅਤੇ ਹੁਣ ਵੀ ਨੇੜੇ ਹਨ, ਦੂਰ ਨਹੀਂ, ਸਰਹੱਦ ਪਾਰ ਆਪਸੀ ਵਪਾਰ ਦੀਆਂ ਗੱਲਾਂ ਕਰਨ ਲੱਗ ਪਏ ਸਨ। ਇਹ ਗੱਲਾਂ ਹਾਕਮ ਨੂੰ ਸਖਾਂਦੀਆਂ ਨਹੀਂ। ਇਹੋ ਜਿਹਾ "ਸੀਨ" ਕੁਝ ਦਿਨਾਂ ਵਿਚ ਸਿਰਜ ਦਿੱਤਾ, ਦੋਹਾਂ ਧਿਰਾਂ ਦੀਆਂ ਸਵਾਰਥੀ ਹਾਕਮ ਧਿਰਾਂ ਨੇ, ਕਿ ਜੰਗ ਭਖ਼ ਪਈ, ਨੁਕਸਾਨ ਹੋਣ ਲੱਗ ਪਿਆ। ਠਾਹ-ਠੂਹ ਹੋਣ ਲੱਗ ਪਈ। ਲੋਕਾਂ ਦਾ ਚੈਨ ਵਿਗੜ ਗਿਆ ਅਤੇ ਵੱਡੇ ਨੁਕਸਾਨ ਦਾ ਖਦਸ਼ਾ ਅਤੇ ਮੌਤ ਦਾ ਡਰ ਮੰਡਰਾਉਣ ਲੱਗ ਪਿਆ।

ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਇਸ ਜੰਗ ਨਾਲ ਲੋਕਾਂ ਦਾ ਕਿੰਨਾ ਨੁਕਸਾਨ ਹੋਇਆ, ਕਿੰਨੇ ਵਿਸ਼ਵਾਸ ਤਿੜਕੇ, ਕਿੰਨੇ ਰਿਸ਼ਤੇ ਟੁੱਟੇ, ਕਿੰਨੇ ਹਿੰਦੁਸਤਾਨੀ, ਪਾਕਿਸਤਾਨੀ ਪਰੇਸ਼ਾਨ ਹੋਏ। ਉਨ੍ਹਾਂ ਕਿੰਨਾ ਮਾਨਸਿਕ ਸੰਤਾਪ ਹੰਢਾਇਆ, ਜਿਹੜੇ ਇਧਰ-ਉਧਰ ਵਿਆਹਾਂ ਬੰਧਨ ਵਿਚ ਬੱਧੇ ਹੋਏ ਹਨ।

ਆਖਰ ਇਹ ਸਿਆਸਤ, ਹਾਕਮਾਂ ਦਾ ਇਹ ਚਿਹਰਾ, ਜਿਹੜਾ ਅਮਰੀਕੀ ਟਰੰਪ, ਰੂਸੀ ਪੁਤਿਨ ਤੋਂ ਸ਼ੁਰੂ ਹੁੰਦਾ ਹੈ ਅਤੇ ਸਾਡੇ ਹਾਕਮ ਤੱਕ ਪੁੱਜਦਾ ਹੈ, ਜਦੋਂ ਬੇਨਕਾਬ ਹੁੰਦਾ ਹੈ, ਤਾਂ ਲੋਕਾਂ ਦੇ ਮਨਾਂ 'ਚ "ਲੋਕਤੰਤਰ", "ਅਮਨ ਦੀ ਬਾਤ", "ਲੋਕ ਹਿਤੈਸ਼ੀ" ਯੋਜਨਾਵਾਂ ਅਤੇ ਪਖੰਡ ਦਾ ਪਰਦਾਫਾਸ਼ ਹੁੰਦਾ ਹੈ।

ਸੱਚ-ਮੁੱਚ ਜੇਕਰ ਭਾਰਤ-ਪਾਕਿ ਦੇ ਹਾਕਮ ਆਪ ਹੀ ਵਿਚਾਰ ਲੈਂਦੇ ਕਿ ਜੋ ਘਟਨਾ "ਪਹਿਲਗਾਮ" 'ਚ ਵਾਪਰੀ, ਉਸ ਦਾ ਨਿਰਣਾ ਕਰਕੇ, ਦੋਸ਼ੀਆਂ ਨੂੰ ਸਜ਼ਾ ਮਿਲਦੀ ਅਤੇ ਉਹ ਵੀ ਆਪਸੀ ਗੱਲਬਾਤ ਅਤੇ ਆਪਸੀ ਭਰੋਸੇ ਨਾਲ ਤਾਂ ਦੋਹਾਂ ਦੇਸ਼ਾਂ 'ਚ ਜਿਹੜੀ ਫ਼ਿੱਕ ਸਿੰਧੂ ਨਦੀ ਦਾ ਪਾਣੀ ਰੋਕ ਕੇ, ਇੱਕ-ਦੂਜੇ ਦੇਸ਼ ਦੇ ਡਿਪਲੋਮੈਟ ਆਪੋ-ਆਪਣੇ ਦੇਸ਼ਾਂ ਤੋਂ ਭਜਾ ਕੇ ਅਤੇ ਆਪਸੀ ਕੁੜੱਤਣ ਭਰ ਕੇ ਪਾਈ ਗਈ ਹੈ, ਉਹ ਇੰਞ ਨਾ ਹੁੰਦੀ ਤੇ ਦੁਨੀਆਂ ਦੇ ਵੱਡੇ ਵਪਾਰੀ "ਟਰੰਪ" ਨੂੰ ਦੋ ਮੁਲਕਾਂ ਦੀ "ਪ੍ਰਭੂਸੱਤਾ" ਨੂੰ ਆਪਣੇ ਪੈਰਾਂ ਹੇਠ ਮਿੱਧਣ ਦਾ ਮੌਕਾ ਹੀ ਨਾ ਮਿਲ਼ਦਾ।

ਕੀ ਭਾਰਤ ਵੱਲੋਂ ਰੱਦ ਕੀਤਾ ਸਿੰਧੂ ਨਦੀ ਸਮਝੌਤਾ ਅਤੇ ਪਾਕਿਸਤਾਨ ਵੱਲੋਂ ਰੱਦ ਕੀਤਾ ਸ਼ਿਮਲਾ ਸਮਝੌਤਾ ਅਤੇ ਕਸ਼ਮੀਰ ਦਾ ਮਸਲਾ ਹੁਣ ਅਮਰੀਕਾ ਦੀ ਵਿਚੋਲਗੀ ਨਾਲ ਹੀ ਹੱਲ ਹੋਏਗਾ, ਜਿਸ ਸੰਬੰਧੀ ਭਾਰਤ ਦੋਹਾਂ ਦੇਸ਼ਾਂ 'ਚ ਕਿਸੇ ਦੇਸ਼ ਦੀ ਵਿਚੋਲਗੀ ਪਿਛਲੇ ਸਮੇਂ 'ਚ ਪ੍ਰਵਾਨ ਨਹੀਂ ਕਰਦਾ ਰਿਹਾ!

ਬਿਨ੍ਹਾਂ ਸ਼ੱਕ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਸਵਾਗਤਯੋਗ ਸਕਰਾਤਮਕ ਅਤੇ ਜ਼ਰੂਰੀ ਕਦਮ ਹੈ। ਪਰ ਜੰਗਬੰਦੀ ਨੂੰ ਸੁਲਝਾਉਣ ਲਈ ਅਮਰੀਕਾ ਦੀ ਕਥਿਤ ਸ਼ਮੂਲੀਅਤ ਚਿੰਤਾਜਨਕ ਹੈ। ਕੀ ਇਸ ਨਾਲ ਦੱਖਣੀ ਏਸ਼ੀਆਂ ਵਿਚ ਉਸਦੀ ਆਮ ਸਰਦਾਰੀ ਅਤੇ ਅਸਥਿਰਤਾ ਵੀ ਭੂਮਿਕਾ ਨਿਭਾਉਣ ਦਾ ਰਾਹ ਨਹੀਂ ਖੁੱਲ੍ਹਦਾ? ਚਾਹੀਦਾ ਤਾਂ ਇਹ ਸੀ ਕਿ ਦੋਵੇਂ ਦੇਸ਼ਾਂ ਦੇ ਨੇਤਾ ਸਮਰਾਜਵਾਦੀ ਦਖ਼ਲਅੰਦਾਜ਼ੀ ਨੂੰ ਰੱਦ ਕਰਕੇ ਆਪਸੀ ਵਿਸ਼ਵਾਸ, ਸਤਿਕਾਰ ਅਤੇ ਲੋਕਾਂ ਦੀ ਇੱਛਾਵਾਂ 'ਤੇ ਆਧਾਰਿਤ ਕੰਮ ਕਰਦੇ, ਕਿਉਂਕਿ ਦੋਹਾਂ ਦੇਸ਼ਾਂ ਦੇ ਲੋਕ ਜੰਗ ਨਹੀਂ, ਅਮਨ ਚਾਹੁੰਦੇ ਹਨ। ਵੇਖਣਾ ਇਹ ਵੀ ਹੋਵੇਗਾ ਕਿ ਅਮਰੀਕਾ ਦੁਆਰਾ ਕੀਤੀ ਵਿਚੋਲਗੀ ਕੀ ਆਖ਼ਿਰ ਹੈ ਕੀ ਸੀ?

ਇਸ ਸੰਬੰਧੀ ਟਰੰਪ ਦਾ ਬਿਆਨ ਪੜ੍ਹਨ ਵਾਲਾ ਹੈ, ਜੋ ਉਸਦੀ ਸ਼ਾਹੂਕਾਰੀ, ਵਪਾਰਕ ਸੋਚ ਦੀ ਤਰਜ਼ਮਾਨੀ ਕਰਨ ਵਾਲਾ ਅਤੇ ਅਮਰੀਕੀ ਹਿੱਤ ਸਾਧਨ ਵਾਲਾ ਹੈ।

ਟਰੰਪ ਦੇ ਬਿਆਨ ਦੇ ਕੁਝ ਅੰਸ਼ ਪੜ੍ਹੋ "ਮੈਨੂੰ ਮਾਣ ਹੈ ਕਿ ਅਮਰੀਕਾ ਇਸ ਇਤਿਹਾਸਕ ਅਤੇ ਦਲੇਰਾਨਾ ਫ਼ੈਸਲੇ 'ਤੇ ਪਹੁੰਚਣ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਸੀ। ਭਾਵੇਂ ਇਸ ਬਾਰੇ ਚਰਚਾ ਨਹੀਂ ਕੀਤੀ ਗਈ, ਮੈਂ ਇਨ੍ਹਾਂ ਦੋਹਾਂ ਮਹਾਨ ਦੇਸ਼ਾਂ ਨਾਲ ਵਪਾਰ ਨੂੰ ਕਾਫ਼ੀ ਹੱਦ ਤੱਕ ਵਧਾਉਣ ਜਾ ਰਿਹਾ ਹਾਂ"। ਵਪਾਰੀ, ਚੌਧਰ, ਸਿਹਰਾ ਤਿੰਨ ਸ਼ਬਦ ਹਨ, ਜੋ ਟਰੰਪ ਕਾਰਡ ਦੀ ਤਰਜਮਾਨੀ ਕਰਨ ਵਾਲੇ ਹਨ।

ਜੇਕਰ ਸੱਚਮੁੱਚ ਭਾਰਤ ਮਹਾਨ ਬਣ ਰਿਹਾ ਹੈ, ਜੇਕਰ ਸੱਚਮੁੱਚ ਭਾਰਤ ਵੱਡੀ ਆਰਥਿਕ ਸ਼ਕਤੀ ਬਣ ਰਿਹਾ ਹੈ, ਤਾਂ ਉਹ "ਚੀਨ" ਵਾਂਗਰ ਦੁਨੀਆਂ ਦੇ ਵੱਡੇ "ਥਾਣੇਦਾਰ" ਵਿਰੁੱਧ ਹਿੱਕ ਡਾਹ ਕੇ ਕਿਉਂ ਨਹੀਂ ਖੜ੍ਹਦਾ? ਕਿਉਂ ਉਸ ਦੀਆਂ ਟੈਰਿਫ਼ ਸ਼ਰਤਾਂ ਅਤੇ ਹੋਰ ਹੁਕਮਾਂ ਨੂੰ ਅੱਖਾਂ ਮੀਟਕੇ ਮੰਨ ਕੇ ਉਸ ਦੀ "ਜੀ-ਹਜ਼ੂਰੀ" ਕਰ ਰਿਹਾ ਹੈ?

ਅੱਜ ਟਰੰਪ ਨੇ ਦੋਹਾਂ ਦੇਸ਼ਾਂ ਨੂੰ ਆਪਣੀ ਮੁੱਠੀ 'ਚ ਕਰਕੇ ਇਹੋ-ਜਿਹਾ ਕਾਰਡ ਖੇਡਿਆ ਹੈ, ਜਿਸ ਨਾਲ ਦੇਸ਼ ਭਾਰਤ ਦਾ "ਵੱਡੇ ਹੋਣ ਦਾ ਵੱਕਾਰ" ਦਾਅ 'ਤੇ ਲੱਗਾ ਹੈ।

# ਇੱਕ ਯੁੱਗ ਦਾ ਅੰਤ: ਕ੍ਰਿਕਟ ਦੇ ਮਹਾਨ ਖਿਡਾਰੀਆਂ ਨੂੰ ਸਲਾਮ

ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
ਪੰਜਾਬ ਮੇਲ USA



ਜਦੋਂ ਵੀ ਇਤਿਹਾਸ ਦੇ ਪੰਨਿਆਂ ਵਿਚ ਭਾਰਤੀ ਕ੍ਰਿਕਟ ਦੀ ਗੱਲ ਹੋਵੇਗੀ, ਕੁਝ ਨਾਮ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਦਰਜ ਹੋਣਗੇ। ਇਹ ਉਹ ਨਾਮ ਹਨ, ਜਿਨ੍ਹਾਂ ਨੇ ਨਾ ਸਿਰਫ਼ ਰਿਕਾਰਡ ਬਣਾਏ, ਸਗੋਂ ਖੇਡ ਨੂੰ ਇੱਕ ਨਵੀਂ ਪਛਾਣ, ਇੱਕ ਨਵਾਂ ਜਨੂੰਨ ਵੀ ਦਿੱਤਾ। ਹਾਲ ਹੀ ਵਿਚ, ਭਾਰਤੀ ਟੈਸਟ ਕ੍ਰਿਕਟ ਦੇ ਦੋ ਮਹਾਨ ਹੀਰੋ – ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ – ਆਖਰੀ ਵਾਰ ਆਪਣੇ ਚਿੱਟੇ ਰੰਗ ਦੇ ਕੱਪੜਿਆਂ ਵਿਚ ਦੇਖੇ ਗਏ। ਇਹ ਸਿਰਫ਼ ਇੱਕ ਨਿੱਜੀ ਵਿਦਾਈ ਨਹੀਂ ਸੀ, ਸਗੋਂ ਇੱਕ ਯੁੱਗ ਦਾ ਅੰਤ ਵੀ ਸੀ।

**ਭਾਰਤੀ ਕ੍ਰਿਕਟ ਦਾ ਦਿਲ ਅਤੇ ਨਬਜ਼**

ਭਾਰਤੀ ਕ੍ਰਿਕਟ ਵਿਚ ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਦਾ ਯੋਗਦਾਨ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹੈ। ਇਹ ਉਨ੍ਹਾਂ ਪਲਾਂ ਵਿਚ ਸੀ, ਜਦੋਂ ਉਸਨੇ ਦੇਸ਼ ਨੂੰ ਜਿੱਤ ਦਾ ਮਾਣ ਮਹਿਸੂਸ ਕਰਵਾਇਆ ਸੀ, ਇਹ ਉਨ੍ਹਾਂ ਸੰਘਰਸ਼ਾਂ ਵਿਚ ਸੀ ਜਦੋਂ ਉਸਨੇ ਮੁਸ਼ਕਲ ਹਾਲਾਤਾਂ ਵਿਚ ਟੀਮ ਦੀ ਅਗਵਾਈ ਕੀਤੀ ਸੀ। ਇਹ ਦੋਵੇਂ ਖਿਡਾਰੀ ਉਸ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ, ਜਿਸਨੇ ਭਾਰਤੀ ਕ੍ਰਿਕਟ ਨੂੰ ਵਿਸ਼ਵ ਪੱਧਰ 'ਤੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ।

## ਵਿਰਾਟ: ਹਮਲਾਵਰਤਾ ਦਾ ਦੂਜਾ ਨਾਮ

ਜਦੋਂ ਵੀ ਭਾਰਤੀ ਕ੍ਰਿਕਟ ਵਿਚ ਹਮਲਾਵਰਤਾ ਦੀ ਗੱਲ ਹੁੰਦੀ ਹੈ, ਵਿਰਾਟ ਕੋਹਲੀ ਦਾ ਨਾਮ ਸਭ ਤੋਂ ਪਹਿਲਾਂ ਆਉਂਦਾ ਹੈ। ਉਸਦਾ ਜਨੂੰਨ, ਮੈਦਾਨ 'ਤੇ ਉਸਦਾ ਹਮਲਾਵਰ ਸੁਭਾਅ ਅਤੇ ਬੱਲੇ ਨਾਲ ਦੌੜਾਂ ਦੀ ਉਸਦੀ ਧਮਾਕੇਦਾਰ ਦੌੜ ਨੇ ਉਸਨੂੰ ਆਧੁਨਿਕ ਕ੍ਰਿਕਟ ਦੀ 'ਰਨ ਮਸ਼ੀਨ' ਬਣਾ ਦਿੱਤਾ। ਉਸਨੇ 100 ਤੋਂ ਵੱਧ ਟੈਸਟ ਮੈਚ ਖੇਡੇ ਹਨ, 29 ਸੈਂਕੜੇ ਅਤੇ ਕਈ ਯਾਦਗਾਰ ਪਾਰੀਆਂ ਆਪਣੇ ਨਾਮ ਕੀਤੀਆਂ ਹਨ। ਪਰ ਇਸ ਤੋਂ ਵੀ ਵੱਧ, ਉਸਨੇ ਭਾਰਤੀ ਟੀਮ ਨੂੰ ਉਹ ਆਤਮਵਿਸ਼ਵਾਸ ਦਿੱਤਾ, ਜਿਸਨੇ ਉਸਨੂੰ ਹਰ ਵਿਰੋਧੀ ਟੀਮ ਨੂੰ ਚੁਣੌਤੀ ਦੇਣ ਦੀ ਆਗਿਆ ਦਿੱਤੀ।

ਮੈਦਾਨ 'ਤੇ ਵਿਰਾਟ ਦਾ ਜਨੂੰਨ ਅਤੇ ਉਤਸ਼ਾਹ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਉਸਦੀ ਬੱਲੇਬਾਜ਼ੀ ਵਿਚ ਸਿਰਫ਼ ਤਾਕਤ ਹੀ ਨਹੀਂ ਹੈ, ਸਗੋਂ ਇੱਕ ਸ਼ਾਨਦਾਰ ਕਲਾ ਵੀ ਹੈ। ਉਸਦਾ ਹਰ ਸ਼ਾਟ ਇੱਕ ਬਿਆਨ ਹੈ, ਹਰ ਦੌੜ ਇੱਕ ਕਹਾਣੀ ਹੈ। ਉਸਨੇ ਨਾ ਸਿਰਫ਼ ਆਪਣੇ ਬੱਲੇ ਨਾਲ, ਸਗੋਂ ਆਪਣੀ ਲੀਡਰਸ਼ਿਪ ਯੋਗਤਾਵਾਂ ਨਾਲ ਵੀ ਕ੍ਰਿਕਟ ਜਗਤ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀ ਕਪਤਾਨੀ ਹੇਠ ਭਾਰਤੀ ਟੀਮ ਨੇ ਨਾ ਸਿਰਫ਼ ਵਿਦੇਸ਼ੀ ਧਰਤੀ 'ਤੇ ਟੈਸਟ ਸੀਰੀਜ਼ ਜਿੱਤੀ, ਸਗੋਂ ਇੱਕ ਨਵੀਂ ਪਛਾਣ ਵੀ ਬਣਾਈ।



## ਰੋਹਿਤ: ਹਿਟਮੈਨ ਦੀ ਕਲਾਸ

ਦੂਜੇ ਪਾਸੇ, ਰੋਹਿਤ ਸ਼ਰਮਾ ਦਾ ਖੇਡ ਇੱਕ ਵੱਖਰੀ ਕਲਾ ਹੈ। ਉਸਦੀ ਬੱਲੇਬਾਜ਼ੀ ਵਿਚ ਇੱਕ ਸ਼ਾਂਤਤਾ ਅਤੇ ਸੰਜਮ ਹੈ, ਜੋ ਉਸਨੂੰ ਇੱਕ ਵਿਲੱਖਣ ਖਿਡਾਰੀ ਬਣਾਉਂਦਾ ਹੈ। ਜਿੱਥੇ ਵਿਰਾਟ ਹਮਲਾਵਰਤਾ ਨੂੰ ਦਰਸਾਉਂਦਾ ਹੈ, ਉੱਥੇ ਰੋਹਿਤ ਆਪਣੇ ਕਲਾਸਿਕ ਸਟ੍ਰੋਕਾਂ ਨਾਲ ਖੇਡ ਦੀਆਂ ਬਾਰੀਕੀਆਂ ਨੂੰ ਦਰਸਾਉਂਦਾ ਹੈ। ਉਸਦਾ ਦੋਹਰਾ ਸੈਂਕੜਾ ਅਤੇ ਸ਼ੁਰੂਆਤੀ ਓਵਰਾਂ ਵਿਚ ਉਸਦਾ ਹਮਲਾਵਰ ਰਵੱਈਆ ਅਜੇ ਵੀ ਹਰ ਕ੍ਰਿਕਟ ਪ੍ਰੇਮੀ ਦੇ ਦਿਲਾਂ ਵਿਚ ਜ਼ਿੰਦਾ ਹੈ।

ਰੋਹਿਤ ਦੇ ਕਵਰ ਡਰਾਈਵ, ਪੁੱਲ ਸ਼ਾਟ ਅਤੇ ਲੰਬੀਆਂ ਪਾਰੀਆਂ ਇੱਕ ਵੱਖਰੀ ਤਰ੍ਹਾਂ ਦਾ ਆਨੰਦ ਦਿੰਦੀਆਂ ਹਨ। ਉਸਨੇ ਇੱਕ ਰੋਜ਼ਾ ਕ੍ਰਿਕਟ ਵਿਚ ਤਿੰਨ ਦੋਹਰੇ ਸੈਂਕੜੇ ਲਗਾਏ ਹਨ, ਜੋ ਕਿ ਕਿਸੇ ਵੀ ਬੱਲੇਬਾਜ਼ ਲਈ ਇੱਕ ਅਸਾਧਾਰਨ ਕਾਰਨਾਮਾ ਹੈ। ਉਸਦੀ ਸਮਝ, ਉਸਦੀ ਤਕਨੀਕ ਅਤੇ ਉਸਦਾ ਆਤਮਵਿਸ਼ਵਾਸ ਉਸਨੂੰ ਕ੍ਰਿਕਟ ਜਗਤ ਦਾ 'ਹਿੱਟਮੈਨ' ਬਣਾਉਂਦਾ ਹੈ।

## ਇੱਕ ਯੁੱਗ ਦਾ ਅੰਤ, ਇੱਕ ਨਵੇਂ ਸੂਰਜ ਦੀ ਸ਼ੁਰੂਆਤ

ਇਨ੍ਹਾਂ ਦੋ ਮਹਾਨ ਖਿਡਾਰੀਆਂ ਦਾ ਸੰਨਿਆਸ ਭਾਰਤੀ ਕ੍ਰਿਕਟ ਲਈ ਇੱਕ ਵੱਡਾ ਮੋੜ ਹੈ। ਇਹ ਇੱਕ ਅਜਿਹਾ ਪਲ ਹੈ, ਜਦੋਂ ਸਾਨੂੰ ਨਾ ਸਿਰਫ਼ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਰੱਖਣਾ ਚਾਹੀਦਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਹ ਉਹ ਸਮਾਂ ਹੈ, ਜਦੋਂ ਸਾਨੂੰ ਨਵੀਆਂ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਤਾਂ ਜੋ ਉਹ ਵੀ ਇੱਕ ਸਮਾਨ ਵਿਰਾਸਤ ਛੱਡ ਸਕਣ।

## ਖੇਡ ਤੋਂ ਪਰੇ ਦੀਆਂ ਕਹਾਣੀਆਂ

ਵਿਰਾਟ ਅਤੇ ਰੋਹਿਤ ਸਿਰਫ਼ ਮੈਦਾਨ 'ਤੇ ਹੀਰੋ ਨਹੀਂ ਹਨ। ਉਸਨੇ ਆਪਣੇ ਨਿੱਜੀ ਜੀਵਨ ਵਿਚ ਕਈ ਪ੍ਰੇਰਨਾਦਾਇਕ ਕਹਾਣੀਆਂ ਵੀ ਲਿਖੀਆਂ ਹਨ। ਵਿਰਾਟ ਦੀ ਤੰਦਰੁਸਤੀ ਪ੍ਰਤੀ ਵਚਨਬੱਧਤਾ ਅਤੇ ਰੋਹਿਤ ਦਾ ਸਬਰ ਦੋਵੇਂ ਸਾਨੂੰ ਜ਼ਿੰਦਗੀ ਵਿਚ ਅਨੁਸ਼ਾਸਨ ਅਤੇ ਦ੍ਰਿੜਤਾ ਬਾਰੇ ਮਹੱਤਵਪੂਰਨ ਸਬਕ ਦਿੰਦੇ ਹਨ।

ਵਿਰਾਟ ਦਾ ਸੰਘਰਸ਼ ਇੱਕ ਮੱਧ ਵਰਗੀ ਪਰਿਵਾਰ ਤੋਂ ਦੁਨੀਆਂ ਦੇ ਸਭ ਤੋਂ ਵਧੀਆ ਬੱਲੇਬਾਜ਼ ਬਣਨ ਤੱਕ ਦਾ ਉਸਦਾ ਸਫ਼ਰ ਹੈ, ਜਦੋਂਕਿ ਰੋਹਿਤ ਦੀ ਕਹਾਣੀ ਇੱਕ ਪ੍ਰਤਿਭਾ ਦੀ ਹੈ, ਜਿਸਨੇ ਮੁਸ਼ਕਲ ਹਾਲਾਤਾਂ ਵਿਚ ਵੀ ਆਪਣੀ ਖੇਡ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਦੋਵਾਂ ਨੇ ਸਾਨੂੰ ਸਿਖਾਇਆ ਹੈ ਕਿ ਸਫਲਤਾ ਦਾ ਰਸਤਾ ਆਸਾਨ ਨਹੀਂ ਹੈ, ਪਰ ਜੇਕਰ ਤੁਹਾਡੇ ਵਿੱਚ ਦ੍ਰਿੜ ਇਰਾਦਾ ਅਤੇ ਸਖ਼ਤ ਮਿਹਨਤ ਹੈ, ਤਾਂ ਕੋਈ ਵੀ ਸੁਪਨਾ ਅਸੰਭਵ ਨਹੀਂ ਹੈ।

## ਵਿਦਾਈ ਦਾ ਪਲ

ਜਦੋਂ ਉਹ ਆਖਰੀ ਵਾਰ ਖੇਤ ਤੋਂ ਵਾਪਸ ਆਏ, ਤਾਂ ਹਰ ਅੱਖ ਨਮ ਸੀ, ਹਰ ਦਿਲ ਭਾਰੀ ਸੀ। ਇਹ ਉਸ ਵਿਰਾਸਤ ਦਾ ਅੰਤ ਸੀ, ਜਿਸਨੇ ਲੱਖਾਂ ਦਿਲਾਂ ਨੂੰ ਜੋੜਿਆ ਸੀ, ਜਿਸ ਨੂੰ ਹਰ ਭਾਰਤੀ ਮਾਣ ਨਾਲ ਦੇਖਦਾ ਸੀ। ਪਰ ਜਿਵੇਂ ਕਿ ਉਹ ਕਹਿੰਦੇ ਹਨ, 'ਹਰ ਅੰਤ ਇੱਕ ਨਵੀਂ ਸ਼ੁਰੂਆਤ ਹੁੰਦਾ ਹੈ।' ਇਨ੍ਹਾਂ ਦੰਤਕਥਾਵਾਂ ਦਾ ਜਾਣਾ ਸਿਰਫ਼ ਇੱਕ ਯੁੱਗ ਦਾ ਅੰਤ ਨਹੀਂ ਹੈ, ਸਗੋਂ ਇੱਕ ਨਵੀਂ ਪੀੜ੍ਹੀ ਦੇ ਸੁਪਨਿਆਂ ਦੀ ਸ਼ੁਰੂਆਤ ਵੀ ਹੈ।

## ਆਖਰੀ ਸਲਾਮੀ

ਇਸ ਲਈ, ਉਨ੍ਹਾਂ ਪਲਾਂ ਨੂੰ ਸਲਾਮ ਜੋ ਸਾਨੂੰ ਮਾਣ ਨਾਲ ਭਰ ਦਿੰਦੇ ਹਨ, ਉਨ੍ਹਾਂ ਕਹਾਣੀਆਂ ਨੂੰ ਸਲਾਮ ਜੋ ਸਾਨੂੰ ਪ੍ਰੇਰਿਤ ਕਰਦੀਆਂ ਹਨ, ਅਤੇ ਉਨ੍ਹਾਂ ਨਾਇਕਾਂ ਨੂੰ ਸਲਾਮ ਜਿਨ੍ਹਾਂ ਨੇ ਸਾਨੂੰ ਸਿਖਾਇਆ ਕਿ ਜਿੱਤਣਾ ਅਤੇ ਹਾਰਨਾ ਖੇਡ ਦਾ ਹਿੱਸਾ ਹੈ, ਪਰ ਸੰਘਰਸ਼ ਹੀ ਅਸਲ ਜਿੱਤ ਹੈ। ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਸਿਰਫ਼ ਮਹਾਨ ਬੱਲੇਬਾਜ਼ ਹੀ ਨਹੀਂ ਹਨ, ਸਗੋਂ ਭਾਰਤੀ ਕ੍ਰਿਕਟ ਦੇ ਦਿਲ ਅਤੇ ਧੜਕਣ ਵੀ ਹਨ। ਵਿਰਾਟ ਦੀ ਹਮਲਾਵਰਤਾ ਅਤੇ ਰੋਹਿਤ ਦੀ ਸ਼ਾਨਦਾਰ ਬੱਲੇਬਾਜ਼ੀ ਨੇ ਸਾਨੂੰ ਅਣਗਿਣਤ ਯਾਦਾਂ ਦਿੱਤੀਆਂ ਹਨ। ਇੱਕ ਯੁੱਗ ਦਾ ਅੰਤ, ਪਰ ਉਸਦੀ ਵਿਰਾਸਤ ਹਮੇਸ਼ਾ ਸਾਡੇ ਦਿਲਾਂ ਵਿਚ ਜ਼ਿੰਦਾ ਰਹੇਗੀ। ਜੇਤੂਆਂ ਨੂੰ ਸਲਾਮ!

ਧੰਨਵਾਦ, ਚੈਂਪੀਅਨਜ਼! ਤੁਸੀਂ ਹਮੇਸ਼ਾ ਮੇਰਾ ਦਿਲ ਅਤੇ ਧੜਕਣ ਰਹੋਗੇ।

# 'ਤੁਹਾਡੇ ਖ਼ਤ' ਪ੍ਰੋਗਰਾਮ ਦੇ ਖਤਾਂ ਦਾ ਮਜ਼ਮੂਨ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਪੰਜਾਬੀ ਟ੍ਰਿਬਿਊਨ ਦੇ ਚੈਨਲ ਨੇ ਜਦ 'ਤੁਹਾਡੇ ਖ਼ਤ' ਪ੍ਰੋਗਰਾਮ ਆਰੰਭ ਕੀਤਾ ਅਤੇ ਖ਼ਤਾਂ ਦੇ ਜਵਾਬ ਦੇਣ ਲਈ ਅਖ਼ਬਾਰ ਦੇ ਸੰਪਾਦਕ ਅਰਵਿੰਦਰ ਜੌਹਲ ਪਾਠਕਾਂ-ਦਰਸ਼ਕਾਂ ਦੇ ਰੂਬਰੂ ਸਨ, ਤਾਂ ਪ੍ਰੋਗਰਾਮ ਨੇ ਯਕਦਮ ਪਾਠਕਾਂ ਦਾ ਧਿਆਨ ਖਿੱਚਿਆ।

ਮੈਂ ਇਹ ਜਾਣਨ ਲਈ ਉਤਸਕ ਸਾਂ ਕਿ ਪਾਠਕ-ਦਰਸ਼ਕ ਪੰਜਾਬੀ ਟ੍ਰਿਬਿਊਨ ਦੇ ਪ੍ਰੋਗਰਾਮ 'ਤੁਹਾਡੇ ਖ਼ਤ' ਲਈ ਖ਼ਤ ਲਿਖਦੇ ਵੇਲੇ ਕਿਹੜੀਆਂ ਗੱਲਾਂ, ਕਿਹੜੇ ਨੁਕਤੇ, ਕਿਹੜੇ ਸਵਾਲ ਉਭਾਰਦੇ ਹਨ ਅਤੇ ਬਤੌਰ ਸੰਪਾਦਕ ਮੈਡਮ ਅਰਵਿੰਦਰ ਜੌਹਲ ਉਨ੍ਹਾਂ ਦੇ ਕੀ ਜਵਾਬ ਦਿੰਦੇ ਹਨ।

ਮੇਰੇ ਲਈ ਦੋਵੇਂ ਗੱਲਾਂ ਮਹੱਤਵਪੂਰਨ ਸਨ। ਖ਼ਤਾਂ ਦੀ ਸਮੱਗਰੀ, ਖ਼ਤਾਂ ਦਾ ਮਜ਼ਮੂਨ ਅਤੇ ਉਨ੍ਹਾਂ ਦੇ ਜਵਾਬ। ਵੱਖ-ਵੱਖ ਅਖ਼ਬਾਰਾਂ ਵਿਚ 34-35 ਸਾਲਾਂ ਤੋਂ ਹਫ਼ਤਾਵਾਰ ਕਾਲਮ 'ਟੈਲੀਵਿਜ਼ਨ ਸਮੀਖਿਆ' ਲਿਖਦਿਆਂ ਬਤੌਰ ਮੀਡੀਆ ਆਲੋਚਕ ਅਜਿਹੇ ਟੀ.ਵੀ. ਪ੍ਰੋਗਰਾਮ ਮੇਰੇ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ ਹਨ। ਜਦ ਕਿਸੇ ਚੈਨਲ ਦੇ ਡਾਇਰੈਕਟਰ ਜਾਂ ਅਖ਼ਬਾਰ ਦੇ ਸੰਪਾਦਕ ਖ਼ੁਦ ਪਾਠਕਾਂ-ਦਰਸ਼ਕਾਂ ਦੇ ਖ਼ਤਾਂ ਦੇ ਜਵਾਬ ਦੇ ਰਹੇ ਹੋਣ, ਤਾਂ ਇਹ ਹੋਰ ਆਕਰਸ਼ਨ ਦਾ ਸਬੱਬ ਬਣ ਜਾਂਦਾ ਹੈ।

'ਤੁਹਾਡੇ ਖ਼ਤ' ਪ੍ਰੋਗਰਾਮ ਸੰਬੰਧੀ ਜਦ ਮੈਂ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਪਤਾ ਲੱਗਾ ਕਿ ਇਹ ਪ੍ਰੋਗਰਾਮ ਹਫ਼ਤਾਵਾਰੀ ਹੈ ਅਤੇ ਹਰੇਕ ਐਤਵਾਰ ਸਵੇਰੇ 9 ਵਜੇ ਪੰਜਾਬੀ ਟ੍ਰਿਬਿਊਨ ਦੇ ਫੇਸਬੁੱਕ ਪੇਜ, ਯੂਟਿਊਬ ਚੈਨਲ ਅਤੇ ਇੰਸਟਾਗ੍ਰਾਮ 'ਤੇ ਵੇਖਿਆ ਜਾ ਸਕਦਾ ਹੈ। ਅਖ਼ਬਾਰ ਦੇ ਸੰਪਾਦਕ ਅਰਵਿੰਦਰ ਜੌਹਲ ਖ਼ਤਾਂ ਦੇ ਜਵਾਬ ਦੇਣ ਲਈ ਦਰਸ਼ਕਾਂ ਦੇ ਰੂਬਰੂ ਹੁੰਦੇ ਹਨ।




ਇਹ ਜ਼ਰੂਰੀ ਨਹੀਂ ਚੈਨਲ ਦਾ ਡਾਇਰੈਕਟਰ, ਅਖ਼ਬਾਰ ਦਾ ਸੰਪਾਦਕ ਜਾਂ ਲੇਖਕ ਵਕੀਲ ਵੀ ਹੋਵੇ ਅਤੇ ਟੈਲੀਵਿਜ਼ਨ ਪਰਦੇ ਦੀਆਂ ਲੋੜਾਂ ਅਨੁਸਾਰ ਉਸ ਕੋਲ ਬਨਦਾ ਫੱਬਦਾ ਚਿਹਰਾ-ਮੋਹਰਾ ਤੇ ਮੂੰਹ-ਮੁਹਾਂਦਰਾ ਵੀ ਹੋਵੇ। ਪਰ ਮੈਂ ਹੈਰਾਨ ਸਾਂ ਟੀ.ਵੀ. ਪਰਦੇ ਲਈ ਲੋੜੀਂਦੀਆਂ ਸਾਰੀਆਂ ਖ਼ੂਬੀਆਂ ਮੈਡਮ ਜੌਹਲ ਕੋਲ ਸਨ। ਉਹ ਕਾਬਲੀਅਤ, ਉਹ ਹੁਨਰ, ਉਹ ਦਿੱਖ-ਦਿਖਾਵਟ, ਉਹ ਪਕੜ, ਉਹ ਸਮਝ, ਉਹ ਸ਼ਬਦਾਵਲੀ, ਉਹ ਸ਼ੈਲੀ, ਉਹ ਮੁਹਾਰਤ ਜਿਸਦੀ ਟੀ.ਵੀ. ਸਕਰੀਨ ਲਈ ਲੋੜ ਹੁੰਦੀ ਹੈ।

ਖ਼ਤ ਪੜ੍ਹਨ ਲਈ ਬਤੌਰ ਐਂਕਰ ਪਰਮਜੀਤ ਕੌਰ ਮੌਜੂਦ ਸਨ, ਜਿਹੜੇ ਹਰੇਕ ਪੱਖ ਤੋਂ ਸਹਿਯੋਗ ਲਈ, ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਸਮਰੱਥ ਸਨ।

ਜਦ ਮੈਂ 'ਤੁਹਾਡੇ ਖ਼ਤ' ਪ੍ਰੋਗਰਾਮ ਦੀਆਂ ਵੱਖ-ਵੱਖ ਕੜੀਆਂ 'ਤੇ ਨਜ਼ਰ ਮਾਰੀ, ਤਾਂ ਦੱਸਿਆ ਜਾ ਰਿਹਾ ਸੀ ਕਿ ਪ੍ਰੋਗਰਾਮ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਸੁਧਾਰ ਲਈ ਲਗਾਤਾਰ ਸੁਝਾਅ ਆ ਰਹੇ ਹਨ।

ਪਾਠਕਾਂ-ਦਰਸ਼ਕਾਂ ਦੇ ਖ਼ਤ ਪੜ੍ਹਨ ਅਤੇ ਜਵਾਬ ਦੇਣ ਦਾ ਢੰਗ-ਤਰੀਕਾ ਅਤੇ ਆਪਸੀ ਤਾਲਮੇਲ ਅਜਿਹਾ ਸੀ ਕਿ ਜਿਨ੍ਹਾਂ ਨੇ ਅਖ਼ਬਾਰ ਦੇ ਉਹ ਅੰਕ, ਉਹ ਆਰਟੀਕਲ ਨਹੀਂ ਪੜ੍ਹੇ, ਉਨ੍ਹਾਂ ਨੂੰ ਵੀ ਬਹੁਤ ਸਾਰੀ ਜਾਣਕਾਰੀ ਮਿਲਦੀ ਜਾ ਰਹੀ ਸੀ।

ਵਧੇਰੇ ਖ਼ਤਾਂ ਦਾ ਵਿਸ਼ਾ ਸਾਹਿਤਕ ਰਚਨਾਵਾਂ ਅਤੇ ਸਾਹਿਤਕਾਰਾਂ ਦੁਆਲੇ ਕੇਂਦਰਿਤ ਸੀ। ਵਿਸਾਖੀ ਦੀਆਂ ਰੌਣਕਾਂ, ਮੌਸਮ ਦੀ ਬੇਈਮਾਨੀ ਅਤੇ ਕਿਸਾਨੀ ਦੀਆਂ ਚਿੰਤਾਵਾਂ ਦੀ ਗੱਲ ਵੀ ਹੋ ਰਹੀ ਸੀ। ਸੱਚ ਬੋਲਣ ਦਾ ਮਹੱਤਵ ਸਮਝਾਇਆ ਜਾ ਰਿਹਾ ਸੀ। ਸਮੇਂ ਦੀ ਤੋਰ ਅਤੇ ਬਦਲਾਅ ਦੀ ਗੱਲ ਕਰਦਿਆਂ ਉਨ੍ਹਾਂ ਸਮਿਆਂ ਨੂੰ ਯਾਦ ਕੀਤਾ ਜਾ ਰਿਹਾ ਸੀ, ਜਦੋਂ ਟੈਲੀਵਿਜ਼ਨ ਸੈੱਟ ਅਤੇ ਫੋਨ ਟਾਵੇਂ-ਟਾਵੇਂ ਘਰਾਂ ਵਿਚ ਹੁੰਦੇ ਸਨ।

ਠੇਠ ਪੰਜਾਬੀ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਮੈਡਮ ਅਰਵਿੰਦਰ ਜੌਹਲ ਅਤੇ ਸੰਚਾਲਕ ਪਰਮਜੀਤ ਕੌਰ ਪ੍ਰੋਗਰਾਮ ਨੂੰ ਇਥੋਂ ਤੱਕ ਲੈ ਆਏ ਸਨ ਕਿ ਕੁਦਰਤ ਅੱਗੇ ਕਿਸੇ ਦਾ ਵੱਸ ਨਹੀਂ ਚੱਲਦਾ। ਕਿਸਾਨ ਜਾਵੇ ਤਾਂ ਕਿੱਥੇ ਜਾਵੇ? ਕੁਝ ਵੀ ਹੈ ਕਿਸਾਨ ਦੀ ਮਿਹਨਤ ਅਜਾਈਂ ਨਹੀਂ ਜਾਣੀ ਚਾਹੀਦੀ ਅਤੇ ਉਸਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ।

ਉਧਰ ਪਾਠਕਾਂ ਦੀਆਂ ਆਪਣੀਆਂ ਦਿੱਕਤਾਂ ਹਨ, ਦਰਸ਼ਕਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਕਿਸੇ ਨੂੰ ਲੱਗਾ ਕਿ ਉਸਦਾ ਈਮੇਲ ਅਕਾਊਂਟ ਅਖ਼ਬਾਰ ਨੇ ਬਲੌਕ ਕਰ ਦਿੱਤਾ ਹੈ। ਮੈਡਮ ਜੌਹਲ ਨੇ ਨਿਮਰਤਾ ਸਹਿਤ ਸਮਝਾਇਆ ਕਿ ਇੰਝ ਨਹੀਂ ਹੋਇਆ। ਕੋਈ ਤਕਨੀਕੀ ਰੁਕਾਵਟ ਹੋ ਸਕਦੀ ਹੈ। ਸੰਚਾਰ ਦੇ ਦੂਸਰੇ ਮਾਧਿਅਮ ਵਰਤ ਕੇ ਸਥਿਤੀ ਸਪੱਸ਼ਟ ਕੀਤੀ ਜਾ ਸਕਦੀ ਹੈ।

ਦੂਸਰੀ ਕੜੀ ਵਿਚ ਪਾਠਕਾਂ ਨੇ ਆਪਣੇ ਖ਼ਤਾਂ ਰਾਹੀਂ ਮਾਂ ਬੋਲੀ ਦੇ ਮਹੱਤਵ ਦੇ ਪ੍ਰਸੰਗ ਵਿਚ, ਪੰਜਾਬੀ ਬੋਲੀ ਬਾਰੇ ਚਰਚਾ ਛੇੜੀ। ਭਾਸ਼ਾ ਵਿਭਾਗ ਦੀ ਗੱਲ ਕਰਦਿਆਂ ਦੱਸਿਆ ਗਿਆ ਕਿ 1967 ਵਿਚ ਭਾਸ਼ਾ ਕਾਨੂੰਨ ਬਣਿਆ ਸੀ ਪਰੰਤੂ ਅੱਜ ਵੀ ਪੰਜਾਬੀ ਬੋਲੀ ਪ੍ਰਤੀ ਪੰਜਾਬੀਆਂ ਅੰਦਰ ਉਹ ਲਗਾਅ, ਉਹ ਖਿੱਚ, ਉਹ ਮੋਹ-ਤੇਹ, ਉਹ ਜਨੂੰਨ ਨਹੀਂ ਜਿਹੜਾ ਦੱਖਣੀ ਸੂਬਿਆਂ ਦੇ ਲੋਕਾਂ ਅੰਦਰ ਆਪਣੀਆਂ ਮਾਂ-ਬੋਲੀਆਂ ਲਈ ਹੈ।

ਜ਼ੁਬਾਨ ਦੀ ਗੱਲ ਹੋਈ ਤਾਂ ਜਲ ਦੀ, ਜ਼ਮੀਨ ਦੀ ਸ਼ੁਰੂ ਹੋ ਗਈ। ਪਾਣੀ ਦਾ ਡਿੱਗਦਾ ਪੱਧਰ, ਪ੍ਰਦੂਸ਼ਿਤ ਹੁੰਦਾ ਪਾਣੀ, ਬੰਜਰ ਬਣਦੀ ਧਰਤੀ। ਇਸ ਖ਼ਤ ਦੇ ਹਵਾਲੇ ਨਾਲ ਪ੍ਰੋਗਰਾਮ ਪਾਣੀ ਬਚਾਉਣ ਦਾ ਹੋਕਾ ਵੀ ਦੇ ਗਿਆ।

ਘਰ ਦੀ ਰਸੋਈ, ਬੱਚਿਆਂ ਦੀ ਸਿਹਤ, ਮਾਂ ਦੀ ਚਿੰਤਾ, ਅਧਿਆਪਕ ਦੀ ਸਿੱਖਿਆ, ਪੰਜ ਰੰਗੀ ਖ਼ੁਰਾਕ। ਥੋੜ੍ਹੇ ਜਿਹੇ ਸ਼ਬਦਾਂ 'ਚ ਜ਼ਿੰਦਗੀ ਦਾ ਬਹੁਤ ਵੱਡਾ ਸਬਕ। ਗੱਲਾਂ ਹੀ ਗੱਲਾਂ 'ਚ ਵੱਡੇ ਮੁੱਦੇ, ਵੱਡੇ ਮਸਲੇ, ਵੱਡੇ ਨੁਕਤੇ ਉਠਾਏ ਜਾ ਰਹੇ ਸਨ। ਫੌਜਾ ਸਿੰਘ ਦੀ ਸ਼ਖ਼ਸੀਅਤ ਤੇ ਸੋਚ ਦੀ ਗੱਲ ਕਰਦਿਆਂ, ਬਹਿਸ ਜਾਂ ਰਜ਼ਾਮੰਦੀ ਰਾਹੀਂ ਪਾਠਕਾਂ-ਦਰਸ਼ਕਾਂ ਨੂੰ ਮੁੱਲਵਾਨ ਸਨੇਹਾ ਦੇ ਦਿੱਤਾ ਗਿਆ।

ਗਰਮੀ ਦੇ ਮੌਸਮ ਅਤੇ ਵੱਧਦੇ ਤਾਪਮਾਨ ਮੌਕੇ ਕਣਕਾਂ ਨੂੰ ਅੱਗਾਂ ਤੋਂ ਬਚਾਉਣ ਲਈ ਸੰਜਮ ਤੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ। ਚੰਦ ਮਿੰਟਾਂ ਦਾ ਪ੍ਰੋਗਰਾਮ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਸੀ। ਪਾਠਕਾਂ-ਦਰਸ਼ਕਾਂ ਦੇ ਛੋਟੇ ਛੋਟੇ ਸਵਾਲ, ਉਨ੍ਹਾਂ ਲਈ ਵੱਡੇ ਵੱਡੇ ਸੁਨੇਹੇ ਛੱਡ ਗਏ।

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ

ਡਾ. ਚਰਨਜੀਤ ਸਿੰਘ ਗੁਮਟਾਲਾ
ਡੇਟਨ, ਓਹਾਇਓ (ਯੂ.ਐੱਸ.ਏ.)
001 -937 573 9812
ਵਟਸਐਪ (+91-94175-33060)
ਪੰਜਾਬ ਮੇਲ USA







ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘੱਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂੰਵਾਣ ਦੇ ਛੰਭ ਪਾਸ ਹੋਈ, ਉਹ ਛੋਟਾ ਘੱਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ, 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀੜਾ ਦੇ ਮੁਕਾਮ ਹੋਈ, ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।

ਜਿੱਥੋਂ ਤੱਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਕ ਪਿਛੋਕੜ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ, ਤਾਂ ਪਤਾ ਲੱਗਦਾ ਹੈ ਕਿ 1 ਜੁਲਾਈ, 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ, ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ, ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ 'ਤੇ ਡੱਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ।

ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ, ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ, ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ। ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਆਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ, ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸ਼ਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ, ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ, ਤਾਂ ਵੀ ਨਹੀਂ ਛੱਡਾਂਗਾ।

ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ, ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਉਨ੍ਹਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ। ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ, ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ ਪੈ ਗਿਆ।

ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਆਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ 'ਤੇ ਚਲਾਈਆਂ।



ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿਚ ਹੈ ਕਿ ਦਾਅ ਨਾਲ ਲੜਿਆ ਜਾਏ। ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿਚ ਪਨਾਹ ਲਈ ਜਾਏ। 'ਬਸੌਲੀ' ਵਿਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ। ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ।

ਕਈ ਪਹਾੜੀ ਚੜ੍ਹ ਗਏ। ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ, ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ, ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ। ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਨ੍ਹਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ 'ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ-ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿਚ ਨਿਕਲ ਗਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਆਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ ਵਿਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ 'ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿਚ ਢਾਲਾਂ ਗਰਮ ਕਰਨ ਲਈ ਰੱਖੀਆਂ, ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ ਧਿੰਘ, ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ, ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂ ਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂਘਾਰੇ ਵਿਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੁੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਉਂਦੇ ਵੀ ਪਕੜ ਕੇ ਲੈ ਗਿਆ ਅਤੇ ਉਨ੍ਹਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜਕੱਲ੍ਹ ਸ਼ਹੀਦ ਗੰਜ ਹੈ। ਇਸ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ 'ਤੇ ਗੁਰਦੁਆਰਾ ਬਣਾਇਆ ਗਿਆ ਹੈ।

ਇਸ ਪਹਿਲੇ ਘੱਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ (ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

**ਹਵਾਲਾ ਪੁਸਤਕਾਂ** : 1. ਸਤਿਬੀਰ ਸਿੰਘ, ਪ੍ਰਿੰਸੀਪਲ, ਸਾਡਾ ਇਤਿਹਾਸ (ਭਾਗ ਦੂਜਾ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2010.

2. ਖੁਸ਼ਵੰਤ ਸਿੰਘ, (ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ), ਸਿੱਖ ਇਤਿਹਾਸ ਭਾਗ ਪਹਿਲਾ (1469-1839), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013.

3 ਨਾਭਾ, ਭਾਈ ਕਾਨ੍ਹ ਸਿੰਘ, ਗੁਰੁਸ਼ਬਦ ਰਤਾਨਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1990.

# ਜੰਗ ਸਮੇਂ ਮੀਡੀਆ ਦੀ ਭੂਮਿਕਾ




ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਯੁੱਧ ਸਮੇਂ ਮੀਡੀਆ ਦੀ ਭੂਮਿਕਾ ਬੇਹੱਦ ਮਹਤਵਪੂਰਨ ਹੁੰਦੀ ਹੈ ਕਿਉਂਕਿ ਇਸਦੀ ਜ਼ਿੰਮੇਵਾਰੀ ਲੋਕਾਂ ਨੂੰ ਤਾਜ਼ਾ ਸਹੀ ਸਥਿਤੀ ਤੋਂ ਜਾਣੂੰ ਕਰਵਾਉਣ ਦੀ ਹੁੰਦੀ ਹੈ। ਯੁੱਧ ਸਮੇਂ ਧਿਆਨ ਰੱਖਣ ਯੋਗ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਉਣਾ, ਸੰਜਮ ਤੇ ਸੰਕੋਚ ਲਈ ਪ੍ਰੇਰਨਾ, ਪ੍ਰਸ਼ਾਸਨ ਅਤੇ ਸਰਕਾਰਾਂ ਦੁਆਰਾ ਦਿੱਤੀਆਂ ਜਾ ਰਹੀਆਂ ਹਦਾਇਤਾਂ ਨੂੰ ਇਨਬਿਨ ਮੰਨਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰਨਾ ਮੀਡੀਆ ਦਾ ਮੁੱਢਲਾ ਫ਼ਰਜ ਹੁੰਦਾ ਹੈ।

ਪਰੰਤੂ ਹੋ ਕੀ ਰਿਹਾ ਹੈ? ਭਾਰਤੀ ਹਿੰਦੀ ਮੀਡੀਆ ਦੇ ਇੱਕ ਵੱਡੇ ਹਿੱਸੇ ਦਾ ਆਪਹੁਦਰਾਪਨ ਸਭ ਹੱਦਾਂ ਬੰਨ੍ਹੇ ਟੱਪ ਗਿਆ ਹੈ। 'ਸੂਤਰਾਂ ਦੇ ਹਵਾਲੇ' ਨੇ ਖ਼ਬਰ ਬੁਲਿਟਨ ਦਾ ਹੁਲੀਆ ਵਿਗਾੜ ਦਿੱਤਾ ਹੈ। ਜੰਗ ਦੀਆਂ, ਟਕਰਾਅ ਦੀਆਂ, ਹਮਲਿਆਂ ਦੀਆਂ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੈ, ਸਰੋਤ ਨਹੀਂ ਹੈ। ਉਦਾਹਰਨ ਵਜੋਂ 'ਪਾਕਿਸਤਾਨ 'ਤੇ ਜਲਦ ਕਬਜ਼ਾ ਹੋਣ ਵਾਲਾ ਹੈ', ਭਾਰਤ ਦਾ ਪਾਕਿਸਤਾਨ ਦੇ 7 ਸ਼ਹਿਰਾਂ 'ਤੇ ਕਬਜ਼ਾ, ਪਾਕਿਸਤਾਨ 'ਤੇ ਕਬਜ਼ਾ ਹੋ ਗਿਆ, ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ 'ਤੇ ਕਬਜ਼ਾ, ਪਾਕਿਸਤਾਨ ਦਾ ਸਰੈਂਡਰ, ਪਾਕਿਸਤਾਨ ਦੇ ਕਈ ਸ਼ਹਿਰਾਂ 'ਤੇ ਕਬਜ਼ਾ - ਕਰਾਚੀ ਨਕਸ਼ੇ ਤੋਂ ਗਾਇਬ, ਭਾਰਤ ਲਈ ਪਾਕਿਸਤਾਨ 'ਤੇ ਟੁੱਟ ਪਏ 56 ਦੇਸ਼। ਇਨ੍ਹਾਂ ਹਿੰਦੀ ਚੈਨਲਾਂ ਨੇ 7-8 ਮਈ ਤੱਕ ਅੱਧਾ ਪਾਕਿਸਤਾਨ ਜਿੱਤ ਲਿਆ ਸੀ। ਅਗਲੇ ਦਿਨ 9 ਮਈ ਨੂੰ ਇਨ੍ਹਾਂ ਵਿਚੋਂ ਕੁਝ ਚੈਨਲਾਂ ਦੇ ਐਂਕਰ ਇਨ੍ਹਾਂ ਮਨਘੜ੍ਹਤ ਖ਼ਬਰਾਂ ਲਈ ਮੁਆਫ਼ੀ ਮੰਗ ਰਹੇ ਸਨ। ਫ਼ੌਜ, ਪੁਲਿਸ ਅਤੇ ਪ੍ਰਸ਼ਾਸਨ ਲਗਾਤਾਰ ਅਪੀਲਾਂ ਕਰ ਰਹੇ ਹਨ ਕਿ ਫਰਜ਼ੀ ਖ਼ਬਰਾਂ, ਫਰਜ਼ੀ ਵੀਡੀਓ ਅਤੇ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰੋ।

ਮੀਡੀਆ ਲਈ ਅਡਵਾਇਜ਼ਰੀ ਜਾਰੀ ਕਰਦਿਆਂ ਕਿਹਾ ਗਿਆ ਹੈ, 'ਭਾਰਤ ਪਾਕਿ ਤਣਾਅ ਦੌਰਾਨ ਰੱਖਿਆ ਕਾਰਜਾਂ ਤੇ ਸੁਰੱਖਿਆ ਬਲਾਂ ਦੀਆਂ ਗਤੀਵਿਧੀਆਂ ਦੀ ਲਾਈਵ ਕਵਰੇਜ ਨਾ ਕੀਤੀ ਜਾਵੇ।' ਪਰੰਤੂ ਮੰਨਦਾ ਸੁਣਦਾ ਸਮਝਦਾ ਕੌਣ ਹੈ?

ਟੈਲੀਵਿਜ਼ਨ ਚੈਨਲਾਂ ਦਾ ਇੱਕ ਵੱਡਾ ਹਿੱਸਾ ਝੂਠ ਵਿਖਾ ਰਿਹਾ ਹੈ। ਸਾਇਰਨ ਵਜਾ ਰਿਹਾ ਹੈ। ਡਰ, ਘਬਰਾਹਟ ਤੇ ਸਨਸਨੀ ਦਾ ਮਾਹੌਲ ਪੈਦਾ ਕਰ ਰਿਹਾ ਹੈ। ਬਹੁਤੇ ਲੋਕਾਂ ਨੇ ਨਿਊਜ਼ ਚੈਨਲ ਵੇਖਣੇ ਬੰਦ ਕਰ ਦਿੱਤੇ ਹਨ ਅਤੇ ਬਹੁਤ ਸਾਰੇ ਸੋਸ਼ਲ ਮੀਡੀਆ 'ਤੇ ਅਜਿਹਾ ਕਰਨ ਦੀਆਂ ਅਪੀਲਾਂ ਕਰ ਰਹੇ ਹਨ।

ਦੂਸਰੇ ਪਾਸੇ ਪਾਕਿਸਤਾਨ ਚੈਨਲਾਂ ਅਤੇ ਸੋਸ਼ਲ ਮੀਡੀਆ ਦੁਆਰਾ ਲਗਾਤਾਰ ਗ਼ਲਤ ਜਾਣਕਾਰੀ ਫੈਲਾਈ ਜਾ ਰਹੀ ਹੈ। ਅਜਿਹਾ ਇੱਕ ਮੁਹਿੰਮ ਦੇ ਤਹਿਤ ਕੀਤਾ ਜਾ ਰਿਹਾ ਹੈ, ਤਾਂ ਜੋ ਭਾਰਤੀ ਲੋਕਾਂ ਵਿਚ ਦਹਿਸ਼ਤ ਅਤੇ ਡਰ ਪੈਦਾ ਕੀਤਾ ਜਾ ਸਕੇ।

ਚਿੰਤਾ ਦਾ ਵਿਸ਼ਾ ਇਹ ਹੈ ਕਿ ਅਜਿਹੇ ਸੰਕਟ ਸਮੇਂ ਮੀਡੀਆ ਜਨਤਾ ਦੀ ਸੋਚ, ਜਨਤਾ ਦੀ ਧਾਰਨਾ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਅਜਿਹੇ ਸਮੇਂ ਟੈਲੀਵਿਜਨ ਚੈਨਲਾਂ ਦੁਆਰਾ ਵਰਤੀ ਜਾ ਰਹੀ ਭਾਸ਼ਾ ਵੀ ਵੱਡੇ ਵਿਵਾਦ ਦਾ ਵਿਸ਼ਾ ਹੈ।

ਵਿਲੀਅਮ ਥਾਮਸ ਦਾ ਕਹਿਣਾ ਹੈ 'ਪੱਤਰਕਾਰ ਦੀ ਭੂਮਿਕਾ ਕਿਸੇ ਚੌਂਕੀਦਾਰ ਦੀ ਭੂਮਿਕਾ ਵਰਗੀ ਹੁੰਦੀ ਹੈ।' ਪਰੰਤੂ ਅਜੋਕੇ ਸਮਿਆਂ ਵਿਚ ਐਨ ਇਸਦੇ ਉੱਲਟ ਹੋ ਰਿਹਾ ਹੈ। ਟੈਲੀਵਿਜ਼ਨ ਚੈਨਲਾਂ ਦੇ ਐਂਕਰ ਗਲਤ, ਝੂਠੀਆਂ ਤੇ ਫਰਜ਼ੀ ਖ਼ਬਰਾਂ ਪ੍ਰਸਾਰਿਤ ਕਰ ਰਹੇ ਹਨ। ਅਫ਼ਵਾਹਾਂ ਫੈਲਾਅ ਰਹੇ ਹਨ। ਲੋਕਾਂ ਨੂੰ ਡਰਾ ਰਹੇ ਹਨ। ਕਿਸੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਹੈ 'ਜੰਗ ਨਾਲੋਂ ਵੱਧ ਅੱਗ ਤਾਂ ਮੀਡੀਆ ਲਗਾ ਰਿਹਾ ਹੈ।' ਕਿਸੇ ਹੋਰ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਕਿਹਾ ਹੈ, "ਮਿਹਰਬਾਨੀ ਕਰਕੇ ਟੀ.ਵੀ. ਬੰਦ ਕਰ ਦਿਓ। ਸੁਣਨਾ, ਸ਼ੇਅਰ ਕਰਨਾ ਬੰਦ ਕਰੋ ਕਿਉਂ ਕਿ ਇਹ ਚੈਨਲ ਨਫ਼ਰਤ ਫੈਲਾਅ ਰਹੇ ਹਨ। ਚੀਖ਼-ਚੀਖ਼ ਕੇ ਗਲਤ ਜਾਣਕਾਰੀ ਦੇ ਰਹੇ ਹਨ। ਕੇਵਲ ਸਰਕਾਰ ਅਤੇ ਪ੍ਰਸ਼ਾਸਨ ਦੁਆਰਾ ਪ੍ਰੈੱਸ ਕਾਨਫ਼ਰੰਸਾਂ ਰਾਹੀਂ ਦਿੱਤੀ ਜਾ ਰਹੀ ਜਾਣਕਾਰੀ 'ਤੇ ਭਰੋਸਾ ਕਰੋ। ਭਾਰਤ-ਪਾਕਿ ਟਕਰਾ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਹਨ। ਭਾਰਤੀ ਚੈਨਲਾਂ ਨੇ ਥੋੜ੍ਹੀ ਬਹੁਤੀ ਬਚੀ ਭਰੋਸੇਯੋਗਤਾ ਵੀ ਗਵਾ ਲਈ ਹੈ। ਭਰੋਸੇਯੋਗਤਾ ਨੂੰ ਜੋ ਨੁਕਸਾਨ ਪਹੁੰਚਿਆ ਹੈ, ਉਸਦੀ ਪੂਰਤੀ ਜਲਦੀ ਸੰਭਵ ਨਹੀਂ।

ਅਮਰੀਕਾ, ਇੰਗਲੈਂਡ, ਰੂਸ ਅਤੇ ਚੀਨ ਦਾ ਮੀਡੀਆ ਭਾਰਤ-ਪਾਕਿ ਟਕਰਾ ਨੂੰ ਆਪਣੇ ਆਪਣੇ ਢੰਗ ਨਾਲ, ਆਪਣੇ-ਆਪਣੇ ਨਜ਼ਰੀਏ ਤੋਂ ਕਵਰ ਕਰ ਰਿਹਾ ਹੈ। ਕੁਝ ਮੁਲਕ ਟਕਰਾਅ ਘਟਾਉਣ ਲਈ ਅੱਗੇ ਆ ਰਹੇ ਹਨ, ਉਨ੍ਹਾਂ ਦਾ ਸੁਆਗਤ ਕੀਤਾ ਜਾਣਾ ਚਾਹੀਦਾ ਹੈ। ਹੋਰ ਮੁਲਕਾਂ ਨੂੰ ਵੀ ਆਪੋ ਆਪਣਾ ਪ੍ਰਭਾਵ ਵਰਤ ਕੇ ਦੋਹਾਂ ਮੁਲਕਾਂ ਦਰਮਿਆਨ ਪੈਦਾ ਹੋਏ ਟਕਰਾਅ ਨੂੰ ਘਟਾ ਕੇ ਗੱਲਬਾਤ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਤਾਂ ਆਪਣੇ ਆਪ ਵਿਚ ਮਸਲਾ ਹੈ। ਜੰਗ ਦੇ ਦੁਰਪ੍ਰਭਾਵਾਂ ਦਾ ਅਨੁਮਾਨ ਲਗਾਉਣਾ ਮੁਸ਼ਕਲ ਹੈ ਕਿਉਂਕਿ ਇਹ ਬਹੁਤ ਵਿਆਪਕ ਹੁੰਦੇ ਹਨ। ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਾਤਾਵਰਨ ਖੇਤਰਾਂ ਵਿਚ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੇ ਜਾਂਦੇ ਹਨ।

ਅਜੋਕੇ ਸਮਿਆਂ ਵਿਚ ਸ਼ਾਂਤੀ ਦਾ ਬੇਹੱਦ ਮਹੱਤਵ ਹੈ। ਸਮਾਜਿਕ ਵਿਕਾਸ ਅਤੇ ਸਥਿਰਤਾ ਸ਼ਾਂਤ ਸਮਿਆਂ ਵਿਚ ਹੀ ਸੰਭਵ ਹੈ। ਸ਼ਾਂਤ ਸਮਿਆਂ ਵਿਚ ਹੀ ਬਿਹਤਰ ਦੁਨੀਆਂ ਦਾ ਸੁਪਨਾ ਪੂਰਾ ਹੋ ਸਕਦਾ ਹੈ।

# ਮਨੁੱਖੀ ਦੁਖਾਂਤ ਮਨੁੱਖ ਦੇ ਆਪਣੇ ਹੀ ਹੱਥੋਂ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਗਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਮਨੁੱਖ ਕੋਲ ਕੁਦਰਤੀ ਆਫਤਾਂ ਭਾਵ ਵਰਖਾ, ਹਨੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦਜਿਆਂ ਲਈ ਵੀ ਜਿਊਣਾ ਸਿੱਖੇ । ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ, ਭਾਵ ਮਨੁੱਖ ਵਿਚ ਮਨੁੱਖਤਾ ਤਾਂ ਹੋਵੇ। ਪਰ ਸਦੀਆਂ ਬੀਤ ਗਈਆਂ, ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਸਿੱਖ ਧਰਮ, ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾ ਨੇ ਸਥਾਪਿਤ ਕੀਤਾ ਸੀ, ਪਰ ਮਨੁੱਖ ਅਜੇ ਤੱਕ ਪੂਰਨ ਮਨੁੱਖ ਨਹੀਂ ਬਣਿਆ, ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ? ਮਨੁੱਖ ਦੇ ਹੱਥੋਂ ਮਨੁੱਖ ਦਾ ਹੀ ਘਾਣ ਹੈ। ਰਿਹਾ ਹੈ। ਮਨੁੱਖ ਇੱਕ ਸਿਰ, ਇੱਕ ਮੂੰਹ, ਇੱਕ ਨੱਕ, ਦੋ ਹੱਥ, ਦੇ ਪੈਰ, ਦੋ ਅੱਖਾਂ, ਦੋ ਬਾਹਵਾਂ ਅਤੇ ਦੋ ਲੱਤਾਂ ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ। ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ, ਨੈਤਿਕਤਾ, ਅਹਿਸਾਸ ਅਤੇ ਜਜ਼ਬਾ ਹੋਵੇ।

ਆਦਮੀ ਮੇਂ ਲਾਖੋਂ ਜੌਹਰ ਹੋ,
ਅਗਰ ਆਦਮੀਅਤ ਨਹੀਂ ਤੋਂ ਕੁੱਛ ਭੀ ਨਹੀਂ।
ਔਰ ਭੀ ਗ਼ਮ ਹੈ ਜ਼ਮਾਨੇ ਮੇਂ, ਮੁਹੱਬਤ ਕੇ ਸਿਵਾ।
ਰਾਹਤੇਂ ਔਰ ਭੀ ਹੈ, ਵਸਲ ਕੀ ਰਾਹਤ ਕੇ ਸਿਵਾ।

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੀਂ ਨਹੀ ਹੋਣਾ ਚਾਹੀਦਾ। ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਮਨੁੱਖ ਦੇ ਕੋਲ ਕੁਦਰਤੀ ਆਫਤਾਂ ਭਾਵ ਵਰਖਾ, ਹਨ੍ਹੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਆਦਿ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਬੁਰਾ ਤਾਂ ਨਾ ਕਰੇ। ਦੂਜਿਆਂ ਲਈ ਵੀ ਜਿਊਣਾ ਸਿੱਖੋ।

"ਜੀਵਨ ਉਸ ਦਾ ਜੀਵਨ ਹੈ, ਜੋ ਔਰ ਕੋ ਜੀਵਨ ਦੇਤਾ ਹੈ।"

ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ। ਭਾਵ ਮਨੁੱਖ ਵਿੱਚ ਮਨੁੱਖਤਾ ਹੋਵੇ। ਪਰ ਸਦੀਆਂ ਬੀਤ ਗਈਆਂ ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀਆਂ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਆਧੁਨਿਕ ਸਿੱਖ ਧਰਮ ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾ ਨੇ ਸਥਾਪਿਤ ਕੀਤਾ ਸੀ। ਪਰ ਮਨੁੱਖ ਹੁਣ ਤੱਕ ਪੂਰਾ ਨਹੀਂ ਬਣਿਆ। ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ, ਮਨੁੱਖ ਦੇ ਹੱਥੋਂ ਮਨੁੱਖ ਦਾ ਘਾਣ ਹੋ ਰਿਹਾ ਹੈ।

ਸਦੀਆਂ ਬੀਤ ਗਈਆਂ ਨੇ ਜਦੋਂ ਗੁਰੂ ਸਾਹਿਬਾਨ ਜੀ ਨੇ ਮਨੁੱਖ ਨੂੰ ਸ਼ੁੱਭ ਅਮਲ ਕਰਨ ਦੀ ਸਿੱਖਿਆ ਦਿੱਤੀ ਸੀ। ਸਿਆਣੇ ਕਹਿਦੇ ਹਨ "ਸ਼ੁੱਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ ਤਾਂ ਗੁਰੂ ਜੀ ਦਾ ਉੱਤਰ ਸੀ: "ਸੁਭ ਅਮਲਾ ਬਾਝਹੁ ਦੋਨੋ ਰੋਈ॥" ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਸਮਾਪਤ ਨਹੀਂ ਹੋ ਸਕਦਾ, ਜਦੋਂ ਤੱਕ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ। ਪੂਰਨ ਮਨੁੱਖ ਬਣਨਾ ਸੌਖਾ ਨਹੀਂ, ਜਿਵੇਂ ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ। ਸਿੱਖ ਧਰਮ ਵਿਚ ਆਚਾਰੁ ਨੂੰ ਬਹੁਤ ਉੱਤਮ ਸਮਝਿਆ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥"

ਅੰਗਰੇਜ਼ੀ ਕਵੀ ਕੈਂਸਰ ਇਸ ਨੂੰ ਇਸ ਪ੍ਰਕਾਰ ਆਖਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਆਪਣੇ ਵਿਚ ਮਨੁੱਖਤਾ ਪੈਦਾ ਕਰੋ। ਭਾਵ ਮਨੁੱਖ ਦੇ ਕੰਮ ਚੰਗੇ ਹੋਣੇ ਚਾਹੀਦੇ ਹਨ। ਇੱਕ ਚੰਗਾ ਅਧਿਆਪਕ, ਚੰਗਾ ਡਾਕਟਰ, ਚੰਗਾ ਲੇਖਕ, ਚੰਗਾ ਗੀਤਕਾਰ, ਚੰਗਾ ਗਾਇਕ ਹੋਣਾ ਹੋਰ ਗੱਲ ਹੈ। ਇੱਕ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ। Be honest, humble, helpful, kind, diligent, Responsible, sympathetic, humanitarian, Respectful.

ਮਨੁੱਖ ਦੀ ਪਛਾਣ ਮਨੁੱਖ ਦੇ ਕੰਮ ਅਤੇ ਮਨੁੱਖ ਦੀ ਸੰਗਤ ਹੁੰਦੀ ਹੈ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਸਤ ਸੰਗਤਿ ਮਿਲੇ ਸੋ ਤਰਿਆ। ਜੈਸੀ ਸੰਗਤ ਵੈਸੀ ਰੰਗਤ। ਜੇ ਤੁਸੀਂ ਅੰਮ੍ਰਿਤ ਨਹੀਂ ਛੱਕ ਸਕਦੇ ਅਤੇ ਸ਼ਰਾਬ ਵੀ ਨਹੀਂ ਛੱਡ ਸਕਦੇ, ਪਰ ਬੰਦਾ ਘੱਟੋ-ਘੱਟ ਬੰਦੇ ਦਾ ਬੁਰਾ ਤਾਂ ਨਾ ਕਰੇ। ਗਲਤ ਕੰਮ ਨਾ ਕਰੇ, ਭਾਵ ਬਦੀ ਤੇ ਨੇਕੀ, ਚੰਗਾ ਤੇ ਮਾੜਾ, ਸੱਚ ਤੇ ਝੂਠ, ਠੀਕ ਤੇ ਗਲਤ ਦੀ ਪਛਾਣ ਮਨੁੱਖ ਨੂੰ ਜ਼ਰੂਰ ਹੋਣੀ ਚਾਹੀਦੀ ਹੈ। ਜਿਵੇਂ ਗੁਰਬਾਣੀ ਵਿਚ ਵੀ ਮਨੁੱਖ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਹਨ, ਜਿਵੇਂ ਗੁਰਮੁਖਿ ਤੇ ਮਨਮੁਖਿ। ਜਿਹੜਾ ਵੀ ਹੁਣ ਤੱਕ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਸ ਦਿਨ ਮਨੁੱਖ ਪੂਰਨ ਮਨੁੱਖ ਬਣ ਗਿਆ, ਉਸ ਦਿਨ ਇਹ ਦੁਨੀਆਂ ਸਵਰਗ ਬਣ ਜਾਵੇਗੀ। ਇਨਸਾਫ ਚਾਹੁਣ ਵਾਲੇ ਲੋਕੋ, ਇਨਸਾਫ ਦੀ ਕੁਰਸੀ 'ਤੇ ਕਾਤਲ ਕਿਉਂ ਬਿਠਾਇਆ ਹੈ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

Be a nice person. A nice person is he who possesses a good moral character and good conscience.

## ਹਿਜ਼ਰਤਨਾਮਾ: 90 ਡਾ: ਸੁਰਜੀਤ ਕੌਰ ਲੁਧਿਆਣਾ

# ‘ਖ਼ੈਰ ਖੁਆਹ ਬੋਸਤਾਨ ਦੀ ਨਮਕ ਹਲਾਲੀ ਕਰਕੇ ਰੌਲਿਆਂ ’ਚ ਮਾਸਟਰ ਤਾਰਾ ਸਿੰਘ ਦਾ ਪਰਿਵਾਰ ਬਚ ਰਿਹਾ’



ਖੱਬਿਓਂ ਲੇਖਕ, ਡਾ. ਸੁਰਜੀਤ ਕੌਰ ਲੁਧਿਆਣਾ ਆਪਣੇ ਬੇਟੇ ਡਾ. ਕੰਵਰਪ੍ਰੀਤ ਸਿੰਘ ਨਾਲ਼।

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ

92569-73526

ਪੰਜਾਬ ਮੇਲ USA



ਡਾ. ਸੁਰਜੀਤ ਕੌਰ ਮਾਸਟਰ ਤਾਰਾ ਸਿੰਘ ਜੀ ਦੇ ਵੱਡੇ ਭਾਈ ਬਖ਼ਸ਼ੀ ਸੰਤ ਸਿੰਘ ਦੀ ਬੇਟੀ ਬੀਬੀ ਬਲਵੰਤ ਕੌਰ ਦੀ ਧੀ ਹੈ, ਜੋ ਅੱਜਕੱਲ੍ਹ ਲੁਧਿਆਣਾ ਵਿਖੇ ਰਿਹਾਇਸ਼ ਪੁਜੀਰ ਨੇ। ਰੌਲਿਆਂ ਸਮੇਂ ਮਾਸਟਰ ਤਾਰਾ ਸਿੰਘ ਜੀ ਦਾ ਪਰਿਵਾਰ, ਪਿੰਡ ਹਰਿਆਲ, ਤਹਿਸੀਲ ਗੁੱਜਰਖਾਨ, ਰਾਵਲਪਿੰਡੀ-ਪੋਠੋਹਾਰ ਤੋਂ ਕਿਵੇਂ ਬਚ ਕੇ ਆਇਆ, ਪੇਸ਼ ਹੈ ਉਨ੍ਹਾਂ ਦੀ ਆਪਣੀ ਜ਼ੁਬਾਨੀ:

“ਪਿੰਡ ਹਰਿਆਲ, ਤਹਿਸੀਲ ਗੁੱਜਰਖਾਨ, ਰਾਵਲਪਿੰਡੀ-ਪੋਠੋਹਾਰ ’ਚ ਬਖ਼ਸ਼ੀ ਗੋਪੀ ਚੰਦ ਮਲਹੋਤਰਾ ਜੋ ਤਦੋਂ ਪਿੰਡ ਵਿਚ ਕਰਿਆਨੇ ਦੀ ਦੁਕਾਨ ਕਰਦੇ ਸਨ, ਦਾ ਸਹਿਜਧਾਰੀ ਪਰਿਵਾਰ ਵਸਦਾ ਸੀ, ਜਿਨ੍ਹਾਂ ਵਿਚ ਉਨ੍ਹਾਂ ਦੇ ਬੇਟੇ ਕ੍ਰਮਵਾਰ ਗੰਗਾ ਸਿੰਘ, ਬਖ਼ਸ਼ੀ ਸੰਤ ਸਿੰਘ, ਮਾਸਟਰ ਤਾਰਾ ਸਿੰਘ ਅਤੇ ਨਿਰੰਜਣ ਸਿੰਘ ਸ਼ੁਮਾਰ ਸਨ। ਮੈਂ ਬਖ਼ਸ਼ੀ ਸੰਤ ਸਿੰਘ ਜੋ ਕਿ ਪਿੰਡ ਵਿਚ ਬਜਾਜੀ ਦੀ ਦੁਕਾਨ ਕਰਦੇ ਸਨ, ਦੀ ਬੇਟੀ ਬੀਬੀ ਬਲਵੰਤ ਕੌਰ ਦੀ ਧੀ ਹਾਂ। ਸੋ ਮਾਸਟਰ ਤਾਰਾ ਸਿੰਘ ਜੀ ਦਾ ਪਰਿਵਾਰ, ਮੇਰਾ ਨਾਨਕਾ ਪਰਿਵਾਰ ਸੀ। ਮੇਰੀ ਮਾਤਾ ਦੀ ਸ਼ਾਦੀ 1933 ’ਚ ਟੋਬਾ ਟੇਕ ਸਿੰਘ ਦੇ ਵਾਸੀ ਪ੍ਰੋਫ਼ੈਸਰ ਜਗਜੀਤ ਸਿੰਘ ਪੁੱਤਰ ਸੇਵਾ ਸਿੰਘ ਪੁੱਤਰ ਟਹਿਲ ਸਿੰਘ ਨਾਲ਼ ਹੋਈ, ਜਿਨ੍ਹਾਂ ਦਾ ਉਥੋਂ ਦੀ ਅਨਾਜ ਮੰਡੀ ਵਿਚ ਆਪਣਾ ਕੰਮ ਸੀ। ਟਹਿਲ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਵਿਚ ਭਾਈ ਸਾਹਿਬ ਦਾ ਖ਼ਿਤਾਬ ਹਾਸਲ ਸੀ। ਪਿਤਾ ਜੀ ਸ਼ਾਦੀ ਉਪਰੰਤ ਖ਼ਾਲਸਾ ਕਾਲਜ ਬੰਬੇ ਵਿਚ ਬੌਟਨੀ ਦੇ ਪ੍ਰੋਫ਼ੈਸਰ ਜਾ ਲੱਗੇ। ਮੇਰਾ ਜਨਮ ਉਥੇ ਹੀ 1939 ਵਿਚ ਹੋਇਆ। ਮਨਜੀਤ ਕੌਰ ਅਤੇ ਸੁਰਿੰਦਰਜੀਤ ਸਿੰਘ ਮੇਰੇ ਹੋਰ ਭੈਣ ਭਰਾ ਹਨ। ਕੁੱਝ ਅਰਸਾ ਪਿੱਛੋਂ ਮਾਤਾ ਜੀ ਬਿਮਾਰ ਰਹਿਣ ਲੱਗੇ, ਡਾਕਟਰਾਂ ਨੇ ਉਨ੍ਹਾਂ ਨੂੰ ਆਬੋ ਹਵਾ ਬਦਲਣ ਵਾਸਤੇ ਕਿਹਾ। ਸੋ ਪਿਤਾ ਜੀ ਹੋਰਾਂ ਬੰਬੇ ਤੋਂ ਬਦਲ ਕੇ ਸਿੱਖ ਨੈਸ਼ਨਲ ਕਾਲਜ ਲਾਹੌਰ ਆਣ ਕਯਾਮ ਕੀਤਾ। ਇਸ ਵਿਚ ਖ਼ਾਸ ਇਹ ਕਿ ਸ. ਪ੍ਰਕਾਸ਼ ਸਿੰਘ ਬਾਦਲ ਵੀ ਉਥੇ ਪਿਤਾ ਜੀ ਪਾਸ ਟਿਊਸ਼ਨ ਪੜ੍ਹਦੇ ਰਹੇ। ਲਾਹੌਰ ਦੇ ਕਨੇਡ ਕਾਨਵੇਂਟ ਸਕੂਲ ਵਿਚ ਹੀ ਮੈਂ ਆਪਣੀ ਪੜ੍ਹਾਈ ਸ਼ੁਰੂ ਕੀਤੀ। ਛੁੱਟੀਆਂ ’ਚ ਮੈਂ ਅਕਸਰ ਮਾਤਾ ਜੀ ਨਾਲ਼ ਹਰਿਆਲ ਹਫ਼ਤਿਆਂ ਬੱਧੀ ਰਹਿ ਆਉਂਦੀ। ਮੇਰਾ ਨਾਨਕਾ ਪਰਿਵਾਰ ਜੋ ਪਹਿਲਾਂ ਸਹਿਜਧਾਰੀ ਸੀ। ਸੰਤ ਅਤਰ ਸਿੰਘ ਜੀ ਮਸਤੂਆਣਾ ਸਾਬ ਜਿਨ੍ਹਾਂ ਪੋਠੋਹਾਰ ਦੇ ਇਲਾਕੇ ਵਿਚ ਸਿੱਖ਼ੀ ਅਤੇ ਖਾਲਸਾ ਸਕੂਲਾਂ ਦਾ ਖਾਸਾ ਪਸਾਰਾ ਕੀਤਾ, ਦੇ ਪ੍ਰਭਾਵ ਵਿਚ ਆ ਕੇ ਸਿੱਖ ਬਣਿਆਂ। ਮਾਸਟਰ ਜੀ ਹੋਰਾਂ ਨੇ ਉਨ੍ਹਾਂ ਪਾਸੋਂ ਹੀ ਅੰਮ੍ਰਿਤ ਛੱਕਿਆ।

ਆਜ਼ਾਦੀ ਸੰਘਰਸ਼ ਸਮੇਂ ਮਾਸਟਰ ਜੀ ਹਰਿਆਲ ਕਦੇ ਕਦਾਈਂ ਗੇੜਾ ਮਾਰਦੇ। ਉਹ ਬਹੁਤਾ ਅੰਮ੍ਰਿਤਸਰ ਸਾਬ ਜਾਂ ਲਾਹੌਰ ਹੀ ਰਹਿ ਕੇ ਸਿੱਖ ਸੰਘਰਸ਼ ਜਾਂ ’ਕਾਲੀ ਲਹਿਰ ਦੀ ਅਗਵਾਈ ਕਰਦੇ। 3 ਮਾਰਚ, 1947 ਨੂੰ ਲਾਹੌਰ ਅਸੰਬਲੀ ਵਿਚ ਮੁਸਲਿਮ ਲੀਗ ਵਲੋਂ ਪਾਕਿਸਤਾਨ ਦਾ ਮਤਾ ਪਾਸ ਕਰਨ/ਝੰਡਾ ਝੁਲਾਉਣ ਸਮੇਂ ਮਾਸਟਰ ਜੀ ਨੇ ਵਿਰੋਧ ਜਤਾਉਂਦਿਆਂ ਹਵਾ ਵਿਚ ਤਲਵਾਰ ਲਹਿਰਾ ਕੇ ਪਾਕਿਸਤਾਨ ਮੁਰਦਾਬਾਦ ਦਾ ਨਾਅਰਾ ਲਾਇਆ। ਇਹ ਗੱਲ ਝੂਠੀ ਹੈ, ਜੋ ਲੋਕਾਂ ਵਲੋਂ ਫ਼ੈਲਾਈ ਗਈ ਕਿ ਮਾਸਟਰ ਜੀ ਨੇ ਪਾਕਿਸਤਾਨ ਦਾ ਝੰਡਾ ਪਾੜਤਾ ਜਾਂ ਡੰਡਾ ਵੱਢਤਾ। ਮੈਂ ਆਜ਼ਾਦੀ ਉਪਰੰਤ ਵੀ ਕਈ ਦਫ਼ਾ ਮਾਸਟਰ ਜੀ ਨੂੰ ਮਿਲੀ ਅਤੇ ਉਨ੍ਹਾਂ ਤਸਲੀਮ ਕੀਤਾ। ਅਫ਼ਸੋਸ ਕਿ ਉਸ ਅਫ਼ਵਾਹ ਕਾਰਨ ਸਿੱਖ-ਮੁਸਲਿਮ ਕਿਆਂ ਦੀ ਵੱਡੀ ਭੀੜ ਆਹਮੋ-ਸਾਹਮਣੇ ਹੋਈ ਅਤੇ ਫ਼ਸਾਦ ਹੁੰਦਾ-ਹੁੰਦਾ ਬਚ ਗਿਆ। ਪਰ ਪੰਜਾਬ ਭਰ ਵਿਚ ਫ਼ਸਾਦਾਂ/ਕਤਲੇਆਮ ਦੀ ਸ਼ੁਰੂਆਤ ਉਸੇ ਦਿਨ ਤੋਂ ਹੋ ਗਈ।

ਇਹ ਖ਼ਬਰ ਹਰਿਆਲ ਵੀ ਪਹੁੰਚੀ। ਤਦੋਂ ਹਰਿਆਲ ਵਿਚ ਹਿੰਦੂ-ਸਿੱਖਾਂ ਦੀ ਬਹੁ ਗਿਣਤੀ ਸੀ। ਪਿੰਡ ਤੋਂ ਬਾਹਰ ਅਲੱਗ ਬਸਤੀ ਵਿਚ ਕੇਵਲ ਕਾਮੇ ਮੁਸਲਮਾਨ ਜਿਨ੍ਹਾਂ ਵਿਚ ਤੇਲੀ ਮੁਸਲਮਾਨਾਂ ਦੀ ਗਿਣਤੀ ਜ਼ਿਆਦਾ ਸੀ, ਰਹਿੰਦੇ। ਮੁਸਲਮਾਨਾਂ ਮਸੀਤ ਵਿਚ ’ਕੱਠ ਰੱਖਿਆ, ਜਿਸ ਵਿਚ ਮਾਸਟਰ ਜੀ ਦੇ ਸਾਰੇ ਕੁਨਬੇ ਨੂੰ ਰਾਤੋ-ਰਾਤ ਕਤਲ ਕਰਨ ਦਾ ਮਤਾ ਪਾਸ ਹੋਇਆ। ਉਸ ’ਕੱਠ ਵਿਚ ਮੇਰੇ ਨਾਨਕੇ ਪਰਿਵਾਰ ਦਾ ਨਮਕ ਹਲਾਲ ਫ਼ਕੀਰ ਮੁਹੰਮਦ ਅਤੇ ਇਕ ਹੋਰ ਬੋਸਤਾਨ ਨਾਮੇ ਮੁਸਲਮਾਨ ਜੋ ਸਾਡਾ ਖ਼ੈਰ ਖੁਆਹ ਸੀ, ਵੀ ਹਾਜ਼ਰ ਸਨ। ਫ਼ਕੀਰ ਦੇ ਬਚਪਨ ਵਿਚ ਹੀ ਉਸ ਦੀ ਅੰਮਾਂ ਮਰ ਗਈ। ਸੋ ਫ਼ਕੀਰ ਨੂੰ ਮੇਰੇ ਨਾਨਾ ਜੀ ਦੀ ਮਾਂ ਬੀਬੀ ਮੂਲਾਂ ਦੇਵੀ ਨੇ ਬਖ਼ਸ਼ੀ ਸੰਤ ਸਿੰਘ ਜੀ ਦੇ ਨਾਲ ਹੀ ਆਪਣਾ ਦੁੱਧ ਪਿਆ ਕੇ ਪਾਲ਼ਿਆ। ਉਹ ਬਾਹਰ ਜਾ ਕੇ ਗੱਲ ਲੀਕ ਕਰੇਗਾ, ਇਸ ਬਿਨਾਂ ’ਤੇ ਉਸ ਨੂੰ ਮਸੀਤ ਦੇ ਅੰਦਰ ਹੀ ਡੱਕੀ ਰੱਖਿਆ। ਦੂਸਰੇ ਲਿਹਾਜ਼ੀ ਬੋਸਤਾਨ ਨੇ ਸਾਰੀ ਕਹਾਣੀ ਬਖ਼ਸ਼ੀ ਸੰਤ ਸਿੰਘ ਨੂੰ ਕਹਿ ਸੁਣਾਈ। ਸੋ ਉਸੇ ਰਾਤ ਮਾਸਟਰ ਜੀ ਦਾ ਸਾਰਾ ਕੁਨਬਾ ਤੁਰਕੇ ਮੰਦਰਾ ਸਟੇਸ਼ਨ ਪਹੁੰਚਾ, ਜਿਥੋਂ ਉਨ੍ਹਾਂ ਗੁੱਜਰਖਾਨ ਲਈ ਰੇਲ ਗੱਡੀ ਫੜੀ ਅਤੇ ਰਾਵਲਪਿੰਡੀ-ਲਾਹੌਰ ਹੁੰਦੇ ਹੋਏ ਅੰਮ੍ਰਿਤਸਰ ਸਾਬ ਜਾ ਪਹੁੰਚੇ, ਜਿਥੇ ਮਾਸਟਰ ਤਾਰਾ ਸਿੰਘ ਦਾ ਭਤੀਜਾ ਅਵਤਾਰ ਸਿੰਘ ਪੁੱਤਰ ਗੰਗਾ ਸਿੰਘ ਕਾਰੋਬਾਰ ਦੇ ਸਿਲਸਿਲੇ ਵਿਚ ਪਹਿਲਾਂ ਹੀ ਰਹਿ ਰਿਹਾ ਸੀ।

ਰੌਲਿਆਂ ਵੇਲੇ ਮੇਰਾ ਦਾਦਕਾ ਪਰਿਵਾਰ ਲਾਇਲਪੁਰ ਵਿਚ ਸੈਟਲਡ ਸੀ। ਪਿਤਾ ਜੀ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਹੀ ਪ੍ਰੋਫ਼ੈਸਰ ਸਨ। ਚੜ੍ਹਦੇ ਅਗਸਤ ਉਹ ਲਾਇਲਪੁਰ ਆਏ। ਮੈਂ ਜ਼ਿੱਦ ਕੀਤੀ ਕਿ ਮੈਨੂੰ ਅੰਮ੍ਰਿਤਸਰ ਛੱਡ ਕੇ ਆਓ। ਘਰੋਂ ਸਟੇਸ਼ਨ ਲਈ ਤਾਂਗਾ ਕੀਤਾ। ਰਸਤੇ ’ਚ ਮੈਂ ਪਿਤਾ ਕੋਲ਼ ਬੱਤਾ ਪੀਣ ਲਈ ਜ਼ਿਦ ਕੀਤੀ। ਪਰ ਪਿਤਾ ਜੀ ਹਾਮੀ ਨਾ ਭਰਨ, ਕਹਿੰਦੇ ਗੱਡੀ ਨਿਕਲ ਜਾਏਗੀ। ਮੈਂ ਜ਼ਿੱਦ ਬਰਕਰਾਰ ਰੱਖੀ। ਪਿਤਾ ਜੀ ਨੇ ਬੱਤਾ ਪਿਆਇਆ। ਕਰਦਿਆਂ ਕਰਾਉਂਦਿਆਂ ਪਹਿਲੀ ਗੱਡੀ ਨਿਕਲ ਗਈ। ਦੂਜੇ ਦਰਜੇ ਦੀ ਟਿਕਟ ਲਈ। ਕਾਫ਼ੀ ਇੰਤਜ਼ਾਰ ਤੋਂ ਬਾਅਦ ਦੂਜੀ ਗੱਡੀ ਫੜੀ। ਲਾਹੌਰ ਤੋਂ ਗੱਡੀ ਬਦਲਣੀ ਸੀ। ਪਿਤਾ ਜੀ ਮੈਨੂੰ ਸਟੇਸ਼ਨ ’ਤੇ ਇਕ ਪਾਸੇ ਛੱਡ ਕੇ ਫਿਰ ਦੂਜੇ ਦਰਜੇ ਦੀ ਟਿਕਟ ਲੈਣ ਚਲੇ ਗਏ। ਭੀੜ ਬਹੁਤੀ ਹੋਣ ਕਾਰਨ ਪਿਤਾ ਜੀ ਨੂੰ ਕਾਫ਼ੀ ਚਿਰ ਲੱਗ ਗਿਆ। ਮੈਂ ਓਨਾ ਚਿਰ ਇਕ ਖੰਭੇ ਨਾਲ ਜੱਫੀ ਪਾਈ ਸਲਵਾਰਾਂ ਪਹਿਨੀਂ ਓਪਰੇ ਯਾਤਰੂਆਂ ਦੀ ਆਮਦੋ-ਰਫਦ ਨੂੰ ਡਰ ਨਾਲ਼ ਵੇਂਹਦੀ ਰਹੀ। ਸ਼ੈਦ ਵਾਹਿਗੁਰੂ ਨੇ ਸਾਡੇ ’ਤੇ ਕਿਰਪਾ ਕੀਤੀ ਕਿਉਂ ਜੋਂ ਪਹਿਲੀ ਗੱਡੀ ਵਾਹਗੇ ਤੋਂ ਲਾਹੌਰ ਵੰਨੀ, ਰੋਕ ਕੇ ਦੰਗੱਈਆਂ ਵਲੋਂ ਲੁੱਟ-ਪੁੱਟ ਕੇ ਹਿੰਦੂ-ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ। ਮੇਰਾ ਨਾਨਕਾ ਪਰਿਵਾਰ (ਮਾਸਟਰ ਕੇ) ਪਹਿਲਾਂ ਹੀ ਮਾਰਚ ਮਹੀਨੇ ਅੰਮ੍ਰਿਤਸਰ ਪਹੁੰਚ ਚੁੱਕਾ ਸੀ। ਮੇਰਾ ਦਾਦਕਾ ਪਰਿਵਾਰ ਅਗਸਤ ਮਹੀਨੇ ਪਹੁੰਚ ਗਿਆ। ਫਿਰ ਸਾਨੂੰ ਸ਼ਰੀਫਪੁਰਾ ਰੇਲਵੇ ਲਾਈਨ ਨੇੜੇ ਇਕ ਮੁਸਲਿਮ ਰਈਸ ਦੀ ਵੱਡੀ ਹਵੇਲੀ ਅਲਾਟ ਹੋ ਗਈ। ਉਹ ਮੁਸਲਿਮ ਆਪਣੀ ਹਵੇਲੀ ਸਾਹਮਣੇ ਇਕ ਸਿਨਮਾ ਹਾਲ ਵੀ ਬਣਵਾ ਰਿਹਾ ਸੀ। ਪਰ ਬਟਵਾਰੇ ਦੀ ਵਜ੍ਹਾ ਵਿਚ ਹੀ ਰਹਿ ਗਿਆ, ਮਗਰੋਂ ਉਥੇ ਪਿੰਗਲਵਾੜਾ ਬਣਿਆਂ।

ਮਾਸਟਰ ਤਾਰਾ ਸਿੰਘ ਜੀ ਦੇ ਘਰ ਜਸਵੰਤ ਸਿੰਘ, ਮੋਹਣ ਸਿੰਘ, ਰਜਿੰਦਰ ਕੌਰ ਅਤੇ ਸਤਵੰਤ ਕੌਰ ਧੀਆਂ-ਪੁੱਤਰ ਪੈਦਾ ਹੋਏ। ਅਫ਼ਸੋਸ ਕਿ ਜਿਥੇ ਸਤਵੰਤ ਕੌਰ ਸ਼ਾਦੀ ਤੋਂ ਪਹਿਲਾਂ ਹੀ ਫੌਤ ਹੋ ਗਈ, ਉਥੇ ਦੋਹੇਂ ਬੇਟਿਆਂ ਦੇ ਘਰ ਕੋਈ ਔਲਾਦ ਨਾ ਹੋਈ। ਬੀਬੀ ਰਜਿੰਦਰ ਕੌਰ ਪਟਿਆਲਾ ਵਿਆਹੇ ਗਏ। ਐੱਮ.ਪੀ. ਬਣੇ, ਸਿਖ ਸਿਆਸਤ ਵਿਚ ਸਰਗਰਮ ਰਹੇ। ਅੱਗੋਂ ਉਨ੍ਹਾਂ ਦੀ ਬੇਟੀ ਬੀਬੀ ਕਿਰਨਜੋਤ ਕੌਰ ਅੰਮ੍ਰਿਤਸਰ ਸਾਬ ਵਿਖੇ ਸਿੱਖ ਹਲਕਿਆਂ ਵਿਚ ਸਰਗਰਮ ਨੇ।

ਮੈਂ ਅੰਮ੍ਰਿਤਸਰ ਮੈਡੀਕਲ ਕਾਲਜ ਤੋਂ 1961 ਵਿਚ ਐੱਮ.ਬੀ.ਬੀ.ਐੱਸ. ਕਰੀ। ਮੇਰੀ ਸ਼ਾਦੀ ਸ. ਅਜੀਤ ਸਿੰਘ ਜੋ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਤੋਂ ਸੀ, ਨਾਲ਼ 1963 ਵਿਚ ਹੋਈ। ਉਹ ਵੀ ਇਧਰ ਫ਼ੌਜ ’ਚ ਡਾਕਟਰ ਸਨ, ਜੋ 1993 ਵਿਚੋਂ ਮੇਜਰ ਜਨਰਲ (ਡਾ.) ਊਧਮਪੁਰ ਤੋਂ ਰਿਟਾਇਰਡ ਹੋਏ। ਮੈਂ ਵੀ ਆਰਮਡ ਫੋਰਸ ਮੈਡੀਕਲ ਕਾਲਜ ਪੂਨਾ ਤੋਂ ਰਿਟਾਇਰਡ ਹੋਈ। ਮੇਰੇ ਪਿਤਾ ਪ੍ਰੋਫ਼ੈਸਰ ਜਗਜੀਤ ਸਿੰਘ ਜੀ ਸਰਕਾਰੀ ਕਾਲਜ ਲੁਧਿਆਣਾ ਤੋਂ ਐੱਚ.ਓ.ਡੀ. ਬੌਟਨੀ ਦੇ ਅਹੁਦੇ ਤੋਂ 1967 ਵਿਚ ਰਿਟਾਇਰਡ ਹੋਏ। ਮਸ਼ਹੂਰ ਸਿੱਖ ਰਈਸ ਸ. ਇੰਦਰਜੀਤ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਾਲੇ ਮੇਰੀ ਨਣਦ ਦਮਯੰਤੀ ਦੇ ਘਰੋਂ ਸਨ।

ਮੈਂ ਇਸ ਵਕਤ ਆਪਣੇ ਨੇਕ ਬਖ਼ਤ ਅਤੇ ਤਾਲੀਮ ਯਾਫ਼ਤਾ ਬੱਚਿਆਂ ਪਾਸ ਰਹਿ ਕੇ ਮਾਡਲ ਟਾਊਨ ਲੁਧਿਆਣਾ ਵਿਖੇ ਜ਼ਿੰਦਗੀ ਦਾ ਪਿਛਲਾ ਪੰਧ ਹੰਢਾਅ ਰਹੀ ਹਾਂ। ਵਾਹਿਗੁਰੂ ਦੀ ਕਿਰਪਾ, ਘਰੇਲੂ ਇਤਫ਼ਾਕ ਅਤੇ ਸੇਵਾ ਕਰਕੇ ਹੀ ਅੱਜ ਛਿਆਸੀਆਂ ਵਿਚ ਵੀ ਪੂਰੀ ਤੰਦਰੁਸਤ ਅਤੇ ਚੁਸਤ ਦਰੁੱਸਤ ਹਾਂ।

ਆਜ਼ਾਦੀ ਬਹੁਤ ਮਹਿੰਗੇ ਮੁੱਲ ਮਿਲ਼ੀ। ਜਿਥੇ ਆਜ਼ਾਦੀ ਦੇ ਪਰਵਾਨਿਆਂ ਲੱਖ ਮੁਸੀਬਤਾਂ ਝੱਲਦਿਆਂ ਮੌਤ ਲਾੜੀ ਵਿਆਹੀ, ਉਥੇ ਫ਼ਿਰਕੂ ਜਨੂੰਨੀਆਂ ਨੇ ਲੁੱਟ-ਖੋਹ ਅਤੇ ਕਤਲੇਆਮ ਮਚਾ ਕੇ ਇਤਿਹਾਸ ਨੂੰ ਕਲੰਕਿਤ ਕਰ ਦਿੱਤਾ। ਉਹ ਭਿਆਨਕ ਦੌਰ ਯਾਦ ਆਉਂਦਿਆਂ ਅੱਜ ਵੀ ਰਾਤਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ।

(ਇਹ ਮੁਲਾਕਾਤ ਬੀਬੀ ਕਿਰਨਜੋਤ ਕੌਰ ਅੰਮ੍ਰਿਤਸਰ ਹੋਰਾਂ ਦੇ ਸਹਿਯੋਗ ਨਾਲ ਸੰਭਵ ਹੋਈ। ਸੋ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ)

## ‘ਯਾਦ ਰੱਖਣ ਯੋਗ ਗੱਲਾਂ’

ਹਰਦੀਪ ਸਿੰਘ ਸੋਢੀ ਨਡਾਲਾ

ਫੀਨਿਕਸ 480-794-0325



- ਦੁਨਿਆਵੀ ਗੱਲਾਂ ’ਤੇ ਹੱਸਣ ਨਾਲੋਂ ਪ੍ਰਮਾਤਮਾ ਦੀ ਯਾਦ ਵਿਚ ਰੋ ਲੈਣ ਦਾ ਜ਼ਿਆਦਾ ਆਨੰਦ ਹੁੰਦਾ ਹੈ।
- ਲੋਹਾ ਲੋਹੇ ਨੂੰ ਕੱਟਦਾ ਹੈ, ਇਹ ਗੱਲ ਤਾਂ ਸਹੀ ਹੈ ਪਰ ਚਿੱਕੜ ਨਾਲ ਚਿੱਕੜ ਸਾਫ ਨਹੀਂ ਹੁੰਦਾ, ਨਾ ਹੀ ਨਫਰਤ ਨਾਲ ਨਫ਼ਰਤ ਖਤਮ ਹੁੰਦੀ ਹੈ।
- ਦੋਸਤੋ ਦੁਨੀਆਂ ਉਹ ਕਿਤਾਬ ਹੈ, ਜਿਸ ਨੂੰ ਪੜ੍ਹਨਾ ਮੁਸ਼ਕਿਲ ਹੈ ਪਰ ਸਮਾਂ ਉਹ ਅਧਿਆਪਕ ਹੈ, ਜੋ ਕਿਤਾਬ ਪੜ੍ਹੇ ਬਿਨਾਂ ਵੀ ਬਹੁਤ ਕੁਝ ਸਿਖਾ ਜਾਂਦਾ ਹੈ।
- ਅੰਬਾਂ ਦੇ ਬੂਟਿਆਂ ਨੂੰ ਅੰਬ, ਨਿੰਬੂਆਂ ਨੂੰ ਨਿੰਬੂ, ਸੇਬਾਂ ਨੂੰ ਸੇਬ ਲੱਗਦੇ ਹਨ ਪਰ ਕਈ ਵਾਰ ਬੰਦੇ ਨੂੰ ਮਿਰਚਾਂ ਕਿਵੇਂ ਲੱਗ ਜਾਂਦੀਆਂ ਹਨ।
- ਚੁੱਪ ਦੋ ਕਿਸਮ ਦੀ ਹੁੰਦੀ ਹੈ। ਪਹਿਲੀ ਚੁੱਪ ਉਹ ਜਦੋਂ ਇਨਸਾਨ ਥੱਕ ਹਾਰ ਕੇ ਬਹਿ ਜਾਵੇ ਅਤੇ ਦੂਜੀ ਚੁੱਪ ਉਹ ਜਦੋਂ ਇਨਸਾਨ ਨੂੰ ਸਭ ਸਮਝ ਆ ਜਾਵੇ, ਸਬਰ ਸੰਤੋਖ ਆ ਜਾਵੇ।
- ਜਦੋਂ ਕੋਈ ਤੁਹਾਨੂੰ ਧੋਖਾ ਦੇਂਦਾ ਹੈ ਤਾਂ ਹਾਲਾਤ ਇਉਂ ਬਣ ਜਾਂਦੇ ਹਨ, ਜਿਵੇਂ ਉਸ ਨੇ ਤੁਹਾਡੀਆਂ ਬਾਹਵਾਂ ਵੱਢ ਦਿੱਤੀਆਂ ਹੋਣ, ਤੁਸੀਂ ਉਸ ਨੂੰ ਦਿਲੋਂ ਮੁਆਫ਼ ਤਾਂ ਕਰ ਸਕਦੇ ਹੋ ਪਰ ਜੱਫੀ ਨਹੀਂ ਪਾ ਸਕਦੇ। (ਟਾਲਸਟਾਏ)

# ਮਾਂ-ਦੁਆਵਾਂ ਦਾ ਸਦੀਵੀ ਥੰਮ੍ਹ

## (ਮਾਂ ਦਿਵਸ ਖਾਸ)

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
ਪੰਜਾਬ ਮੇਲUSA





1914 ਵਿਚ ਅਮਰੀਕਾ ਦੇ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਮਈ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਘੋਸ਼ਿਤ ਕੀਤਾ। ਮਾਵਾਂ ਦੇ ਸਨਮਾਨ ਲਈ ਇੱਕ ਅਧਿਕਾਰਤ ਦਿਨ ਬਣਾਇਆ ਗਿਆ। ਜਦੋਂਕਿ ਮਾਂਵਾਂ ਬੱਚੇ ਨੂੰ ਹਰ ਪਲ ਆਪਣੇ ਕਲਾਵੇ ਵਿਚ ਹੀ ਮਹਿਸੂਸ ਕਰਦੀਆਂ ਹਨ। ਮਾਂ ਨੂੰ ਪਰਿਵਾਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਜੋ ਸ਼ਾਂਤ ਅਵਸਥਾ ਵਿਚ ਪਾਲਣ-ਪੋਸ਼ਣ, ਰੱਖਿਆ ਅਤੇ ਸਫਲਤਾ ਲਈ ਕਾਰਜ ਉਲੀਕਦੀ ਹੈ। ਬੱਚੇ ਦੇ ਪਹਿਲੇ ਪਲ ਤੋਂ ਹੀ ਮਾਂ ਨਿੱਘ, ਬੇਸ਼ਰਤੇ ਪਿਆਰ, ਕੁਰਬਾਨੀ ਅਤੇ ਸ਼ਰਧਾ ਨਾਲ ਆਪਣੀ ਯਾਤਰਾ ਸ਼ੁਰੂ ਕਰਦੀ ਹੈ। ਉਸਦੀ ਭੂਮਿਕਾ ਦੁਨਿਆਵੀ ਕਾਰਜਾਂ ਤੋਂ ਪਰੇ ਭਾਵਨਾਤਮਕ, ਮਨੋਵਿਗਿਆਨਕ ਅਤੇ ਅਧਿਆਤਮਿਕ ਹੁੰਦੀ ਹੈ। ਹਰ ਸੱਭਿਆਚਾਰ ਵਿਚ ਮਾਂ ਇੱਕ ਸਤਿਕਾਰਯੋਗ ਸਥਾਨ ਰੱਖਦੀ ਹੈ, ਜਿਸ ਦੀ ਤੁਲਨਾ ਬ੍ਰਹਮ ਹਸਤੀ ਨਾਲ ਤੁਲਨਾ ਕੀਤੀ ਜਾਂਦੀ ਹੈ, ਕਿਉਂਕਿ ਉਹ ਆਪਣੀ ਸਾਰੀ ਜ਼ਿੰਦਗੀ ਵਿਚ ਨਿਰਸਵਾਰਥ ਕੁਰਬਾਨੀਆਂ ਅਤੇ ਅਟੱਲ ਦੇਖਭਾਲ ਵਿਚ ਗੁਜ਼ਾਰਦੀ ਹੈ। ਉਸ ਦੀ ਭੂਮਿਕਾ ਡੂੰਘੀ, ਬਹੁਪੱਖੀ ਅਤੇ ਅਨਮੋਲ ਹੈ, ਜੋ ਬੱਚੇ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਲਈ ਸੁਚੇਤ ਕਰਦੀ ਹੈ। ਇਨ੍ਹਾਂ ਵਿਚਕਾਰ ਬੰਧਨ ਜਨਮ ਤੋਂ ਬਹੁਤ ਪਹਿਲਾਂ ਸ਼ੁਰੂ ਹੁੰਦਾ ਹੈ। ਉਹ ਅਣਗਿਣਤ ਸਰੀਰਕ, ਭਾਵਨਾਤਮਕ ਤਬਦੀਲੀਆਂ, ਬੇਅਰਾਮੀ ਅਤੇ ਦਰਦ ਸਹਿਣ ਕਰਦੀ ਹੈ। ਬੱਚੇ ਦੀ ਭਲਾਈ ਨੂੰ ਤਰਜੀਹ ਦੇ ਕੇ ਹਰ ਪਲ ਉਨ੍ਹਾਂ ਨੂੰ ਖੁਆਉਣ-ਪਿਆਉਣ, ਸ਼ਾਂਤ ਕਰਨਾ ਅਤੇ ਦੇਖਭਾਲ ਵਿਚ ਮਗਨ ਰਹਿੰਦੀ ਹੈ। ਭਾਵੇਂ ਮਾਂ ਬਣਨ ਦਾ ਸਫ਼ਰ ਚੁਣੌਤੀਆਂ ਭਰਿਆ ਹੁੰਦਾ ਹੈ। ਪਰ ਆਪਣੇ ਨਿੱਜੀ ਸੁਪਨਿਆਂ ਨੂੰ ਰੋਕ ਬੱਚੇ ਦੇ ਜੀਵਨ ਲਈ ਸਮਰਪਿਤ ਹੋ ਜਾਂਦੀ ਹੈ। ਇਸ ਮੋਹ ਮੁਹੱਬਤ ਤੇ ਘਾਲਣਾ ਦੀ ਪ੍ਰਸ਼ੰਸਾ ਕਰਦੇ ਹੋਏ ਪ੍ਰੋ. ਮੋਹਨ ਸਿੰਘ ਲਿਖਦੇ ਹਨ:-

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।

ਬਚਪਨ ਦੇ ਸ਼ੁਰੂਆਤੀ ਦਿਨਾਂ ਤੋਂ ਮਾਂ ਬੱਚੇ ਦੀ ਪਹਿਲੀ ਅਧਿਆਪਕਾ ਹੁੰਦੀ ਹੈ। ਉਹ ਨਾ ਸਿਰਫ਼ ਬੋਲਣਾ ਅਤੇ ਤੁਰਨਾ ਸਿਖਾਉਂਦੀ ਹੈ, ਸਗੋਂ ਕਦਰਾਂ-ਕੀਮਤਾਂ, ਸ਼ਿਸ਼ਟਾਚਾਰ ਅਤੇ ਸਹੀ ਅਤੇ ਗਲਤ ਦੇ ਸਿਧਾਂਤ ਵੀ ਸਿਖਾਉਂਦੀ ਹੈ। ਇਹ ਜੀਵਨ ਲਈ ਰਾਹ ਦਸੇਰੇ ਬਣਦੇ ਹਨ। ਲੋਰੀਆਂ ਅਤੇ ਕਹਾਣੀਆਂ ਰਾਹੀਂ, ਕੋਮਲ ਸੁਧਾਰ ਅਤੇ ਧੀਰਜਵਾਨ ਵਿਆਖਿਆ ਰਾਹੀਂ, ਮਾਵਾਂ ਬੁੱਧੀ ਦੇ ਬੀਜ ਬੀਜਦੀਆਂ ਹਨ, ਜੋ ਸਮੇਂ ਦੇ ਨਾਲ ਇੱਕ ਵਿਅਕਤੀ ਦੇ ਚਰਿੱਤਰ ਵਿਚ ਉੱਗਦੇ ਹਨ। ਉਸਦੇ ਸ਼ਬਦ, ਕਿਰਿਆਵਾਂ ਅਤੇ ਚੁੱਪ ਵੀ ਸਬਕ ਬਣ ਜਾਂਦੇ ਹਨ, ਜੋ ਇੱਕ ਬੱਚੇ ਦੇ ਜੀਵਨ ਵਿਚ ਗੂੰਜਦੇ ਹਨ।

ਮਾਂ ਆਪਣੇ ਬੱਚਿਆਂ ਨੂੰ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਵਿਚੋਂ ਲੰਘਾਉਂਦੀ ਹੈ। ਅਸਫਲਤਾਵਾਂ ਦੌਰਾਨ ਸਹਾਇਤਾ ਪ੍ਰਦਾਨ ਕਰਦੀ ਅਤੇ ਹਰ ਛੋਟੀ ਜਿੱਤ ਦਾ ਜਸ਼ਨ ਮਨਾਉਂਦੀ ਹੈ। ਬੱਚਿਆਂ ਨੂੰ ਉਨ੍ਹਾਂ ਦੇ ਸੁਪਨਿਆਂ ਦਾ ਪਿੱਛਾ ਕਰਨ ਲਈ ਉਤਸ਼ਾਹਿਤ ਕਰਦੀ ਹੈ, ਜਦੋਂਕਿ ਲੋੜ ਪੈਣ 'ਤੇ ਉਨ੍ਹਾਂ ਨੂੰ ਹਕੀਕਤ ਵਿਚ ਵਾਪਸ ਵੀ ਲਿਆਉਂਦੀ ਹੈ ਕਿ ਬੱਚਿਆਂ ਦੀ ਜ਼ਿੰਦਗੀ ਬਿਹਤਰ ਹੋਵੇ। ਇੱਕ ਮਾਂ ਦੇ ਪਿਆਰ ਦੀ ਸੁੰਦਰਤਾ ਇਸਦੇ ਬਿਨਾਂ ਸ਼ਰਤ ਸੁਭਾਅ ਵਿਚ ਹੈ। ਜ਼ਿਆਦਾਤਰ ਰਿਸ਼ਤਿਆਂ ਦੇ ਉਲਟ, ਮਾਂ ਦਾ ਪਿਆਰ ਲੈਣ-ਦੇਣ ਵਾਲਾ ਨਹੀਂ ਹੁੰਦਾ। ਇਹ ਹਾਲਾਤਾਂ ਨਾਲ ਨਹੀਂ ਡੋਲਦਾ ਜਾਂ ਬਦਲੇ ਵਿਚ ਉਸਨੂੰ ਕੀ ਮਿਲਦਾ ਹੈ, ਇਸ 'ਤੇ ਨਿਰਭਰ ਨਹੀਂ ਕਰਦਾ। ਮਾਂਵਾਂ ਦਾ ਬੱਚਿਆਂ ਪ੍ਰਤੀ ਸਨੇਹ ਤੇ ਸੁਰੱਖਿਆ ਨੂੰ ਸ਼ਿਵ ਕੁਮਾਰ ਬਟਾਲਵੀ ਨੇ ਖ਼ੂਬਸੂਰਤ ਸਤਰਾਂ ਲਿਖੀਆਂ ਹਨ:-

ਸੰਗਰਾਂਦ ਵਰਗਾ ਤੇਰਾ ਨਾਂ, ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ ਮਾਂ, ਹੇ ਮੇਰੀ ਮਾਂ!

ਮੁਸੀਬਤ ਦੇ ਸਮੇਂ ਬੱਚੇ ਮਾਂ ਵੱਲ ਮੁੜਦੇ ਹਨ। ਉਸਦੀ ਆਵਾਜ਼, ਮੌਜੂਦਗੀ, ਜੱਫੀ ਬੱਚੇ ਦੀ ਉਮਰ ਨੂੰ ਉਹਲੇ ਕਰ ਇੱਕ ਸ਼ਾਂਤ ਸੰਸਾਰ ਵੱਲ ਲੈ ਜਾਂਦੀ ਹੈ। ਪਰਿਵਾਰ ਨੂੰ ਵੀ ਮੁਸ਼ਕਲ ਸਮਿਆਂ ਦੌਰਾਨ ਬੰਨ੍ਹ ਕੇ ਰੱਖਦੀ ਹੋਈ ਸੰਕਟਾਂ ਵਿਚੋਂ ਸ਼ਾਂਤੀ ਦਾ ਮਾਹੌਲ ਸਿਰਜਦੀ ਹੈ। ਮਾਵਾਂ ਕੋਲ ਇੱਕ ਅਸਾਧਾਰਨ ਭਾਵਨਾਤਮਕ ਤਾਕਤ ਹੁੰਦੀ ਹੈ। ਭਾਵੇਂ ਇਹ ਇੱਕ ਬਾਗੀ ਕਿਸ਼ੋਰ ਨਾਲ ਨਜਿੱਠਣਾ ਹੋਵੇ, ਪਰਿਵਾਰਕ ਬਿਮਾਰੀ, ਜਾਂ ਵਿੱਤੀ ਤਣਾਅ, ਉਹ ਅਕਸਰ ਪਰਿਵਾਰ ਦੀ ਭਾਵਨਾਤਮਕ ਤੰਦਰੁਸਤੀ ਨੂੰ ਬਰਕਰਾਰ ਰੱਖਦੀਆਂ ਹਨ। ਉਹ ਦੂਜਿਆਂ ਦੀਆਂ ਚਿੰਤਾਵਾਂ ਨੂੰ ਸੋਖ ਲੈਂਦੀਆਂ ਹਨ, ਜਦੋਂਕਿ ਆਪਣੀਆਂ ਚਿੰਤਾਵਾਂ ਦਾ ਘੱਟ ਹੀ ਪ੍ਰਗਟਾਵਾ ਕਰਦੀਆਂ ਹਨ, ਕਵੀ ਅਫ਼ਜ਼ਲ ਅਹਿਸਾਨ ਰੰਧਾਵਾ ਮਾਂ ਨੂੰ ਬੱਚਿਆ ਦਾ ਢਾਲ ਦੱਸ ਕੇ ਬਾਖੂਬੀ ਵਰਨਣ ਕੀਤਾ:-

ਹਰ ਛੋਟੀ ਵੱਡੀ ਆਫ਼ਤ ਵਿਚ
ਤੂੰ ਸੈਂ ਸਾਡੀ ਢਾਲ ਨੀ ਮਾਏ

ਮਾਵਾਂ ਦੇ ਨਾਲ ਮਜ਼ਬੂਤ ਬੰਧਨ ਵਾਲੇ ਬੱਚੇ ਵਧੇਰੇ ਭਾਵਨਾਤਮਕ ਸਥਿਰਤਾ, ਸਵੈ-ਵਿਸ਼ਵਾਸ, ਸਮਾਜਿਕ ਅਤੇ ਬੁੱਧੀਮਾਨ ਹੁੰਦੇ ਹਨ। ਸੰਸਾਰ ਭਰ ਦੇ ਸੱਭਿਆਚਾਰਾਂ ਨੇ ਮਾਂ ਦੀ ਭੂਮਿਕਾ ਨੂੰ ਡੂੰਘਾ ਸਤਿਕਾਰ ਦਿੱਤਾ ਜਾਂਦਾ ਹੈ। ਆਧੁਨਿਕ ਮਾਂਵਾਂ ਦੀ ਲਚਕਤਾ ਪ੍ਰਸ਼ੰਸਾਯੋਗ ਹੈ, ਉਹ ਕਈ ਖੇਤਰਾਂ ਵਿਚ ਪ੍ਰਫੁੱਲਿਤ ਹੋ ਰਹੀ ਹੈ। ਬਦਲਦੇ ਸਮਾਜਿਕ ਨਿਯਮਾਂ ਅਤੇ ਆਰਥਿਕ ਮੰਗਾਂ ਦੇ ਨਾਲ, ਬਹੁਤ ਸਾਰੀਆਂ ਮਾਵਾਂ ਨੌਕਰੀਆਂ ਵੀ ਕਰਦੀਆਂ ਹਨ। ਪਰ ਮਾਂ ਬਣਨ ਦਾ ਸਾਰ ਉਹੀ ਰਹਿੰਦਾ ਹੈ: ਪਿਆਰ, ਦੇਖਭਾਲ, ਕੁਰਬਾਨੀ ਅਤੇ ਤਾਕਤ। ਆਧੁਨਿਕ ਮਾਵਾਂ ਵੀ ਰੂੜੀਵਾਦੀ ਧਾਰਨਾਵਾਂ ਨੂੰ ਤੋੜ ਕੇ ਬਿਜ਼ਨਸ, ਨੇਤਾ ਵੀ ਹਨ। ਇਹ ਸਭ ਦੇ ਨਾਲੋਂ-ਨਾਲ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਦੀਆਂ ਹਨ।

ਹਾਲਾਂਕਿ, ਇਹ ਸਵੀਕਾਰ ਕਰਨਾ ਵੀ ਮਹੱਤਵਪੂਰਨ ਹੈ ਕਿ ਮਾਵਾਂ ਅਲੌਕਿਕ ਨਹੀਂ ਹਨ। ਉਹ ਬੱਚੇ ਲਈ ਹਜ਼ਾਰਾਂ ਕੰਮ ਕਰਨ ਦੇ ਬਾਵਜੂਦ "ਕਾਫ਼ੀ" ਨਾ ਕੀਤਾ ਮਹਿਸੂਸ ਕਰਦੀਆਂ ਹਨ। ਸਮਾਜ ਨੂੰ ਮਾਵਾਂ ਦੀ ਮਾਨਸਿਕ ਅਤੇ ਭਾਵਨਾਤਮਕ ਮਹੱਤਤਾ ਨੂੰ ਪਛਾਣਨਾ ਚਾਹੀਦਾ ਹੈ, ਸਿਰਫ਼ ਮਾਂ ਦਿਵਸ 'ਤੇ ਹੀ ਨਹੀਂ, ਸਗੋਂ ਹਰ ਰੋਜ਼ ਉਨ੍ਹਾਂ ਦੇ ਕੰਮ ਦੀ ਕਦਰ ਕਰਨੀ ਚਾਹੀਦੀ ਹੈ। ਮਾਵਾਂ ਦੁਆਰਾ ਕੀਤੇ ਗਏ ਯਤਨਾਂ ਦਾ ਸ਼ੁਕਰਗੁਜ਼ਾਰ ਹੋਣ ਚਾਹੀਦਾ ਹੈ।

ਉਸਦਾ ਪ੍ਰਭਾਵ ਸਿਰਫ਼ ਵਿਅਕਤੀਆਂ ਨੂੰ ਹੀ ਨਹੀਂ, ਸਗੋਂ ਪੀੜ੍ਹੀਆਂ ਨੂੰ ਆਕਾਰ ਦਿੰਦਾ ਹੈ। ਮਾਂ ਜੋ ਕੁਝ ਕਰਦੀ ਹੈ, ਉਹ ਅਮੁੱਲ ਹੈ, ਉਸਦੇ ਬਲੀਦਾਨਾਂ ਦਾ ਸਤਿਕਾਰ ਕਰਨਾ ਅਤੇ ਉਸਦੀ ਮੌਜੂਦਗੀ ਦੀ ਕਦਰ ਕਰਨਾ ਉਹ ਸਭ ਤੋਂ ਘੱਟ ਹੈ, ਜੋ ਅਸੀਂ ਕਰ ਸਕਦੇ ਹਾਂ। ਇਹ ਸਾਡੇ ਜੀਵਨ ਵਿਚ ਉਸਦੀ ਅਨਮੋਲ ਮੌਜੂਦਗੀ ਦੀ ਨਿਰੰਤਰ ਮਾਨਤਾ ਹੋਣੀ ਚਾਹੀਦੀ ਹੈ। ਆਓ ਅਸੀਂ ਮਾਵਾਂ ਨੂੰ ਸਾਲ ਵਿਚ ਇੱਕ ਵਾਰ ਸਿਰਫ਼ ਤੋਹਫ਼ਿਆਂ ਜਾਂ ਸ਼ਬਦਾਂ ਨਾਲ ਹੀ ਨਹੀਂ, ਸਗੋਂ ਆਪਣੇ ਕੰਮਾਂ ਰਾਹੀਂ ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਕਰਦੇ ਹੋਏ, ਉਨ੍ਹਾਂ ਦੁਆਰਾ ਸਿਖਾਈਆਂ ਗਈਆਂ ਕਦਰਾਂ-ਕੀਮਤਾਂ ਨੂੰ ਜੀ ਕੇ, ਉਨ੍ਹਾਂ ਦਾ ਸਤਿਕਾਰ ਕਰੀਏ। ਮਾਂਵਾਂ ਹਮੇਸ਼ਾ ਨਾਲ ਹੀ ਰਹਿੰਦੀਆਂ ਹਨ, ਕੋਈ ਅਭਾਗਾ ਹੀ ਹੋਵੇ, ਜੋ ਮਾਂ ਨੂੰ ਭੁੱਲ ਜਾਵੇ, ਨਹੀਂ ਤੁਰ ਜਾਣ ਪਿਛੋਂ ਮਾਵਾਂ ਨਾਲ-ਨਾਲ ਚੱਲਦੀਆਂ ਹਨ। ਸ਼ਾਇਦ ਇਸੇ ਲਈ ਗ਼ਜ਼ਲਕਾਰ ਓਮਕਾਰ ਸੂਦ ਨੇ ਯਾਦਾਂ ਵਿਚ ਵਸਦੀ ਮਾਂ ਲਈ ਮੋਤੀ ਵਰਗੇ ਸ਼ਬਦ ਗਜ਼ਲ ਵਿਚ ਪਰੋ ਦਿੱਤੇ:-

ਯਾਦਾਂ ਦੇ ਵਿੱਚ ਵਸੇ ਮਾਂ, ਸੁਪਨਿਆਂ ਦੇ ਵਿੱਚ ਹੱਸੇ ਮਾਂ।
ਜੇ ਕੋਈ ਗਲਤੀ ਹੋ ਜਾਵੇ, ਹੱਲ ਸੁਗਾਂ ਵਿੱਚੋਂ ਦੱਸੇ ਮਾਂ।

# "ਸੰਕਟ ਦਾ ਕਾਰੋਬਾਰ: ਮਹਿੰਗਾਈ, ਮੁਨਾਫ਼ਾਖੋਰੀ ਅਤੇ ਸਰਕਾਰੀ ਚੇਤਾਵਨੀਆਂ"

## ਰਾਸ਼ਨ ਦੀ ਕਾਲਾਬਾਜ਼ਾਰੀ 'ਤੇ ਸਰਕਾਰ ਦੀ ਸਖ਼ਤੀ: ਜ਼ਮੀਨੀ ਹਕੀਕਤ ਅਤੇ ਖੋਖਲੇ ਵਾਅਦੇ

ਡਾ. ਸਤਿਆਵਾਨ ਸੌਰਭ
ਹਰਿਆਣਾ
ਮੋਬਾਈਲ: 94665-26148, 01255281381
ਪੰਜਾਬ ਮੇਲUSA



ਜਦੋਂ ਵੀ ਕਿਸੇ ਦੇਸ਼ 'ਤੇ ਕੋਈ ਸੰਕਟ ਆਉਂਦਾ ਹੈ, ਤਾਂ ਆਮ ਲੋਕ ਇਸ ਤੋਂ ਸਭ ਤੋਂ ਪਹਿਲਾਂ ਪ੍ਰਭਾਵਿਤ ਹੁੰਦੇ ਹਨ। ਇਹ ਇੱਕ ਕੌੜੀ ਸੱਚਾਈ ਹੈ ਕਿ ਸੰਕਟ ਦੇ ਸਮੇਂ, ਮਹਿੰਗਾਈ, ਕਾਲਾਬਾਜ਼ਾਰੀ ਅਤੇ ਜਮ੍ਹਾਂਖੋਰੀ ਵਰਗੀਆਂ ਸਮੱਸਿਆਵਾਂ ਆਮ ਹੋ ਜਾਂਦੀਆਂ ਹਨ। ਹਾਲ ਹੀ ਵਿਚ, ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਮੱਦੇਨਜ਼ਰ, ਦੇਸ਼ ਭਰ ਵਿਚ ਖਾਣ-ਪੀਣ ਦੀਆਂ ਚੀਜ਼ਾਂ, ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀ ਕਾਲਾਬਾਜ਼ਾਰੀ ਦੀਆਂ ਖ਼ਬਰਾਂ ਸੁਰਖੀਆਂ ਵਿਚ ਹਨ। ਇਨ੍ਹਾਂ ਮੁਸ਼ਕਲ ਹਾਲਾਤਾਂ ਦੇ ਵਿਚਕਾਰ, ਸਰਕਾਰ ਨੇ ਜਮ੍ਹਾਂਖੋਰਾਂ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦਾ ਐਲਾਨ ਕੀਤਾ ਹੈ। ਸਵਾਲ ਇਹ ਹੈ ਕਿ ਕੀ ਇਨ੍ਹਾਂ ਐਲਾਨਾਂ ਨਾਲ ਅਸਲ ਵਿਚ ਕੋਈ ਫ਼ਰਕ ਪਵੇਗਾ ਜਾਂ ਕੀ ਇਹ ਵੀ ਹੋਰ ਸਰਕਾਰੀ ਵਾਅਦਿਆਂ ਵਾਂਗ ਸਿਰਫ਼ ਕਾਗਜ਼ੀ ਕਾਰਵਾਈ ਹੀ ਰਹਿ ਜਾਵੇਗਾ?

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਧਿਆ ਹੈ, ਉਦੋਂ ਤੋਂ ਹੀ ਸਰਹੱਦੀ ਇਲਾਕਿਆਂ ਵਿਚ ਹੀ ਨਹੀਂ, ਸਗੋਂ ਪੂਰੇ ਦੇਸ਼ ਵਿਚ ਖਾਣ-ਪੀਣ ਦੀਆਂ ਵਸਤਾਂ ਅਤੇ ਬਾਲਣ ਦੀ ਘਾਟ ਦੀ ਸਥਿਤੀ ਪੈਦਾ ਹੋਈ ਹੈ। ਇਹ ਸਮੱਸਿਆ ਸਿਰਫ਼ ਆਰਥਿਕ ਹੀ ਨਹੀਂ, ਸਗੋਂ ਰਾਜਨੀਤਿਕ ਵੀ ਹੈ। ਰਾਜਨੀਤਿਕ ਲਾਭ ਲਈ, ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਨੂੰ ਅਕਸਰ ਨਾ ਸਿਰਫ਼ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਸਗੋਂ ਅਸਿੱਧੇ ਤੌਰ 'ਤੇ ਉਤਸ਼ਾਹਿਤ ਵੀ ਕੀਤਾ ਜਾਂਦਾ ਹੈ। ਸਰਕਾਰਾਂ ਅਕਸਰ 'ਰਾਸ਼ਟਰੀ ਸੁਰੱਖਿਆ' ਦੇ ਨਾਮ 'ਤੇ ਮਹਿੰਗਾਈ ਅਤੇ ਕਮੀ ਨੂੰ ਜਾਇਜ਼ ਠਹਿਰਾਉਂਦੀਆਂ ਹਨ। ਸੰਕਟ ਦੇ ਸਮੇਂ ਲੋਕਾਂ ਦਾ ਧਿਆਨ ਭਟਕਾਉਣ ਲਈ ਦੇਸ਼ ਭਗਤੀ ਦੀ ਭਾਵਨਾ ਨੂੰ ਜਗਾਉਣਾ ਇੱਕ ਆਮ ਨੀਤੀ ਹੈ, ਪਰ ਇਸਦਾ ਖਮਿਆਜ਼ਾ ਆਮ ਨਾਗਰਿਕ ਨੂੰ ਭੁਗਤਣਾ ਪੈਂਦਾ ਹੈ।

ਸਰਕਾਰ ਵੱਲੋਂ ਜਾਰੀ ਸਖ਼ਤ ਹਦਾਇਤਾਂ ਦੇ ਬਾਵਜੂਦ, ਜ਼ਮੀਨੀ ਪੱਧਰ 'ਤੇ ਉਨ੍ਹਾਂ ਨੂੰ ਲਾਗੂ ਕਰਨਾ ਹਮੇਸ਼ਾ ਇੱਕ ਵੱਡੀ ਚੁਣੌਤੀ ਰਿਹਾ ਹੈ। ਆਮ ਤੌਰ 'ਤੇ, ਪ੍ਰਸ਼ਾਸਨਿਕ ਅਧਿਕਾਰੀ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਜਾਂ ਸਥਾਨਕ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਦੇ ਦਬਾਅ ਹੇਠ ਅੱਖਾਂ ਬੰਦ ਨਹੀਂ ਕਰਦੇ। ਇਹ ਇੱਕ ਖੁੱਲ੍ਹਾ ਭੇਤ ਹੈ ਕਿ ਕਾਲਾਬਾਜ਼ਾਰੀ ਕਰਨ ਵਾਲੇ ਅਕਸਰ ਰਾਜਨੀਤਿਕ ਸਰਪ੍ਰਸਤੀ ਹੇਠ ਵਧਦੇ-ਫੁੱਲਦੇ ਹਨ। ਅਜਿਹੀ ਸਥਿਤੀ ਵਿਚ, ਸਵਾਲ ਇਹ ਉੱਠਦਾ ਹੈ ਕਿ ਕੀ ਸਿਰਫ਼ ਹੁਕਮ ਜਾਰੀ ਕਰਨ ਨਾਲ ਸਮੱਸਿਆ ਹੱਲ ਹੋ ਜਾਵੇਗੀ? ਕੀ ਪ੍ਰਸ਼ਾਸਨਿਕ ਮਸ਼ੀਨਰੀ ਆਪਣੇ ਕੰਮ ਵਿਚ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਕੰਮ ਕਰੇਗੀ ਜਾਂ ਇਹ ਸਿਰਫ਼ ਫਾਈਲਾਂ ਤੱਕ ਹੀ ਸੀਮਤ ਰਹੇਗੀ?

ਜਦੋਂ ਜਮ੍ਹਾਂਖੋਰੀ ਹੁੰਦੀ ਹੈ, ਤਾਂ ਇਸਦਾ ਸਭ ਤੋਂ ਬੁਰਾ ਪ੍ਰਭਾਵ ਆਮ ਲੋਕਾਂ 'ਤੇ ਪੈਂਦਾ ਹੈ। ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ, ਜ਼ਰੂਰੀ ਵਸਤੂਆਂ ਬਾਜ਼ਾਰ ਵਿਚੋਂ ਗਾਇਬ ਹੋ ਰਹੀਆਂ ਹਨ, ਅਤੇ ਲੋਕਾਂ ਨੂੰ ਵੱਧ ਕੀਮਤਾਂ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਰਕਾਰਾਂ ਰਾਹਤ ਪੈਕੇਜਾਂ ਅਤੇ ਸਸਤੇ ਰਾਸ਼ਨ ਲਈ ਯੋਜਨਾਵਾਂ ਬਣਾਉਂਦੀਆਂ ਹਨ, ਪਰ ਲੋੜਵੰਦਾਂ ਤੱਕ ਲਾਭ ਪਹੁੰਚਾਉਣਾ ਅਕਸਰ ਇੱਕ ਚੁਣੌਤੀ ਬਣ ਜਾਂਦਾ ਹੈ। ਇਸ ਦੇ ਪਿੱਛੇ ਸਿਰਫ਼ ਭ੍ਰਿਸ਼ਟਾਚਾਰ ਹੀ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਦੀ ਘਾਟ ਵੀ ਇੱਕ ਵੱਡੀ ਸਮੱਸਿਆ ਹੈ। ਇਸ ਤੋਂ ਸਭ ਤੋਂ ਵੱਧ ਪੀੜਤ ਗਰੀਬ ਅਤੇ ਮੱਧ ਵਰਗੀ ਪਰਿਵਾਰ ਹਨ।

ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਪਰ ਕੀ ਇਹ ਵਾਅਦਾ ਹਕੀਕਤ ਵਿਚ ਬਦਲੇਗਾ? ਕੀ ਇਸ ਵਾਰ ਸਰਕਾਰੀ ਮਸ਼ੀਨਰੀ ਸੱਚਮੁੱਚ ਸਖ਼ਤ ਸਟੈਂਡ ਲਵੇਗੀ ਜਾਂ ਕੀ ਇਹ ਵੀ ਸਮੇਂ ਦੇ ਨਾਲ ਹੋਰ ਸਰਕਾਰੀ ਨਿਰਦੇਸ਼ਾਂ ਵਾਂਗ ਅਲੋਪ ਹੋ ਜਾਵੇਗਾ? ਅਸਲ ਸੁਧਾਰ ਤਾਂ ਹੀ ਸੰਭਵ ਹੈ, ਜਦੋਂ ਸਰਕਾਰ ਆਪਣੀਆਂ ਸਖ਼ਤ ਹਦਾਇਤਾਂ ਨੂੰ ਜ਼ਮੀਨੀ ਹਕੀਕਤ ਵਿਚ ਬਦਲਣ ਲਈ ਠੋਸ ਕਦਮ ਚੁੱਕੇ।

ਹਰੇਕ ਜ਼ਿਲ੍ਹੇ ਵਿਚ ਸਾਮਾਨ ਦੀ ਉਪਲਬਧਤਾ ਅਤੇ ਵੰਡ ਸੰਬੰਧੀ ਪਾਰਦਰਸ਼ੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਆਮ ਜਨਤਾ ਸਾਮਾਨ ਦੀ ਅਸਲ ਸਥਿਤੀ ਜਾਣ ਸਕੇਗੀ ਅਤੇ ਅਫਵਾਹਾਂ 'ਤੇ ਰੋਕ ਲੱਗੇਗੀ। ਡਿਜੀਟਲ ਪਲੇਟਫਾਰਮਾਂ ਅਤੇ ਟਰੈਕਿੰਗ ਪ੍ਰਣਾਲੀਆਂ ਦੀ ਵਰਤੋਂ ਕਰਕੇ ਸਟਾਕ ਅਤੇ ਕੀਮਤ ਵਿਚ ਪਾਰਦਰਸ਼ਤਾ ਲਿਆਂਦੀ ਜਾਣੀ ਚਾਹੀਦੀ ਹੈ। ਅੱਜ ਦੇ ਡਿਜੀਟਲ ਯੁੱਗ ਵਿਚ ਤਕਨੀਕੀ ਸਾਧਨਾਂ ਦੀ ਵਰਤੋਂ ਕਰਕੇ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਦੀ ਨਿਗਰਾਨੀ ਕਰਨਾ ਆਸਾਨ ਹੋ ਸਕਦਾ ਹੈ।

ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੇ ਨਾਲ-ਨਾਲ, ਉਨ੍ਹਾਂ ਦੇ ਨਾਮ ਜਨਤਕ ਤੌਰ 'ਤੇ ਉਜਾਗਰ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਲੋਕ ਅਜਿਹੀਆਂ ਗਤੀਵਿਧੀਆਂ ਤੋਂ ਦੂਰ ਰਹਿਣ। ਇਸ ਲੜਾਈ ਵਿਚ ਜਨਤਾ ਨੂੰ ਭਾਈਵਾਲ ਬਣਾਇਆ ਜਾਣਾ ਚਾਹੀਦਾ ਹੈ, ਤਾਂ ਜੋ ਕਾਲਾ ਬਾਜ਼ਾਰੀ ਕਰਨ ਵਾਲਿਆਂ ਦੀ ਆਸਾਨੀ ਨਾਲ ਪਛਾਣ ਕੀਤੀ ਜਾ ਸਕੇ। ਬਾਜ਼ਾਰ ਦੀ ਸਥਿਤੀ ਦੀ ਨਿਯਮਤ ਨਿਗਰਾਨੀ ਲਈ ਕਮਿਊਨਿਟੀ ਵਿਜੀਲੈਂਸ ਗਰੁੱਪ ਬਣਾਏ ਜਾਣੇ ਚਾਹੀਦੇ ਹਨ। ਸੰਕਟ ਦੇ ਸਮੇਂ, ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਅਤੇ ਸਬਸਿਡੀਆਂ ਰਾਹੀਂ ਰਾਹਤ ਦਿੱਤੀ ਜਾਣੀ ਚਾਹੀਦੀ ਹੈ।

ਸਿਰਫ਼ ਐਲਾਨਾਂ ਨਾਲ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ; ਸੁਧਾਰ ਸਿਰਫ਼ ਠੋਸ ਅਤੇ ਇਮਾਨਦਾਰ ਲਾਗੂ ਕਰਨ ਨਾਲ ਹੀ ਸੰਭਵ ਹੈ। ਜੇਕਰ ਸਰਕਾਰ ਸੱਚਮੁੱਚ ਕਾਲਾਬਾਜ਼ਾਰੀ 'ਤੇ ਨਕੇਲ ਕੱਸਣਾ ਚਾਹੁੰਦੀ ਹੈ, ਤਾਂ ਉਸਨੂੰ ਆਪਣੀਆਂ ਨੀਤੀਆਂ ਅਤੇ ਪ੍ਰਸ਼ਾਸਕੀ ਢਾਂਚੇ ਨੂੰ ਬਦਲਣਾ ਪਵੇਗਾ। ਨਹੀਂ ਤਾਂ, ਇਹ ਸਖ਼ਤੀ ਵੀ ਸਿਰਫ਼ ਇੱਕ 'ਖੋਖਲਾ ਨਾਅਰਾ' ਹੀ ਰਹਿ ਜਾਵੇਗੀ। ਜਨਤਾ ਨੂੰ ਵੀ ਚੌਕਸ ਰਹਿਣਾ ਪਵੇਗਾ, ਤਾਂ ਜੋ ਕੋਈ ਵੀ ਜਮ੍ਹਾਂਖੋਰ ਉਨ੍ਹਾਂ ਦੇ ਹੱਕ ਨਾ ਖੋਹ ਸਕੇ।

ਸਮੱਸਿਆਵਾਂ ਸਿਰਫ਼ ਹੁਕਮਾਂ ਅਤੇ ਐਲਾਨਾਂ ਨਾਲ ਹੱਲ ਨਹੀਂ ਹੁੰਦੀਆਂ; ਸੁਧਾਰ ਸਿਰਫ਼ ਠੋਸ ਅਤੇ ਇਮਾਨਦਾਰ ਲਾਗੂ ਕਰਨ ਨਾਲ ਹੀ ਸੰਭਵ ਹੈ। ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਮਹਿੰਗਾਈ ਅਤੇ ਕਾਲਾਬਾਜ਼ਾਰੀ ਦਾ ਮੁੱਦਾ ਸਿਰਫ਼ ਇੱਕ ਆਰਥਿਕ ਹੀ ਨਹੀਂ ਹੈ, ਸਗੋਂ ਇੱਕ ਨੈਤਿਕ ਅਤੇ ਰਾਜਨੀਤਿਕ ਚੁਣੌਤੀ ਵੀ ਹੈ। ਜਦੋਂ ਤੱਕ ਪ੍ਰਸ਼ਾਸਕੀ ਪ੍ਰਣਾਲੀ ਵਿਚ ਪਾਰਦਰਸ਼ਤਾ, ਜਵਾਬਦੇਹੀ ਅਤੇ ਇੱਛਾ ਸ਼ਕਤੀ ਨਹੀਂ ਹੁੰਦੀ, ਜ਼ਮੀਨੀ ਪੱਧਰ 'ਤੇ ਸੁਧਾਰ ਦੀ ਉਮੀਦ ਕਰਨਾ ਵਿਅਰਥ ਹੈ। ਸਰਕਾਰੀ ਨੀਤੀਆਂ ਨੂੰ ਸਿਰਫ਼ ਕਾਗਜ਼ੀ ਸਖ਼ਤੀ ਤੱਕ ਸੀਮਤ ਰੱਖਣਾ ਨਾ ਸਿਰਫ਼ ਜਨਤਾ ਨਾਲ ਵਿਸ਼ਵਾਸਘਾਤ ਹੈ, ਸਗੋਂ ਇੱਕ ਲੋਕਤੰਤਰੀ ਦੇਸ਼ ਦੇ ਮੂਲ ਸਿਧਾਂਤਾਂ ਦਾ ਵੀ ਅਪਮਾਨ ਹੈ।

ਇਸ ਤੋਂ ਇਲਾਵਾ, ਆਮ ਲੋਕਾਂ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਸਮੇਂ ਦੀ ਲੋੜ ਹੈ ਕਿ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਦੀ ਪਛਾਣ ਕਰਨ ਵਿਚ ਸਹਿਯੋਗ ਕੀਤਾ ਜਾਵੇ, ਲੋੜਵੰਦਾਂ ਦੀ ਮਦਦ ਕੀਤੀ ਜਾਵੇ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾਵੇ। ਸਮੱਸਿਆ ਸਿਰਫ਼ ਆਲੋਚਨਾ ਨਾਲ ਹੱਲ ਨਹੀਂ ਹੋਵੇਗੀ; ਸਮੂਹਿਕ ਯਤਨਾਂ ਨਾਲ ਹੀ ਇੱਕ ਸਿਹਤਮੰਦ ਅਤੇ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਨਹੀਂ ਤਾਂ ਇਹ ਸ਼ਖ਼ਤੀ ਵੀ ਸਿਰਫ਼ ਇੱਕ 'ਖੋਖਲਾ ਨਾਅਰਾ' ਹੀ ਰਹਿ ਜਾਵੇਗੀ ਅਤੇ ਆਮ ਆਦਮੀ ਦਾ ਸੰਘਰਸ਼ ਕਦੇ ਖ਼ਤਮ ਨਹੀਂ ਹੋਵੇਗਾ।

# ਰੀਲਾਂ ਅਤੇ ਸਾਹਿਤ



-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਇਨ੍ਹੀਂ ਦਿਨੀਂ, ਰੀਲਾਂ ਅਤੇ ਇਸਦੀ ਸਮੱਗਰੀ ਚੰਗੇ ਅਤੇ ਮਾੜੇ ਕਾਰਨਾਂ ਕਰਕੇ ਬਹੁਤ ਚਰਚਾ ਵਿਚ ਹੈ। ਅੱਜਕੱਲ੍ਹ ਰੀਲਾਂ ਦੇਖਣਾ ਬਹੁਤ ਮਸ਼ਹੂਰ ਹੋ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਰੀਲਜ਼ 'ਤੇ ਵਿਸ਼ਿਆਂ ਦੀ ਰੇਂਜ ਇੰਨੀ ਵਿਸ਼ਾਲ ਹੈ ਕਿ ਇਹ ਕਿਸੇ ਨੂੰ ਵੀ ਘੰਟਿਆਂਬੱਧੀ ਰੁਝਾਈ ਰੱਖ ਸਕਦੀ ਹੈ। ਹੁਣ ਹਾਲਾਤ ਅਜਿਹੇ ਹੋ ਗਏ ਹਨ ਕਿ ਰੀਲਾਂ ਵਿਚ ਦਿਖਾਈਆਂ ਗਈਆਂ ਗੱਲਾਂ ਨੂੰ ਸੱਚ ਮੰਨਿਆ ਜਾ ਰਿਹਾ ਹੈ। ਰੀਲਾਂ ਦੀ ਦੁਨੀਆਂ ਭਵਿੱਖਬਾਣੀ ਕਰਨ ਵਾਲਿਆਂ ਨਾਲ ਭਰੀ ਹੋਈ ਹੈ। ਕੁਝ ਲੋਕ ਤੁਹਾਡੇ ਨਾਮ ਦੇ ਆਧਾਰ 'ਤੇ ਤੁਹਾਡਾ ਭਵਿੱਖ ਦੱਸ ਰਹੇ ਹਨ, ਜਦੋਂ ਕਿ ਕੁਝ ਤੁਹਾਡੇ ਨਾਮ ਵਿਚ ਵਰਤੇ ਗਏ ਅੱਖਰਾਂ ਦੀ ਗਿਣਤੀ ਜੋੜ ਕੇ ਤੁਹਾਡਾ ਭਵਿੱਖ ਦੱਸ ਰਹੇ ਹਨ। ਬਹੁਤ ਸਾਰੀਆਂ ਔਰਤਾਂ ਭਵਿੱਖ ਬਾਰੇ ਗੱਲ ਕਰਦੀਆਂ ਵੀ ਦਿਖਾਈ ਦੇਣਗੀਆਂ। ਉਹ ਵੀ ਦੱਸ ਰਹੀ ਹੈ। ਦੇਵੀ ਲਕਸ਼ਮੀ ਨੂੰ ਖੁਸ਼ ਕਰਨ ਲਈ ਸ਼ੁੱਕਰਵਾਰ ਨੂੰ ਪਤੀ ਨਾਲ ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ? ਕੁਝ ਔਰਤਾਂ ਕਹਿੰਦੀਆਂ ਹਨ ਕਿ ਪਤਨੀ ਨੂੰ ਹਰ ਰੋਜ਼ ਆਪਣੇ ਪਤੀ ਦੇ ਪੈਰਾਂ ਦੀ ਮਾਲਿਸ਼ ਕਰਨੀ ਚਾਹੀਦੀ ਹੈ ਕਿਉਂਕਿ ਦੇਵੀ ਲਕਸ਼ਮੀ ਵੀ ਭਗਵਾਨ ਵਿਸ਼ਨੂੰ ਦੇ ਪੈਰਾਂ ਦੀ ਮਾਲਿਸ਼ ਕਰਦੀ ਹੈ। ਕੋਈ ਔਰਤ ਇਹ ਦੱਸਦੀ ਹੈ। ਜੇਕਰ ਤੁਸੀਂ ਇੱਕ ਖਾਸ ਨੰਬਰ ਲਿਖ ਕੇ ਆਪਣੇ ਘਰ ਦੀ ਤਿਜੋਰੀ ਵਿਚ ਰੱਖਦੇ ਹੋ ਜਾਂ ਘਰ ਵਿਚ ਪੈਸੇ ਰੱਖਣ ਵਾਲੀ ਜਗ੍ਹਾ 'ਤੇ ਇੱਕ ਖਾਸ ਨੰਬਰ ਦੇ ਨੋਟ ਲਿਖਦੇ ਹੋ, ਤਾਂ ਤੁਹਾਨੂੰ ਕਦੇ ਵੀ ਪੈਸੇ ਦੀ ਕਮੀ ਨਹੀਂ ਹੋਵੇਗੀ। ਇਸ ਤੋਂ ਇਲਾਵਾ, ਉਨ੍ਹਾਂ ਕੋਲ ਸਿਹਤ ਵਿਸ਼ੇ 'ਤੇ ਕਈ ਰੀਲਾਂ ਵੀ ਹਨ ਕਿ ਇਹ ਖਾਣਾ ਚਾਹੀਦਾ ਹੈ ਜਾਂ ਇਹ ਨਹੀਂ ਖਾਣਾ ਚਾਹੀਦਾ। ਇੰਨਾ ਹੀ ਨਹੀਂ, ਰੀਲਾਂ ਦੀ ਦੁਨੀਆਂ ਵਿਚ ਕਾਰੋਬਾਰ ਕਰਨ ਦੇ ਤਰੀਕੇ ਅਤੇ ਜਮ੍ਹਾ ਪੈਸੇ ਨੂੰ ਦੁੱਗਣਾ ਅਤੇ ਤਿੰਨ ਗੁਣਾ ਕਰਨ ਦੇ ਸੁਝਾਅ ਵੀ ਦੱਸੇ ਜਾ ਰਹੇ ਹਨ। ਇਹ ਸਭ ਕੁਝ ਇੰਨੇ ਦਿਲਚਸਪ ਢੰਗ ਨਾਲ ਦੱਸਿਆ ਗਿਆ ਹੈ ਕਿ ਦੇਖਣ ਵਾਲਾ ਮੋਬਾਈਲ ਨਾਲ ਚਿਪਕਿਆ ਰਹਿੰਦਾ ਹੈ। ਆਮ ਤੌਰ 'ਤੇ ਇਹ ਦੇਖਿਆ ਜਾਂਦਾ ਹੈ ਕਿ ਜੇਕਰ ਤੁਸੀਂ ਰੀਲਾਂ ਦੇਖਣਾ ਸ਼ੁਰੂ ਕਰਦੇ ਹੋ, ਤਾਂ ਇੱਕ ਜਾਂ ਦੋ ਘੰਟੇ ਇੰਝ ਹੀ ਲੰਘ ਜਾਂਦੇ ਹਨ। ਇਹ ਕਹਿਣ ਦੀ ਲੋੜ ਨਹੀਂ ਕਿ ਰੀਲਾਂ ਦੀ ਦੁਨੀਆਂ ਇੱਕ ਅਜਿਹੀ ਮਨੋਰੰਜਕ ਦੁਨੀਆਂ ਹੈ, ਜੋ ਲੋਕਾਂ ਨੂੰ ਇੱਕ ਬਿਹਤਰ ਭਵਿੱਖ ਦੇ ਸੁਪਨੇ ਵੀ ਦਿਖਾਉਂਦੀ ਹੈ। ਉਹ ਲੋਕਾਂ ਨੂੰ ਪੈਸਾ ਕਮਾਉਣ ਤੋਂ ਲੈ ਕੇ ਪਰਿਵਾਰ ਦੀ ਖੁਸ਼ੀ ਅਤੇ ਖੁਸ਼ਹਾਲੀ ਤੱਕ ਦੇ ਸੁਝਾਅ ਦੱਸਦੀ ਹੈ। ਇਹ ਪਤਾ ਨਹੀਂ ਕਿ ਇਹ ਸੁਝਾਅ ਕਿੰਨੇ ਸਫਲ ਹਨ, ਕਿਉਂਕਿ ਅਜਿਹਾ ਕੋਈ ਅਸਲੀ ਨਹੀਂ ਦੇਖਿਆ ਗਿਆ ਹੈ ਕਿ ਕਿਸੇ ਖਾਸ ਸੁਝਾਅ ਨੇ ਉਸਨੂੰ ਫਾਇਦਾ ਪਹੁੰਚਾਇਆ ਹੋਵੇ ਜਾਂ ਅਜੇ ਤੱਕ ਅਜਿਹਾ ਕੋਈ ਕੇਸ ਸਟੱਡੀ ਸਾਹਮਣੇ ਨਹੀਂ ਆਇਆ ਹੈ ਕਿ ਤਿਜੋਰੀ ਵਿਚ ਕੁਝ ਖਾਸ ਨੋਟ ਰੱਖਣ ਨਾਲ ਉਸਦੀ ਆਮਦਨ ਲਗਾਤਾਰ ਵਧਦੀ ਰਹੀ। ਪਰ ਹਾਂ, ਇਹ ਬਿਲਕੁਲ ਸੱਚ ਹੈ ਕਿ ਰੀਲਾਂ ਤੁਹਾਨੂੰ ਇੱਕ ਕਾਲਪਨਿਕ ਦੁਨੀਆਂ ਵਿਚ ਲੈ ਜਾਂਦੀਆਂ ਹਨ, ਜਿੱਥੇ ਸਭ ਕੁਝ ਦਿਲਚਸਪ ਅਤੇ ਭਰਮਪੂਰਨ ਲੱਗਦਾ ਹੈ। ਰੀਲਾਂ ਦੀ ਦੁਨੀਆਂ ਨੂੰ ਹਲਕੇ ਮਨੋਰੰਜਨ ਵਜੋਂ ਲਿਆ ਜਾਣਾ ਚਾਹੀਦਾ ਹੈ। ਇਹ ਵੀ ਲਿਆ ਜਾ ਰਿਹਾ ਹੈ। ਪਰ ਇਨ੍ਹੀਂ ਦਿਨੀਂ ਸਾਹਿਤ, ਕਲਾ ਅਤੇ ਕਵਿਤਾ ਨਾਲ ਸਬੰਧਤ ਕੁਝ ਅਜਿਹੀਆਂ ਭੂਮਿਕਾਵਾਂ ਦਿਖਾਈ ਦੇ ਰਹੀਆਂ ਹਨ, ਜੋ ਚਿੰਤਾਜਨਕ ਹਨ। ਹਾਲ ਹੀ ਦੇ ਸਮੇਂ ਵਿਚ, ਅਜਿਹੀਆਂ ਕਈ ਰੀਲਾਂ ਵੇਖੀਆਂ ਗਈਆਂ ਹਨ, ਜਿਨ੍ਹਾਂ ਵਿਚ ਮਸ਼ਹੂਰ ਹਸਤੀਆਂ ਕਵਿਤਾਵਾਂ ਸੁਣਾਉਂਦੀਆਂ ਦਿਖਾਈ ਦੇ ਰਹੀਆਂ ਹਨ। ਉਹ ਕਿਸੇ ਹੋਰ ਦੀ ਕਵਿਤਾ ਪੜ੍ਹਦੇ ਹਨ ਅਤੇ ਰੀਲਾਂ ਦੇ ਵਰਣਨ ਵਿਚ ਕਵੀ ਦਾ ਨਾਮ ਲਿਖਦੇ ਹਨ। ਕਵੀ ਦਾ ਨਾਮ ਰੋਲ ਵਿਚ ਕਿਤੇ ਵੀ ਨਹੀਂ ਹੈ। ਸੇਲਿਬ੍ਰਿਟੀ ਦੀ ਟੀਮ ਇਸਨੂੰ ਵੱਖ-ਵੱਖ ਇੰਟਰਨੈੱਟ ਮੀਡੀਆ ਪਲੇਟਫਾਰਮਾਂ 'ਤੇ ਪੋਸਟ ਕਰਦੀ ਹੈ ਅਤੇ 'ਅਸ਼ਵਥਾਮਾ ਹਟੋ ਨਰੋ...' ਵਾਂਗ ਹੀ ਇਮਾਨਦਾਰੀ ਨਾਲ ਵੀਡੀਓ ਦੇ ਵਰਣਨ ਵਿਚ ਕਵੀ ਦਾ ਨਾਮ ਲਿਖਦੀ ਹੈ। ਹੁੰਦਾ ਇਹ ਹੈ ਕਿ ਇਨ੍ਹਾਂ ਪਲੇਟਫਾਰਮਾਂ ਤੋਂ ਮਸ਼ਹੂਰ ਹਸਤੀਆਂ ਦੁਆਰਾ ਸੁਣਾਈਆਂ ਗਈਆਂ ਕਵਿਤਾਵਾਂ ਦੇ ਵੀਡੀਓ ਨੂੰ ਡਾਊਨਲੋਡ ਕਰਕੇ, ਉਨ੍ਹਾਂ ਦੇ ਪ੍ਰਸ਼ੰਸਕ ਇਸਨੂੰ ਦੁਬਾਰਾ ਉਸੇ ਪਲੇਟਫਾਰਮਾਂ 'ਤੇ ਸਾਂਝਾ ਕਰਨਾ ਸ਼ੁਰੂ ਕਰ ਦਿੰਦੇ ਹਨ। ਪ੍ਰਸ਼ੰਸਕ ਅਸ਼ਵਥਾਮਾ ਦੀ ਇਮਾਨਦਾਰੀ ਨੂੰ ਨਹੀਂ ਸਮਝਦੇ ਅਤੇ ਉਹ ਮਸ਼ਹੂਰ ਹਸਤੀ ਦੇ ਨਾਮ 'ਤੇ ਕਵਿਤਾ ਸਾਂਝੀ ਕਰਨਾ ਸ਼ੁਰੂ ਕਰ ਦਿੰਦੇ ਹਨ। ਲੋਕ ਦਿਨਕਰ ਜੀ ਵਰਗੇ ਮਹਾਨ ਕਵੀਆਂ ਦੀਆਂ ਕਵਿਤਾਵਾਂ ਜਾਣਦੇ ਹਨ, ਇਸ ਲਈ ਇਹ ਖੇਡ ਉਨ੍ਹਾਂ ਵਿਚ ਨਹੀਂ ਹੁੰਦੀ, ਪਰ ਬਹੁਤ ਸਾਰੇ ਉਭਰਦੇ ਕਵੀਆਂ ਦੀਆਂ ਕਵਿਤਾਵਾਂ ਮਸ਼ਹੂਰ ਹਸਤੀਆਂ ਦੇ ਨਾਮ 'ਤੇ ਪ੍ਰਸਿੱਧ ਹੋਣ ਲੱਗਦੀਆਂ ਹਨ। ਕਵੀ ਨੂੰ ਪਤਾ ਵੀ ਨਹੀਂ ਹੁੰਦਾ ਅਤੇ ਉਹ ਕਵਿਤਾ ਮਸ਼ਹੂਰ ਹਸਤੀ ਨੂੰ ਪਤਾ ਲੱਗ ਜਾਂਦੀ ਹੈ। ਰੀਲਾਂ ਦੀ ਦੁਨੀਆਂ ਵਿਚ ਇਸ ਬੇਈਮਾਨੀ ਕਾਰਨ ਬਹੁਤ ਸਾਰੀਆਂ ਸਾਹਿਤਕ ਪ੍ਰਤਿਭਾਵਾਂ ਧੁੰਦਲੀਆਂ ਹੋ ਰਹੀਆਂ ਹਨ। ਬੌਧਿਕ ਸੰਸਾਰ ਨੂੰ ਕਿਤੇ ਨਾ ਕਿਤੇ ਆਪਣਾ ਹੱਲ ਲੱਭਣਾ ਹੀ ਪਵੇਗਾ। ਇੰਟਰਨੈੱਟ ਮੀਡੀਆ 'ਤੇ ਹੜ੍ਹ ਵਾਂਗ ਚੱਲ ਰਹੀਆਂ ਇਨ੍ਹਾਂ ਰੀਲਾਂ ਕਾਰਨ ਸਾਹਿਤ ਨੂੰ ਇੱਕ ਹੋਰ ਨੁਕਸਾਨ ਹੋ ਰਿਹਾ ਹੈ, ਉਹ ਇਹ ਹੈ ਕਿ ਕਹਾਣੀਆਂ ਨੂੰ ਮਿਥਿਹਾਸਕ ਗ੍ਰੰਥਾਂ ਤੋਂ ਬਿਨਾਂ ਸੰਦਰਭ ਦੇ ਚੁੱਕ ਕੇ ਪ੍ਰਮਾਣਿਕ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ, ਜਦੋਂ ਇਲਾਹਾਬਾਦੀਆ ਮਾਮਲਾ ਸਾਹਮਣੇ ਆਇਆ, ਕੁਝ ਦਿਨਾਂ ਬਾਅਦ ਮੇਰੇ ਧਿਆਨ ਵਿਚ ਇੱਕ ਰੀਲ ਆਈ। ਇਸ ਵਿਚ ਇੱਕ ਬਹੁਤ ਮਸ਼ਹੂਰ ਵਿਅਕਤੀ ਇੱਕ ਕਹਾਣੀ ਸੁਣਾ ਰਿਹਾ ਸੀ। ਕਹਾਣੀ ਵਿਚ, ਉਹ ਦੱਸ ਰਿਹਾ ਸੀ ਕਿ ਕਾਲੀਦਾਸ ਆਪਣੀ ਕਿਤਾਬ "ਕੁਮਾਰਸੰਭਵ" ਕਿਉਂ ਨਹੀਂ ਪੂਰੀ ਕਰ ਸਕਿਆ? ਉਨ੍ਹਾਂ ਦੇ ਅਨੁਸਾਰ, ਜਦੋਂ ਕਾਲੀਦਾਸ ਕੁਮਾਰਸੰਭਾਵ ਵਿਚ ਪਾਰਵਤੀ ਅਤੇ ਸ਼ੰਕਰ ਜੀ ਦੇ ਜਿਨਸੀ ਸੰਬੰਧਾਂ ਬਾਰੇ ਲਿਖਣ ਜਾ ਰਹੇ ਸਨ, ਤਾਂ ਪਾਰਵਤੀ ਜੀ ਨੂੰ ਇਸ ਬਾਰੇ ਪਤਾ ਲੱਗਾ। ਉਸਨੇ ਸਰਸਵਤੀ ਜੀ ਨੂੰ ਬੁਲਾਇਆ ਅਤੇ ਪੁੱਛਿਆ ਕਿ ਇਹ ਕਵੀ ਕੌਣ ਹੈ ਅਤੇ ਇਹ ਕੀ ਲਿਖਣ ਜਾ ਰਿਹਾ ਹੈ। ਇਹ ਰੁਕਣਾ ਹੀ ਪਵੇਗਾ। ਫਿਰ ਇਹ ਘਟਨਾ ਕਹਾਣੀ ਸੁਣਾਉਣ ਦੇ ਅੰਦਾਜ਼ ਵਿਚ ਅੱਗੇ ਵਧਦੀ ਹੈ। ਉਹ ਅੱਗੇ ਦੱਸਦਾ ਹੈ ਕਿ ਸਰਸਵਤੀ ਜੀ ਨੇ ਗੁੱਸੇ ਵਿਚ ਆ ਕੇ ਉਸਨੂੰ ਸਰਾਪ ਦਿੱਤਾ ਅਤੇ ਉਹ ਬਿਮਾਰ ਹੋ ਗਿਆ। ਇਸ ਕਾਰਨ ਕਰਕੇ ਕੁਮਾਰਸੰਭਾਵ ਪੂਰਾ ਨਹੀਂ ਹੋ ਸਕਿਆ। ਇੱਥੇ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਾਲੀਦਾਸ ਯਕੀਨੀ ਤੌਰ 'ਤੇ ਬਿਮਾਰ ਹੋ ਗਿਆ ਸੀ। ਉਸਨੂੰ ਅਧਰੰਗ ਹੋ ਗਿਆ ਸੀ ਅਤੇ ਉਹ ਵੀ ਸਰਸਵਤੀ ਦੇ ਸਰਾਪ ਕਾਰਨ, ਪਰ ਇਹ ਤੱਥ ਕਿੱਥੋਂ ਹਵਾਲਾ ਦਿੱਤਾ ਗਿਆ ਸੀ, ਇਹ ਵੀ ਸਾਹਮਣੇ ਆਉਣਾ ਚਾਹੀਦਾ ਹੈ।

ਇਸ ਪੂਰੇ ਸੰਦਰਭ ਵਿਚ ਸ਼ਬਦ ਵੱਖਰੇ ਹੋ ਸਕਦੇ ਸਨ, ਪਰ ਅਰਥ ਇੱਕੋ ਹੀ ਸੀ। ਅਜਿਹੇ ਮਾਮਲਿਆਂ ਵਿਚ ਚਿੰਤਾਜਨਕ ਗੱਲ ਇਹ ਹੈ ਕਿ ਜਿਸ ਤਰੀਕੇ ਨਾਲ ਪੂਰੀ ਘਟਨਾ ਬਿਆਨ ਕੀਤੀ ਜਾਂਦੀ ਹੈ, ਉਹ ਭਰੋਸੇਯੋਗ ਜਾਪਦੀ ਹੈ। ਇਹ ਸੁਣ ਕੇ, ਨਵੀਂ ਪੀੜ੍ਹੀ ਦੇ ਬਹੁਤ ਸਾਰੇ ਲੋਕ ਇਸਨੂੰ ਸੱਚ ਮੰਨ ਸਕਦੇ ਹਨ, ਖਾਸ ਕਰਕੇ ਉਹ ਜੋ ਉਸਦੇ ਪ੍ਰਸ਼ੰਸਕ ਹਨ। ਇਹ ਇੱਕ ਵੱਖਰੀ ਕਿਸਮ ਦਾ ਇਤਿਹਾਸ ਸਿਰਜਦਾ ਹੈ। ਬੁੱਧੀਜੀਵੀ ਸਮਾਜ ਨੂੰ ਅਜਿਹੀਆਂ ਘਟਨਾਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਸ ਮੁੱਦੇ 'ਤੇ ਚਰਚਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਚਿੰਤਾ ਉਦੋਂ ਹੋਰ ਵੀ ਵੱਧ ਜਾਂਦੀ ਹੈ, ਜਦੋਂ ਅਜਿਹੀਆਂ ਰੀਲਾਂ ਬਣਾਉਣ ਵਾਲੇ ਲੋਕ ਮਸ਼ਹੂਰ ਹੋ ਜਾਂਦੇ ਹਨ। ਰੀਲਾਂ ਦੀ ਦੁਨੀਆ: ਤੋਂ ਪਹਿਲਾਂ, ਫੇਸਬੁੱਕ ਨੇ ਸਾਹਿਤ, ਖਾਸ ਕਰਕੇ ਕਵਿਤਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਫੇਸਬੁੱਕ ਦੀਆਂ ਲਾਈਕਸ ਅਤੇ ਟਿੱਪਣੀਆਂ ਨੇ ਕਵੀਆਂ ਅਤੇ ਸਿਰਜਣਹਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਹੁਣ ਆਲੋਚਕਾਂ ਦੀ ਲੋੜ ਨਹੀਂ ਹੈ। ਉਹ ਸਿੱਧੇ ਪਾਠਕ ਤੱਕ ਪਹੁੰਚ ਰਹੇ ਹਨ। ਅਜਿਹੇ ਲੋਕਾਂ ਦਾ ਮੰਨਣਾ ਸੀ ਕਿ ਆਲੋਚਕ ਪਾਠਕਾਂ ਤੱਕ ਪਹੁੰਚਣ ਦਾ ਇੱਕ ਮਾਧਿਅਮ ਹਨ। ਜਦੋਂ ਕਿ ਆਲੋਚਕਾਂ ਦੀ ਭੂਮਿਕਾ ਇਸ ਤੋਂ ਕਾਫ਼ੀ ਵੱਖਰੀ ਹੈ। ਆਲੋਚਕ ਰਚਨਾ ਦੇ ਅੰਦਰ ਪ੍ਰਵੇਸ਼ ਕਰਦਾ ਹੈ, ਇਸ ਦੀਆਂ ਗੰਢਾਂ ਖੋਲ੍ਹਦਾ ਹੈ ਅਤੇ ਇਸਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਉਹ ਪਾਠਕਾਂ ਨੂੰ ਰਚਨਾਵਾਂ ਦੀਆਂ ਅੰਤਰੀਵ ਭਾਵਨਾਵਾਂ ਨੂੰ ਸਰਲ ਸ਼ਬਦਾਂ ਵਿਚ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਨਾਲ ਸਿਰਜਣਹਾਰ ਅਤੇ ਪਾਠਕ ਵਿਚਕਾਰ ਇੱਕ ਅਜਿਹਾ ਸਬੰਧ ਬਣਿਆ, ਜੋ ਫੇਸਬੁੱਕ ਟਿੱਪਣੀਆਂ ਰਾਹੀਂ ਨਹੀਂ ਬਣਾਇਆ ਜਾ ਸਕਦਾ। ਫੇਸਬੁੱਕ 'ਤੇ ਆਉਣ ਵਾਲੀਆਂ ਜ਼ਿਆਦਾਤਰ ਟਿੱਪਣੀਆਂ ਪ੍ਰਸ਼ੰਸਾ ਨਾਲ ਭਰੀਆਂ ਹੁੰਦੀਆਂ ਹਨ, ਜੋ ਨਾ ਤਾਂ ਕੰਮ ਦਾ ਮੁਲਾਂਕਣ ਕਰਦੀਆਂ ਹਨ ਅਤੇ ਨਾ ਹੀ ਇਸਦੇ ਅੰਦਰ ਦਾਖਲ ਹੋ ਕੇ ਪਾਠਕਾਂ ਲਈ ਇਸ ਦੀਆਂ ਪਰਤਾਂ ਖੋਲ੍ਹਦੀਆਂ ਹਨ। ਕੁੱਲ ਮਿਲਾ ਕੇ, ਜੋ ਹਾਲਾਤ ਵਿਕਸਤ ਹੋ ਰਹੇ ਹਨ, ਉਨ੍ਹਾਂ ਵਿਚ ਲੇਖਕਾਂ ਨੂੰ ਪ੍ਰਮਾਣਿਕ ਸਰੋਤਾਂ ਦੇ ਆਧਾਰ 'ਤੇ ਤੱਥ ਪੇਸ਼ ਕਰਨ ਲਈ ਅੱਗੇ ਆਉਣਾ ਪਵੇਗਾ। ਪ੍ਰੋ. ਜਗਦੀਸ਼ਵਰ ਚਤੁਰਵੇਦੀ ਸਾਲਾਂ ਤੋਂ ਇਹ ਮੰਗ ਕਰਦੇ ਆ ਰਹੇ ਹਨ ਕਿ ਸਾਹਿਤਕਾਰਾਂ ਨੂੰ ਇੰਟਰਨੈੱਟ ਮੀਡੀਆ ਪਲੇਟਫਾਰਮਾਂ 'ਤੇ ਲਿਖਣਾ ਚਾਹੀਦਾ ਹੈ। ਉਸਦੇ ਨਾ ਲਿਖਣ ਕਾਰਨ, ਬਕਵਾਸ ਲਿਖਣ ਵਾਲੇ ਪ੍ਰਭਾਵ ਪਾ ਰਹੇ ਹਨ। ਲੇਖਕਾਂ ਨੂੰ ਤਕਨਾਲੋਜੀ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਪਾਠਕਾਂ ਤੱਕ ਪਹੁੰਚਣ ਲਈ ਇਸਦੇ ਨਵੇਂ ਮਾਧਿਅਮਾਂ ਨੂੰ ਇੱਕ ਸਾਧਨ ਵਜੋਂ ਵਰਤਣਾ ਚਾਹੀਦਾ ਹੈ।

# ਜੰਗ ਕੋਈ ਖੇਡ ਨਹੀਂ: ਸੋਸ਼ਲ ਮੀਡੀਆ ਅਤੇ ਟੀ.ਵੀ. 'ਤੇ ਭੜਕਾਊ ਰੁਝਾਨ ਕਿਉਂ?



ਚਾਨਣਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ (ਮਾਨਸਾ)
ਸੰਪਰਕ : 98768-88177
ਪੰਜਾਬ ਮੇਲ USA



ਪਿਛਲੇ ਦਿਨੀਂ ਪਹਿਲਗਾਮ ਵਿਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਤਣਾਅ ਕਾਫ਼ੀ ਵੱਧ ਗਿਆ ਹੈ। ਸਰਹੱਦਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਦੋਵੇਂ ਦੇਸ਼ ਇੱਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਅਜਿਹੇ ਸੰਵੇਦਨਸ਼ੀਲ ਸਮੇਂ ਵਿਚ, ਜਦੋਂ ਜੰਗ ਵਰਗਾ ਮਾਹੌਲ ਬਣਿਆ ਹੋਇਆ ਹੈ, ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਸੋਸ਼ਲ ਮੀਡੀਆ 'ਤੇ ਦੋਵਾਂ ਦੇਸ਼ਾਂ ਦੇ ਕੁਝ ਲੋਕ ਇਸ ਸਥਿਤੀ ਨੂੰ ਮਜ਼ਾਕ ਬਣਾ ਰਹੇ ਹਨ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਕੁਝ ਟੀ.ਵੀ. ਨਿਊਜ਼ ਚੈਨਲ ਵੀ ਭੜਕਾਊ ਅਤੇ ਡਰਾਉਣ ਵਾਲੀਆਂ ਖ਼ਬਰਾਂ ਦਿਖਾ ਰਹੇ ਹਨ, ਜਿਸ ਨਾਲ ਲੋਕਾਂ ਵਿਚ ਹੋਰ ਵੀ ਡਰ ਅਤੇ ਗੁੱਸੇ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਇਹ ਸੱਚਮੁੱਚ ਹੀ ਦੁਖਦਾਈ ਗੱਲ ਹੈ ਕਿ ਕੁਝ ਲੋਕ ਜੰਗ ਵਰਗੀ ਗੰਭੀਰ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਨਹੀਂ ਸਮਝ ਰਹੇ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਜੰਗ ਕੋਈ ਹਾਸੀ ਖੇਡ ਨਹੀਂ ਹੈ। ਜੰਗ ਆਪਣੇ ਨਾਲ ਤਬਾਹੀ, ਮੌਤਾਂ ਅਤੇ ਬੇਘਰ ਹੋਣ ਵਰਗੇ ਭਿਆਨਕ ਨਤੀਜੇ ਲੈ ਕੇ ਆਉਂਦੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਦੋਵਾਂ ਦੇਸ਼ਾਂ ਦੇ ਆਮ ਨਾਗਰਿਕਾਂ ਨੂੰ ਝੱਲਣਾ ਪੈਂਦਾ ਹੈ।

ਜੰਗ ਵਿਚ ਸਿਰਫ਼ ਸਰਹੱਦਾਂ 'ਤੇ ਲੜ ਰਹੇ ਸੈਨਿਕ ਹੀ ਨਹੀਂ ਮਰਦੇ, ਸਗੋਂ ਬੇਕਸੂਰ ਲੋਕ ਵੀ ਇਸ ਦੀ ਭੇਟ ਚੜ੍ਹਦੇ ਹਨ। ਪਰਿਵਾਰ ਉੱਜੜ ਜਾਂਦੇ ਹਨ, ਬੱਚੇ ਯਤੀਮ ਹੋ ਜਾਂਦੇ ਹਨ ਅਤੇ ਬਜ਼ੁਰਗ ਬੇਸਹਾਰਾ ਹੋ ਜਾਂਦੇ ਹਨ। ਜੰਗ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਵਿਕਾਸ ਦੇ ਕੰਮ ਰੁਕ ਜਾਂਦੇ ਹਨ ਅਤੇ ਗਰੀਬੀ ਹੋਰ ਵਧ ਜਾਂਦੀ ਹੈ।

ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਹੈ, ਜਿੱਥੇ ਲੋਕ ਆਪਣੀ ਰਾਏ ਜ਼ਾਹਰ ਕਰ ਸਕਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਕਿਸੇ ਵੀ ਗੰਭੀਰ ਮੁੱਦੇ ਦਾ ਮਜ਼ਾਕ ਉਡਾਇਆ ਜਾਵੇ। ਖਾਸ ਕਰਕੇ ਜਦੋਂ ਗੱਲ ਦੋ ਦੇਸ਼ਾਂ ਦੇ ਸੰਬੰਧਾਂ ਅਤੇ ਸੰਭਾਵਿਤ ਜੰਗ ਦੀ ਹੋਵੇ, ਤਾਂ ਸਾਨੂੰ ਬਹੁਤ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਟੀ.ਵੀ. ਚੈਨਲਾਂ ਨੂੰ ਵੀ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਅਜਿਹੀਆਂ ਖ਼ਬਰਾਂ ਦਿਖਾਉਣ ਤੋਂ ਬਚਣਾ ਚਾਹੀਦਾ ਹੈ, ਜੋ ਲੋਕਾਂ ਵਿਚ ਡਰ ਅਤੇ ਭੜਕਾਹਟ ਪੈਦਾ ਕਰਨ। ਉਨ੍ਹਾਂ ਨੂੰ ਸਹੀ ਅਤੇ ਸੰਤੁਲਿਤ ਜਾਣਕਾਰੀ ਦੇਣ 'ਤੇ ਧਿਆਨ ਦੇਣਾ ਚਾਹੀਦਾ ਹੈ।

ਸਾਨੂੰ ਇਹ ਸਮਝਣਾ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਗੁਆਂਢੀ ਦੇਸ਼ ਹਨ। ਸਾਨੂੰ ਆਪਸੀ ਸਹਿਯੋਗ ਅਤੇ ਸ਼ਾਂਤੀ ਨਾਲ ਰਹਿਣ ਦੀ ਲੋੜ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਸਿਰਫ਼ ਦੁੱਖ ਅਤੇ ਤਬਾਹੀ ਹੀ ਆਉਂਦੀ ਹੈ।

ਸੋਸ਼ਲ ਮੀਡੀਆ 'ਤੇ ਮਜ਼ਾਕ ਉਡਾਉਣ ਵਾਲੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਇਸ ਬੇਸਮਝੀ ਭਰੀ ਹਰਕਤ ਨਾਲ ਦੋਵਾਂ ਦੇਸ਼ਾਂ ਦੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ, ਜੋ ਪਹਿਲਾਂ ਹੀ ਤਣਾਅ ਅਤੇ ਡਰ ਦੇ ਮਾਹੌਲ ਵਿਚ ਜੀ ਰਹੇ ਹਨ।

ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰੀਏ ਅਤੇ ਅਜਿਹੇ ਕਿਸੇ ਵੀ ਕੰਮ ਤੋਂ ਬਚੀਏ, ਜੋ ਦੋਵਾਂ ਦੇਸ਼ਾਂ ਦੇ ਵਿਚਕਾਰ ਤਣਾਅ ਨੂੰ ਹੋਰ ਵਧਾ ਸਕਦਾ ਹੈ। ਸਾਨੂੰ ਸ਼ਾਂਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਾਦ ਰੱਖੋ, ਜੰਗ ਕਿਸੇ ਲਈ ਵੀ ਲਾਭਦਾਇਕ ਨਹੀਂ ਹੁੰਦੀ, ਇਸ ਨਾਲ ਸਿਰਫ਼ ਤੇ ਸਿਰਫ਼ ਨੁਕਸਾਨ ਹੀ ਹੁੰਦਾ ਹੈ।

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA



## ਦੁਬਈ ਸਿਟੀ ਆਫ ਗੋਲਡ

# ਮਿਲਣਗੇ ਸੋਨੇ ਦੇ ਗਹਿਣੇ, ਸਿੱਕੇ ਤੇ ਅਸ਼ਰਫੀਆਂ

### ਟੋਰਾਂਟੋ ਤੋਂ ਦੁਬਈ ਦੂਰ

ਆਪਣੇ ਪਰਿਵਾਰ ਨਾਲ ਅੱਜ ਸਵੇਰੇ 11 ਵਜੇ ਦੁਬਈ ਸਿਟੀ ਆਫ ਗੋਲਡ ਯਾਨਿ ਦੁਬਈ ਗੋਲਡ ਸੌਕ, ਯੂ.ਏ.ਈ. 'ਚ ਇੱਕ ਰਵਾਇਤੀ ਬਾਜ਼ਾਰ ਜਾਣ, ਦੇਖਣ ਤੇ ਘੁੰਮਣ ਦਾ ਮੌਕਾ ਮਿਲਿਆ। ਦੁਬਈ ਗੋਲਡ ਸੌਕ, ਉੱਤਰ ਵੱਲ ਡੇਰਾ ਬੱਸ ਸਟੈਂਡ ਦੇ ਨੇੜੇ ਹੈ। ਦੁਬਈ ਗੋਲਡ ਸੂਕ ਦੁਨੀਆਂ ਦੇ ਸਭ ਤੋਂ ਵੱਡੇ ਬਾਜ਼ਾਰਾਂ ਵਿਚੋਂ ਇੱਕ ਹੈ।

ਇਹ ਬਾਜ਼ਾਰ ਦੁਬਈ ਦੇ ਵਪਾਰਕ ਜ਼ਿਲ੍ਹੇ ਡੇਰਾ 'ਚ ਅਲ ਰਾਸ ਦੇ ਇਲਾਕੇ 'ਚ ਸਥਿਤ ਹੈ। ਇੱਥੇ ਗੋਲਡ ਦੇ ਛੋਟੇ-ਵੱਡੇ ਕਰੀਬਨ 380 ਤੋਂ ਵੱਧ ਰਿਟੇਲਰ ਹਨ। 2020 ਤੱਕ, ਕੁੱਝ ਦੁਕਾਨਾਂ ਚਾਰ ਦਹਾਕੇ ਪੁਰਾਣੀਆਂ ਸਨ। ਇਸ ਬਾਜ਼ਾਰ 'ਚ ਖਾਸ ਤੌਰ 'ਤੇ ਗੋਲਡ, ਪਲੈਟੀਨਮ ਤੇ ਡਾਇਮੰਡਜ਼ ਦੀ ਜਿਊਲਰੀ ਮਿਲਦੀ ਹੈ। ਗੋਲਡ ਸੌਕ ਨੂੰ 2-3 ਘੰਟੇ 'ਚ ਘੁੰਮਿਆ ਜਾ ਸਕਦਾ ਹੈ। ਦੁਬਈ ਗੋਲਡ ਸੌਕ ਜਾਣ ਤੋਂ ਪਹਿਲਾਂ ਆਨਲਾਈਨ ਦਿਨ ਤੇ ਬਾਜ਼ਾਰ ਖੁੱਲ੍ਹਣ ਦਾ ਟਾਈਮ ਜ਼ਰੂਰ ਚੈੱਕ ਕਰ ਲਵੋ।

ਦੁਬਈ ਗੋਲਡ ਸੌਕ ਦਾ ਇਤਿਹਾਸ 1900 ਦੇ ਦਹਾਕੇ ਦੀ ਸ਼ੁਰੂਆਤ ਦਾ ਹੈ, ਜਦੋਂ ਇਸ ਥਾਂ 'ਤੇ ਅਣਪਛਾਤੇ ਲੋਕਲ ਲੋਕਾਂ ਦਾ ਗਹਿਣਿਆਂ ਦੇ ਸਮੂਹ ਦੀਆਂ ਦੁਕਾਨਾਂ ਸਨ। 1940 'ਚ ਭਾਰਤੀ, ਅਤੇ ਇਰਾਨੀ ਵਪਾਰੀਆਂ ਨੇ ਇਸ ਥਾਂ 'ਤੇ ਸਟਾਲ ਲਗਾਉਣੇ ਸ਼ੁਰੂ ਕਰ ਦਿੱਤੇ ਅਤੇ ਵਧੇਰੇ ਲੋਕਾਂ ਲਈ ਇੱਕ ਹੱਬ ਬਣਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਹ ਆਉਂਦੇ-ਜਾਂਦੇ ਸਨ। ਪਰ 1970 ਦੇ ਦਹਾਕੇ ਦੀ ਤੇਲ ਦੀ ਉਛਾਲ ਅਸਲ ਚਮਤਕਾਰ ਸੀ, ਜਿਸਨੇ ਦੁਬਈ ਦੇ ਸੋਨਟ ਦੇ ਸੂਕ ਅੱਜ ਵਾਂਗ ਖਿੜਾ ਦਿੱਤਾ। ਬਾਜ਼ਾਰ ਨੂੰ ਸਾਲਾਂ ਦੌਰਾਣ ਕਈ ਵਾਰ ਵਿਸਥਾਰ ਅਤੇ ਮੁਰੰਮਤ ਕੀਤੀ ਗਈ, ਫਿਰ ਵੀ ਇਹ ਅਰਬੀ ਸੌਕ ਦੇ ਪੁਰਾਣੇ ਅਤੇ ਸੁਹਾਵਣੇ ਮਾਹੌਲ ਨੂੰ ਬਰਕਰਾਰ ਰੱਖਿਆ ਗਿਆ। ਕਿਹਾ ਜਾਂਦਾ ਹੈ ਕਿ ਇਸ ਮਾਰਕੀਟ ਦੇ ਵਿਕਰੇਤਾਵਾਂ 'ਚ ਰੋਜ਼ਾਨਾ ਲਗਭਗ 10 ਟਨ ਸੋਨਾ ਵੰਡਿਆ ਜਾਂਦਾ ਹੈ, ਜਿਸਨੂੰ ਕੁੱਝ ਅਤਿਕਥਨੀ ਸਮਝਦੇ ਹਨ। ਪਰ ਵਿਸ਼ਵਵਿਆਪੀ ਖਰੀਦਦਾਰਾਂ ਦੇ ਸਵਾਗਤ ਨੂੰ ਵੇਖਦਿਆਂ ਇਹ ਸੱਚ ਹੋ ਸਕਦਾ ਹੈ।

ਦੁਬਈ ਗੋਲਡ ਸੌਕ ਹੁਣ ਦੁਨੀਆਂ ਦਾ ਸਭ ਤੋਂ ਵਿਅਸਤ ਅਤੇ ਸਭ ਤੋਂ ਮਸ਼ਹੂਰ ਗਹਿਣਿਆਂ ਦੇ ਬਾਜ਼ਾਰਾਂ ਵਿਚੋਂ ਇੱਕ ਬਣ ਗਿਆ ਹੈ, ਜੋ ਕਿ ਚਮਕਦਾਰ ਅਤੇ ਸਟਾਈਲਿਸ਼ ਚੀਜ਼ਾਂ, ਲਗਜ਼ਰੀ ਗਹਿਣਿਆਂ, ਮਹਿੰਗੇ ਅਤੇ ਉਸੇ ਸਮੇਂ ਵਿਕਰੀ ਲਈ ਕਿਫਾਇਤੀ ਚੀਜ਼ਾਂ ਦੇ ਰੂਪ 'ਚ ਵਿਲੱਖਣ ਹੈ। ਅੰਦਾਜ਼ਨ ਵਿਸ਼ਵ ਦਾ 20% ਸੋਨਾ ਇਸ ਮਾਰਕੀਟ 'ਚ ਵਪਾਰ ਕਰਦਾ ਹੈ।







- ਵਿਸ਼ਵ ਭਰ 'ਚ ਸੋਨੇ ਦੀ ਕੀਮਤ ਨਿਸ਼ਚਿਤ ਹੈ ਅਤੇ ਇਸ ਤੋਂ ਘੱਟ 'ਚ ਵੇਚਿਆ ਵੀ ਨਹੀਂ ਜਾ ਸਕਦਾ। ਸੁਣਿਆ ਗਿਆ ਹੈ ਕਿ ਏਅਰਪੋਰਟ 'ਤੇ ਸੋਨਾ ਖਰੀਦਣਾ ਸਸਤਾ ਹੈ। ਹਾਲਾਂਕਿ ਡਿਊਟੀ ਫ੍ਰੀ ਗੋਲਡ ਸਸਤਾ ਨਹੀਂ ਹੈ। ਡਿਸਕਾਊਂਟ ਕੇਵਲ ਮੇਕਿੰਗ ਚਾਰਜ ਜਾਂ ਪ੍ਰੀਮੀਅਮ ਚਾਰਜ 'ਤੇ ਹੀ ਦਿੱਤਾ ਜਾਂਦਾ ਹੈ।
- ਗੋਲਡ ਸੌਕ 'ਚ ਬਾਰਗੇਨਿੰਗ, ਦੁਬਈ 'ਚ ਸੋਨੇ ਦੀ ਕੀਮਤ 'ਵਜ਼ਨ' 'ਤੇ ਤੈਅ ਕੀਤੀ ਜਾਂਦੀ ਹੈ। ਇੱਕ ਹੱਦ ਤੱਕ ਤੁਸੀਂ ਸਿਰਫ ਮੇਕਿੰਗ ਚਾਰਜ ਬਾਰੇ ਹੀ ਗੱਲ ਕਰ ਸਕਦੇ ਹੋ।
- ਦੁਬਈ ਗੋਲਡ ਸੌਕ ਨੂੰ ਦੁਬਈ ਨਗਰਪਾਲਿਕਾ ਰੇਨੋਵੇਸ਼ਨ ਕਰਨ ਦੀ ਯੋਜਨਾ ਬਣਾ ਰਹੀ ਹੈ। ਕਿਉਂਕਿ ਦੁਬਈ ਨਗਰਪਾਲਿਕਾ ਦੁਬਈ ਗੋਲਡ ਸੌਕ ਨੂੰ ਸੈਰ-ਸਪਾਟਾ ਬਣਾਉਣ ਦਾ ਯਤਨ ਕਰ ਰਹੀ ਹੈ।






- ਦੁਬਈ ਗੋਲਡ ਸੌਕ 64 ਕਿਲੋ ਵਜ਼ਨ ਵਾਲੀ ਵਿਸ਼ਵ ਦੀ ਸਭ ਤੋਂ ਵੱਡੀ ਰਿੰਗ ਦਾ ਗਿੰਨੀਜ਼ ਵਰਲਡ ਰਿਕਾਰਡ ਹੈ। ਇਹ ਟੁਕੜਾ ਦੁਬਈ ਸਥਿਤ ਤਾਇਬਾ ਦੀ ਮਲਕੀਅਤ ਹੈ।
- ਸਾਲ 2023 'ਚ, ਯੂ.ਏ.ਈ. 'ਚ ਸੋਨੇ ਦੀ ਕੀਮਤ 'ਚ ਗਿਰਾਵਟ ਆਈ। ਇੱਕ ਮਜ਼ਬੂਤ ਡਾਲਰ ਅਤੇ ਫੈਡਰਲ ਰਿਜ਼ਰਵ ਦੇ ਮੈਂਬਰਾਂ ਦੁਆਰਾ ਬੇਤੁਕੀ ਟਿਪਣੀਆਂ ਰਾਹੀਂ ਤੋਲਿਆ ਗਿਆ, ਸੋਨੇ ਦੀ ਸਪਾਟ ਕੀਮਤ 0.47% ਦੀ ਗਿਰਾਵਟ ਤੋਂ ਬਾਅਦ ਹੀ ਦੁਬਈ ਗੋਲਡ 'ਚ ਕਮੀ ਹੋ ਗਈ।
- ਦੁਬਈ 'ਚ ਸੋਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਸਸਤਾ ਹੈ। ਗੋਲਡ ਸੋਕ 'ਚ ਸੋਨੇ ਦੇ ਗਹਿਣੇ ਅਤੇ ਗੋਲਡ ਨਾਲ ਬਣੀਆਂ ਵਸਤਾਂ 'ਤੇ ਕੇਵਲ 5% ਵੈਟ ਲਗਾਇਆ ਜਾਂਦਾ ਹੈ। ਕਿਉਂਕਿ ਦੁਨੀਆਂ 'ਚ ਸੋਨੇ ਲਈ ਸਭ ਤੋਂ ਘੱਟ ਵੈਟ ਦਰਾਂ 'ਚ ਇੱਕ ਹੈ।
- ਗੋਲਡ ਦੀਆਂ ਬਣੀਆਂ ਵਸਤਾਂ ਦੀ ਕੁਆਲਿਟੀ ਨੂੰ ਯਕੀਨੀ ਬਣਾਉਣ ਵਾਸਤੇ ਦੁਬਈ ਸਰਕਾਰ ਦੇ ਇਹ ਸਭ ਕੰਟਰੋਲ 'ਚ ਹੈ। ਦੁਬਈ ਤੋਂ ਖਰੀਦਿਆ ਸੋਨੇ ਦੀ ਸ਼ੁੱਧਤਾ ਦੂਜੇ ਦੇਸ਼ਾਂ ਦੇ ਮੁਕਾਬਲੇ ਉੱਤਮ ਹੈ। ਬਾਵਜੂਦ ਇਸਦੇ ਗੋਲਡ ਦੇ ਗਹਿਣਿਆਂ ਦੀ ਕੀਮਤ ਅਤੇ ਕੈਲਕੁਲੇਸ਼ਨ ਬਾਰੇ ਖਰੀਦਦਾਰ ਨੂੰ ਵੀ ਧਿਆਣ ਰੱਖਣ ਦੀ ਲੋੜ ਹੈ।
- ਸ਼ੌਕੀਨ ਅਮੀਰ ਲੋਕ ਵਿਆਹ-ਸ਼ਾਦੀਆਂ ਲਈ ਸਪੈਸ਼ਲ ਦੁਬਈ ਤੋਂ ਆਪਣੀ ਪਸੰਦ ਦੇ ਗੋਲਡ, ਡਾਇਮੰਡ ਅਤੇ ਪਲੈਟੀਨਮ ਧਾਤੂ ਦੇ ਬਣੇ ਆਲੀਸ਼ਾਨ ਗਹਿਣੇ ਖਰੀਦਦੇ ਹਨ।
- ਜੇ ਤੁਸੀਂ ਗੋਲਡ ਨਹੀਂ ਵੀ ਖਰੀਦਨਾ, ਤਾਂ ਕੋਈ ਗੱਲ ਨਹੀਂ। ਇਸ ਦੁਬਈ ਗੋਲਡ ਸੌਕ ਦੀ ਚਮਕ-ਦਮਕ ਅਤੇ ਸ਼ਾਨਦਾਰ ਖਜ਼ਾਨੇ ਨੂੰ ਦੇਖ ਕੇ ਹੀ ਮਨ ਖੁਸ਼ ਹੋ ਜਾਂਦਾ ਹੈ। ਇੱਥੇ ਬਿਤਾਇਆ ਸਮਾਂ ਤੁਹਾਡੀ ਜ਼ਿੰਦਗੀ ਦਾ ਕਦੇ ਨਾ ਭੁੱਲਣ ਵਾਲਾ ਸ਼ਾਨਦਾਰ ਪਲ ਬਣ ਜਾਵੇਗਾ। ਅਗਲੀ ਵਾਰ ਇੱਕ ਵੱਖਰਾ ਅਨੁਭਵ ਸਾਂਝਾ ਕਰਾਂਗੇ।

# ਅਮਰ ਕਥਾਵਾਂ (ਬਾਲ ਕਹਾਣੀਆਂ)

# ਖਿਮਾ ਦੀ ਮਹਾਨਤਾ

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254
ਪੰਜਾਬ ਮੇਲ USA



ਈਸਾ ਜੀ ਦੇ ਕੋਲ ਇਕ ਵਾਰ ਉਨ੍ਹਾਂ ਦੇ ਕੁਝ ਚੇਲੇ ਇਕ ਔਰਤ ਨੂੰ ਫੜ ਕੇ ਲਿਆਏ। ਉਸ ਔਰਤ ਤੇ ਉਨ੍ਹਾਂ ਨੇ ਭੈੜੇ ਚਾਲ-ਚਲਣ, ਚੋਰੀ, ਝੂਠ ਆਦਿ ਦੇ ਇਲਜ਼ਾਮ ਲਾਏ। ਈਸਾ ਜੀ ਨੂੰ ਉਨ੍ਹਾਂ ਨੇ ਇਹ ਸਲਾਹ ਦਿੱਤੀ ਕਿ ਇਸ ਔਰਤ ਨੂੰ ਧਾਰਮਿਕ ਅਸੂਲ ਦੇ ਅਨੁਸਾਰ ਉਦੋਂ ਤੱਕ ਪੱਥਰ ਮਾਰੇ ਜਾਣ, ਜਦੋਂ ਤੱਕ ਇਹ ਮਰ ਨਹੀਂ ਜਾਂਦੀ।

ਈਸਾ ਜੀ ਨੇ ਚੇਲਿਆਂ ਦੀ ਗੱਲ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਮੁਸਕਰਾਉਂਦੇ ਹੋਏ ਬੋਲੇ, "ਠੀਕ ਹੈ! ਮੈਂ ਤੁਹਾਡੀ ਦੱਸੀ ਹੋਈ ਸਜ਼ਾ ਨਾਲ ਸਹਿਮਤ ਹਾਂ। ਸ਼ਰਤ ਇਹ ਹੈ ਕਿ ਇਸ ਔਰਤ ਨੂੰ ਸਭ ਤੋਂ ਪਹਿਲਾਂ ਉਹ ਆਦਮੀ ਪੱਥਰ ਮਾਰੇ, ਜਿਸ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਕੋਈ ਗਲਤ ਕੰਮ ਨਹੀਂ ਕੀਤਾ ਜਾਂ ਕਦੇ ਕੋਈ ਗਲਤੀ ਨਹੀਂ ਕੀਤੀ।"

ਈਸਾ ਜੀ ਦੀ ਇਹ ਗੱਲ ਸੁਣ ਕੇ ਸਾਰੇ ਸੁੰਨ-ਮਸੁੰਨ ਹੋ ਗਏ। ਕਿਸੇ ਦੀ ਵੀ ਪੱਥਰ ਚੁੱਕਣ ਦੀ ਹਿੰਮਤ ਨਾ ਹੋਈ।

ਈਸਾ ਜੀ ਨੇ ਉਸ ਔਰਤ ਨੂੰ ਆਖਿਆ, "ਜਾਹ ਬੀਬੀ! ਅੱਗੇ ਤੋਂ ਏਦਾਂ ਨਾ ਕਰੀਂ।"

ਇਤਿਹਾਸ ਦੱਸਦਾ ਹੈ ਕਿ ਉਹ ਔਰਤ ਈਸਾਈ ਧਰਮ ਦੀ ਬਹੁਤ ਵੱਡੀ ਪ੍ਰਚਾਰਕ ਬਣੀ ਅਤੇ ਉਸਦਾ ਜੀਵਨ ਬਿਲਕੁਲ ਪਵਿੱਤਰ ਹੋ ਗਿਆ।

ਈਸਾ ਜੀ ਦੇ ਜੀਵਨ ਦੀ ਇਹ ਘਟਨਾ ਸਾਨੂੰ ਸਿੱਖਿਆ ਦਿੰਦੀ ਹੈ ਕਿ ਗਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਗਲਤੀ ਨੂੰ ਖਿਮਾ ਕਰਨਾ ਬਹੁਤ ਵੱਡੀ ਗੱਲ ਹੈ। ਈਸਾਈ ਧਰਮ ਦੀ ਪਵਿੱਤਰ ਪੁਸਤਕ ਬਾਈਬਲ ਵਿਚ ਉਪਦੇਸ਼ ਦਿੱਤਾ ਗਿਆ ਹੈ ਕਿ ਦੂਜਿਆਂ ਦੀ ਅੱਖ ਵਿਚਲੇ ਕੱਖ ਨੂੰ ਦੇਖਣ ਤੋਂ ਪਹਿਲਾਂ ਆਪਣੀ ਅੱਖ ਵਿਚ ਪਏ ਸ਼ਹਿਤੀਰ ਨੂੰ ਦੇਖੋ।

ਪਿਆਰ ਨਾਲ ਜਾਂ ਇਸ਼ਾਰੇ ਨਾਲ ਕਿਸੇ ਨੂੰ ਸਮਝਾ ਦੇਣ ਦਾ ਬਹੁਤ ਜਲਦੀ ਅਸਰ ਹੁੰਦਾ ਹੈ। ਈਸਾ ਜੀ ਦੇ ਪਿਆਰ ਨਾਲ ਬੋਲੇ ਇਕ ਫ਼ਿਕਰੇ ਨੇ ਉਸ ਔਰਤ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਪਿਆਰ ਅਤੇ ਮਿਠਾਸ ਨਾਲ ਭਰੇ ਬੋਲਾਂ ਵਿਚ ਬੜੀ ਤਾਕਤ ਹੁੰਦੀ ਹੈ।

## ਅਮਲ ਕਰਨਾ ਜ਼ਰੂਰੀ ਹੈ

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਬਵੰਜਾ ਕਵੀ ਰਹਿੰਦੇ ਸਨ। ਸੁਥਰਾ ਜੀ ਇਨ੍ਹਾਂ ਵਿਚੋਂ ਇੱਕ ਸਨ। ਆਪ ਹਾਸ-ਰਸ ਭਰੇ ਸੁਭਾਅ ਵਾਲੇ ਵਿਅਕਤੀ ਸਨ। ਗੁਰੂ ਜੀ ਕਵੀਆਂ ਨਾਲ ਬੜਾ ਪਿਆਰ ਕਰਦੇ ਸਨ। ਸੁਥਰਾ ਜੀ ਦੀ ਹਾਸ-ਰਸ ਵਾਲੀ ਤਬੀਅਤ ਉਨ੍ਹਾਂ ਨੂੰ ਬਹੁਤ ਪਸੰਦ ਸੀ।

ਇਕ ਦਿਨ ਗੁਰਬਾਣੀ ਦੇ ਕਿਸੇ ਸ਼ਬਦ ਦੀ ਕਥਾ ਗ੍ਰੰਥੀ ਜੀ ਕਰ ਰਹੇ ਸਨ। ਸੰਗਤ ਚੁੱਪ-ਚਾਪ ਬੈਠੀ ਕਥਾ ਸੁਣਨ ਵਿਚ ਮਗਨ ਸੀ। ਸੁਥਰਾ ਜੀ ਵੀ ਸੰਗਤ ਵਿਚ ਹੀ ਬੈਠੇ ਸਨ। ਅਚਾਨਕ ਹੀ ਸੁਥਰਾ ਜੀ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ ਅਤੇ ਪਿੱਠ ਗੁਰੂ ਗ੍ਰੰਥ ਸਾਹਿਬ ਵੱਲ ਕਰ ਲਈ।

ਕਥਾ ਦੀ ਸਮਾਪਤੀ 'ਤੇ ਕੁਝ ਸਿੱਖਾਂ ਨੇ ਗੁਰੂ ਜੀ ਪਾਸ ਜਾ ਕੇ ਸੁਥਰਾ ਜੀ ਦੀ ਸ਼ਿਕਾਇਤ ਕਰ ਦਿੱਤੀ। ਗੁਰੂ ਜੀ ਨੇ ਸੁਥਰਾ ਜੀ ਨੂੰ ਬੁਲਾਇਆ ਅਤੇ ਪਿੱਠ ਕਰਨ ਦਾ ਕਾਰਨ ਪੁੱਛਿਆ।

ਸੁਥਰਾ ਜੀ ਨੇ ਉੱਤਰ ਦਿੱਤਾ, "ਮਹਾਰਾਜ, ਜਦੋਂ ਸ਼ਬਦ ਦੀ ਕਥਾ ਹੋ ਰਹੀ ਸੀ, ਤਾਂ ਮੇਰੇ ਮੂੰਹ 'ਤੇ ਚਪੇੜਾਂ ਵੱਜਣੀਆਂ ਸ਼ੁਰੂ ਹੋ ਗਈਆਂ। ਜਦੋਂ ਮੇਰੀਆਂ ਗੱਲ੍ਹਾਂ ਚਪੇੜਾਂ ਦੀ ਮਾਰ ਨੂੰ ਸਹਾਰ ਨਾ ਸਕੀਆਂ, ਤਾਂ ਮੈਂ ਪਿੱਠ ਕਰ ਲਈ। ਮੈਂ ਹੈਰਾਨ ਹਾਂ ਕਿ ਜਿਹੜੇ ਰੋਜ਼ ਏਨੀਆਂ ਚਪੇੜਾਂ ਖਾਂਦੇ ਹਨ, ਉਹ ਕਿਵੇਂ ਸਹਾਰੀ ਜਾਂਦੇ ਹਨ?"

ਗੁਰੂ ਜੀ ਨੇ ਸੁਥਰਾ ਜੀ ਨੂੰ ਸ਼ਾਬਾਸ਼ ਦਿੱਤੀ ਅਤੇ ਫ਼ਰਮਾਇਆ, "ਭਾਈ ਸਿੱਖੋ! ਸੁਥਰਾ ਜੀ ਨੇ ਕਥਾ ਦੇ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਿਆ ਹੈ। ਗੁਰਬਾਣੀ ਸੱਚ-ਮੁੱਚ ਸਾਨੂੰ ਝੰਜੋੜਦੀ ਹੈ, ਸੁਚੇਤ ਕਰਦੀ ਹੈ ਅਤੇ ਸਾਡੇ ਚੰਚਲ ਮਨ ਨੂੰ ਚਪੇੜਾਂ ਮਾਰਦੀ ਹੈ।"

ਉਪਰੋਕਤ ਸਾਖੀ ਤੋਂ ਸਾਨੂੰ ਬੜੀ ਵੱਡੀ ਸਿੱਖਿਆ ਮਿਲਦੀ ਹੈ ਕਿ ਸਾਨੂੰ ਗੁਰਬਾਣੀ ਦੀ ਸਿੱਖਿਆ 'ਤੇ ਅਮਲ ਕਰਨਾ ਚਾਹੀਦਾ ਹੈ। ਅਧਿਆਪਕ ਸਾਨੂੰ ਇਹ ਦੱਸਦੇ ਹਨ ਕਿ ਸਦਾ ਸੱਚ ਬੋਲਣਾ ਚਾਹੀਦਾ ਹੈ ਅਤੇ ਮਿੱਠਾ ਬੋਲਣਾ ਚਾਹੀਦਾ ਹੈ। ਪਰ ਅਸੀਂ ਇਕ ਕੰਨੋਂ ਸੁਣ ਕੇ ਦੂਜੇ ਕੰਨੋਂ ਬਾਹਰ ਕੱਢ ਦਿੰਦੇ ਹਾਂ। ਜਦੋਂ ਅਸੀਂ ਆਪਣੇ ਜੀਵਨ ਵਿਚ ਲੋਭ, ਹੰਕਾਰ ਅਤੇ ਕਰੋਧ ਨੂੰ ਅਪਨਾਇਆ ਹੋਇਆ ਹੈ, ਤਾਂ ਉਦੋਂ ਸੱਚ-ਮੁੱਚ ਹੀ ਮਹਾਂਪੁਰਸ਼ਾਂ ਦੇ ਉਪਦੇਸ਼ ਸਾਨੂੰ ਚਪੇੜਾਂ ਮਾਰਦੇ ਹਨ। ਹਮੇਸ਼ਾ ਚੰਗੀਆਂ ਗੱਲਾਂ ਸੁਣ ਕੇ ਅਤੇ ਪੜ੍ਹ ਕੇ ਉਨ੍ਹਾਂ 'ਤੇ ਸਾਨੂੰ ਅਮਲ ਕਰਨਾ ਚਾਹੀਦਾ ਹੈ।

## ਸਾਦਗੀ ਦੀ ਮਹੱਤਤਾ

ਸਵਾਮੀ ਵਿਵੇਕਾਨੰਦ ਜੀ ਸੰਸਾਰ-ਪ੍ਰਸਿੱਧ ਵਿਦਵਾਨ ਹੋਏ ਹਨ। ਆਪ ਜੀ ਦੇ ਬੋਲਣ ਦਾ ਢੰਗ ਬਹੁਤ ਹੀ ਦਿਲ-ਖਿੱਚਵਾਂ ਸੀ ਅਤੇ ਦਲੀਲ ਭਰਿਆ ਹੁੰਦਾ ਸੀ।

ਇਕ ਵਾਰ ਉਹ ਰੇਲ ਦਾ ਸਫ਼ਰ ਕਰ ਰਹੇ ਸਨ। ਹਮੇਸ਼ਾ ਵਾਂਗ ਉਨ੍ਹਾਂ ਨੇ ਧੋਤੀ-ਕੁੜਤਾ ਪਹਿਨਿਆ ਹੋਇਆ ਸੀ। ਵੇਖਣ ਨੂੰ ਬਹੁਤ ਸਿੱਧੇ-ਸਾਦੇ ਜਾਪਦੇ ਸਨ। ਨਾਲ ਬੈਠੀਆਂ ਪੜ੍ਹੀਆਂ-ਲਿਖੀਆਂ ਅੰਗਰੇਜ਼ ਸਵਾਰੀਆਂ ਉਨ੍ਹਾਂ ਵੱਲ ਦੇਖ ਕੇ ਹੱਸਦੀਆਂ ਰਹੀਆਂ। ਸਵਾਰੀਆਂ ਉਨ੍ਹਾਂ ਬਾਰੇ ਆਪੋ ਵਿਚ ਅੰਗਰੇਜ਼ੀ ਵਿਚ ਮਖੌਲ ਕਰ ਕੇ ਖੁਸ਼ ਹੁੰਦੀਆਂ ਰਹੀਆਂ। ਸਵਾਰੀਆਂ ਨੇ ਸਮਝਿਆ ਕਿ ਇਹ ਕੋਈ ਪੇਂਡੂ ਹਿੰਦੁਸਤਾਨੀ ਹੈ, ਇਸ ਨੂੰ ਕਿਹੜਾ ਅੰਗਰੇਜ਼ੀ ਆਉਂਦੀ ਹੈ।

ਸਵਾਮੀ ਜੀ ਬੜੇ ਧੀਰਜ ਨਾਲ ਉਨ੍ਹਾਂ ਦੇ ਮਖੌਲ ਚੁੱਪ ਕਰਕੇ ਸੁਣਦੇ ਰਹੇ। ਜਿਸ ਸਟੇਸ਼ਨ 'ਤੇ ਸਵਾਮੀ ਜੀ ਨੇ ਉੱਤਰਨਾ ਸੀ, ਉਹ ਆ ਗਿਆ। ਉੱਤਰਨ ਤੋਂ ਪਹਿਲਾਂ ਸਵਾਮੀ ਜੀ ਨੇ ਉਨ੍ਹਾਂ ਅੰਗਰੇਜ਼ਾਂ ਦਾ ਅੰਗਰੇਜ਼ੀ ਵਿਚ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਸਾਥ ਵਿਚ ਏਨਾ ਸੁਹਣਾ ਸਮਾਂ ਲੰਘਿਆ ਹੈ। ਸਵਾਰੀਆਂ ਸਵਾਮੀ ਜੀ ਦੇ ਮੂੰਹੋਂ ਸ਼ਾਨਦਾਰ ਅੰਗਰੇਜ਼ੀ ਭਾਸ਼ਾ ਸੁਣ ਕੇ ਦੰਗ ਰਹਿ ਗਈਆਂ। ਉਨ੍ਹਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਅਤੇ ਸ਼ਰਮਿੰਦਗੀ ਨਾਲ ਉਹ ਪਾਣੀ-ਪਾਣੀ ਹੋ ਗਈਆਂ।

ਆਖ਼ਰ ਇਕ ਵਿਅਕਤੀ ਨੇ ਸਵਾਮੀ ਜੀ ਤੋਂ ਪੁੱਛਣ ਦਾ ਹੀਆ ਕੀਤਾ, "ਤੁਹਾਨੂੰ ਸਾਡੀਆਂ ਸਭ ਗੱਲਾਂ ਸਮਝ ਆ ਰਹੀਆਂ ਸਨ, ਤਾਂ ਤੁਸੀਂ ਬੋਲੇ ਕਿਉਂ ਨਹੀਂ? ਅਸੀਂ ਬਹੁਤ ਸ਼ਰਮਿੰਦੇ ਹਾਂ।"

ਸਵਾਮੀ ਜੀ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ, "ਮੈਂ ਜਾਣਦਾ ਹਾਂ ਕਿ ਤੁਸੀਂ ਸੱਚਾਈ ਤੋਂ ਅਨਜਾਣ ਹੋ। ਮੈਂ ਆਪਣਾ ਸਮਾਂ ਅਤੇ ਸ਼ਕਤੀ ਖਫ਼ਾ ਹੋ ਕੇ ਕਿਉਂ ਗੁਆਵਾਂ? ਤੁਹਾਨੂੰ ਤਾਂ ਸਫ਼ਰ ਕਰਨ ਦੇ ਸਲੀਕੇ ਦਾ ਵੀ ਪਤਾ ਨਹੀਂ।" ਸਵਾਮੀ ਜੀ ਦੇ ਉੱਤਰ ਨੇ ਉਨ੍ਹਾਂ ਦੇ ਕੰਨਾਂ ਨੂੰ ਹੱਥ ਲੁਆ ਦਿੱਤੇ।

ਸਾਨੂੰ ਕਦੇ ਵੀ ਕਿਸੇ ਦੀ ਗਰੀਬੀ ਦਾ, ਕਿਸੇ ਦੀ ਸਾਦਗੀ ਦਾ ਜਾਂ ਕਿਸੇ ਦੇ ਭੋਲੇਪਨ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਜਿਹੜੇ ਲੋਕ ਬਾਹਰੋਂ ਸਾਦਗੀ ਵਾਲੇ ਹੁੰਦੇ ਹਨ, ਉਨ੍ਹਾਂ ਦੇ ਵਿਚਾਰ ਉੱਚੇ ਹੁੰਦੇ ਹਨ। ਉਹ ਅੰਦਰੋਂ ਰੇਸ਼ਮ ਵਰਗੇ ਸੁਹਣੇ ਹੁੰਦੇ ਹਨ।

## ਸੁਹਣੇ ਹੱਥਾਂ ਦੀ ਸੁੰਦਰਤਾ

ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਦਰਬਾਰ ਵਿਚ ਬਿਰਾਜਮਾਨ ਸਨ। ਉਨ੍ਹਾਂ ਨੇ ਪਾਣੀ ਪੀਣ ਦੀ ਇੱਛਾ ਪ੍ਰਗਟ ਕੀਤੀ। ਇਕ ਪੰਦਰਾਂ ਕੁ ਸਾਲ ਦਾ ਬੜਾ ਸੁਹਣਾ ਲੜਕਾ ਛੇਤੀ ਨਾਲ ਉੱਠਿਆ ਅਤੇ ਦੌੜ ਕੇ ਪਾਣੀ ਦਾ ਗਿਲਾਸ ਲੈ ਆਇਆ। ਗੁਰੂ ਜੀ ਨੇ ਉਸ ਲੜਕੇ ਦੇ ਨਰਮ ਅਤੇ ਸੁੰਦਰ ਹੱਥਾਂ ਵੱਲ ਇਸ਼ਾਰਾ ਕਰ ਕੇ ਪੁੱਛਿਆ, "ਕਾਕਾ! ਤੂੰ ਕਦੇ ਇਨ੍ਹਾਂ ਸੁਹਣੇ ਹੱਥਾਂ ਨਾਲ ਕੋਈ ਕੰਮ ਕੀਤਾ ਹੈ ਜਾਂ ਕਿਸੇ ਦੀ ਸੇਵਾ ਕੀਤੀ ਹੈ?"

ਲੜਕੇ ਨੇ ਜਵਾਬ ਦਿੱਤਾ, "ਮਹਾਰਾਜ, ਮੇਰੇ ਮਾਤਾ-ਪਿਤਾ ਬਹੁਤ ਅਮੀਰ ਹਨ। ਘਰ ਦਾ ਸਾਰਾ ਕੰਮ ਨੌਕਰ ਹੀ ਕਰਦੇ ਹਨ। ਖੇਤਾਂ ਵਿਚ ਵੀ ਨੌਕਰ ਹੀ ਕੰਮ ਕਰਦੇ ਹਨ। ਮੈਨੂੰ ਕਦੇ ਲੋੜ ਹੀ ਨਹੀਂ ਪਈ ਕਿ ਮੈਂ ਉੱਠ ਕੇ ਕਦੇ ਆਪ ਵੀ ਪਾਣੀ ਪੀ ਲਵਾਂ।"

ਗੁਰੂ ਜੀ ਨੇ ਹੱਥ ਵਿਚ ਫੜਿਆ ਹੋਇਆ ਪਾਣੀ ਦਾ ਗਿਲਾਸ ਪੀਣ ਤੋਂ ਨਾਂਹ ਕਰ ਦਿੱਤੀ। ਆਪ ਜੀ ਨੇ ਉਸ ਲੜਕੇ ਨੂੰ ਸਮਝਾਇਆ, "ਸੇਵਾ ਅਤੇ ਕਿਰਤ ਤੋਂ ਬਿਨਾਂ ਇਹ ਹੱਥ ਬੇਕਾਰ ਹਨ ਅਤੇ ਇਹ ਪਵਿੱਤਰ ਨਹੀਂ ਹਨ। ਅੱਜ ਤੋਂ ਹੀ ਪ੍ਰਣ ਕਰ ਲੈ ਕਿ ਤੂੰ ਇਨ੍ਹਾਂ ਹੱਥਾਂ ਨੂੰ ਸੇਵਾ ਅਤੇ ਕਿਰਤ ਵਿਚ ਲਾਵੇਂਗਾ। ਹੱਥਾਂ ਨੂੰ ਪਵਿੱਤਰ ਕਰਕੇ ਫਿਰ ਜਦੋਂ ਤੂੰ ਸਾਨੂੰ ਪਾਣੀ ਲਿਆ ਕੇ ਦੇਵੇਂਗਾ, ਤਾਂ ਅਸੀਂ ਬੜੀ ਖੁਸ਼ੀ ਨਾਲ ਉਹ ਪਾਣੀ ਪੀਆਂਗੇ।"

ਰੱਬ ਨੇ ਸਾਨੂੰ ਬੜੇ ਸੁਹਣੇ ਹੱਥ ਦਿੱਤੇ ਹੋਏ ਹਨ। ਇਨ੍ਹਾਂ ਨੂੰ ਰੱਬ ਅੱਗੇ ਜੋੜਨਾ ਵੀ ਹੈ ਅਤੇ ਇਨ੍ਹਾਂ ਦੇ ਨਾਲ ਸੇਵਾ ਕਰ ਕੇ ਕਿਰਤ ਕਰ ਕੇ, ਇਨ੍ਹਾਂ ਦੀ ਸੁੰਦਰਤਾ ਨੂੰ ਵੀ ਕਾਇਮ ਰੱਖਣਾ ਹੈ। ਸਾਡੇ ਹੱਥਾਂ ਦੀ ਅਸਲੀ ਸੁੰਦਰਤਾ ਕੰਮ ਕਰਨ ਵਿਚ ਹੀ ਹੈ ਅਤੇ ਉਹ ਵੀ ਨੇਕ ਕੰਮ ਕਰਨ ਵਿਚ।

# ਮਾਂ ਦਿਹਾੜਾ: ਮਮਤਾ ਦਾ ਅਹਿਸਾਸ



ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,
ਖਾਲਸਾ ਕਾਲਜ ਪਟਿਆਲਾ,
94176-26925
ਪੰਜਾਬ ਮੇਲ USA



ਮਾਂ ਦਿਹਾੜਾ, ਇੱਕ ਪਿਆਰਾ ਅਹਿਸਾਸ ਹੈ, ਜੋ ਮਨੁੱਖੀ ਜੀਵਨ ਵਿਚ ਮਾਂ ਦੀ ਅਹਿਮੀਅਤ ਦਾ ਸਨਮਾਨ ਕਰਦਾ ਹੈ। ਇਹ ਦੁਨੀਆਂ ਭਰ ਦੇ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ, ਇਹ ਦਿਨ ਸਿਰਫ਼ ਇੱਕ ਰਸਮ ਹੀ ਨਹੀਂ, ਸਗੋਂ ਇਹ ਕੁਰਬਾਨੀ, ਪਿਆਰ ਅਤੇ ਸ਼ਰਧਾ ਦਾ ਪ੍ਰਗਟਾਵਾ ਹੈ, ਜੋ ਮਾਵਾਂ ਆਪਣੇ ਬੱਚਿਆਂ ਦੇ ਜੀਵਨ ਵਿਚ ਪਾਉਂਦੀਆਂ ਹਨ। ਮਾਂ ਦਿਵਸ, ਉਨ੍ਹਾਂ ਔਰਤਾਂ ਪ੍ਰਤੀ ਸ਼ੁਕਰਗੁਜ਼ਾਰੀ ਅਤੇ ਧੰਨਵਾਦ ਕਰਨ ਦਾ ਇੱਕ ਮੌਕਾ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਜੀਵਨ ਦਿੱਤਾ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਪਾਲਿਆ ਅਤੇ ਉਨ੍ਹਾਂ ਦੀ ਪਛਾਣ ਨੂੰ ਆਕਾਰ ਦੇਣ ਵਿਚ ਮਦਦ ਕੀਤੀ।

ਮਾਂ ਦਿਨ ਦੀਆਂ ਜੜ੍ਹਾਂ ਪੁਰਾਤਨ ਸੱਭਿਅਤਾਵਾਂ ਤੱਕ ਫੈਲੀਆਂ ਹੋਈਆਂ ਹਨ। ਪ੍ਰਾਚੀਨ ਯੂਨਾਨ ਅਤੇ ਰੋਮ ਵਿਚ ਦੇਵੀ ਦੇਵਤਿਆਂ ਦੇ ਸਨਮਾਨ ਵਿਚ ਤਿਉਹਾਰ ਮਨਾਏ ਜਾਂਦੇ ਸਨ। ਯੂਨਾਈਟਿਡ ਕਿੰਗਡਮ ਵਿਚ, "ਮਦਰਿੰਗ ਐਤਵਾਰ" ਦੀ ਧਾਰਨਾ 16ਵੀਂ ਸਦੀ ਦੌਰਾਨ ਵਿਕਸਤ ਹੋਈ। ਇਹ ਰਵਾਇਤੀ ਤੌਰ 'ਤੇ ਚੌਥੇ ਐਤਵਾਰ ਨੂੰ ਮਨਾਇਆ ਜਾਂਦਾ ਸੀ ਅਤੇ ਇਹ ਇੱਕ ਅਜਿਹਾ ਦਿਨ ਸੀ, ਜਦੋਂ ਲੋਕ ਪੂਜਾ ਲਈ ਆਪਣੇ 'ਮਾਂ ਚਰਚ' ਵਿਚ ਵਾਪਸ ਆਉਂਦੇ ਸਨ। ਸਮੇਂ ਦੇ ਨਾਲ, ਇਹ ਬੱਚਿਆਂ ਲਈ ਆਪਣੀਆਂ ਮਾਵਾਂ ਨੂੰ ਫੁੱਲਾਂ ਅਤੇ ਛੋਟੇ ਤੋਹਫ਼ਿਆਂ ਨਾਲ ਸਨਮਾਨਿਤ ਕਰਨ ਦਾ ਮੌਕਾ ਬਣ ਗਿਆ। ਸਮਕਾਲ ਵਿਚ ਮਾਂ ਦਿਨ ਦੀ ਸ਼ੁਰੂਆਤ 20ਵੀਂ ਸਦੀ ਦੇ ਸ਼ੁਰੂ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਹੋਈ। ਅੰਨਾ ਜਾਰਵਿਸ ਨੂੰ ਮਾਂ ਦਿਹਾੜੇ ਦਾ ਸੰਸਥਾਪਕ ਮੰਨਿਆ ਜਾਂਦਾ ਹੈ। ਆਪਣੀ ਮਾਂ ਦੀ ਮੌਤ ਤੋਂ ਬਾਅਦ, ਉਸਨੇ ਸਾਰੀਆਂ ਮਾਵਾਂ ਦਾ ਸਨਮਾਨ ਕਰਨ ਲਈ ਇੱਕ ਰਾਸ਼ਟਰੀ ਦਿਨ ਸਥਾਪਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ। ਸਾਲ 1914 ਵਿਚ ਉਸਦੇ ਯਤਨਾਂ ਸਦਕਾ ਅਮਰੀਕੀ ਰਾਸ਼ਟਰਪਤੀ ਵਿਲਸਨ ਨੇ ਮਈ ਦੇ ਦੂਜੇ ਐਤਵਾਰ ਨੂੰ ਮਾਂ ਦਿਹਾੜੇ ਵਜੋਂ ਘੋਸ਼ਿਤ ਕੀਤਾ। ਮਾਂ, ਪਿਆਰ, ਹਮਦਰਦੀ ਅਤੇ ਨਿਰਸਵਾਰਥ ਸੇਵਾ ਦੀ ਪ੍ਰਤੀਕ ਹੈ। ਮਾਂ ਅਕਸਰ ਬੱਚੇ ਦੇ ਜੀਵਨ ਵਿਚ ਪਹਿਲੀ ਅਧਿਆਪਕ, ਰੱਖਿਅਕ ਅਤੇ ਮਾਰਗਦਰਸ਼ਕ ਹੁੰਦੀ ਹੈ। ਉਸਦਾ ਪ੍ਰਭਾਵ, ਜਨਮ ਤੋਂ ਪਹਿਲਾਂ ਹੀ ਸ਼ੁਰੂ ਹੁੰਦਾ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦਾ ਹੈ। ਉਹ ਜੋ ਭੂਮਿਕਾ ਨਿਭਾਉਂਦੀ ਹੈ, ਉਹ ਬੱਚੇ ਦੇ ਸਰਵਪੱਖੀ ਵਿਕਾਸ ਵਿਚ ਸਹਾਈ ਹੁੰਦੀ ਹੈ। ਬੱਚੇ ਨੂੰ ਜਨਮ ਦੇਣ ਵਾਲੀ ਮਾਂ ਤੋਂ ਇਲਾਵਾ, ਦਾਦੀਆਂ, ਚਾਚੀਆਂ ਤਾਈਆਂ ਵੀ ਸ਼ਾਮਲ ਹਨ, ਜੋ ਦੇਖਭਾਲ ਅਤੇ ਮਾਰਗਦਰਸ਼ਨ ਦੁਆਰਾ ਜੀਵਨ ਨੂੰ ਆਕਾਰ ਦਿੰਦੀਆਂ ਹਨ। ਮਾਂ ਭਾਵਨਾਤਮਕ ਤੌਰ 'ਤੇ ਪਰਿਵਾਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਮਾਵਾਂ ਉਹ ਹਨ, ਜੋ ਘਰ ਨੂੰ ਇਕੱਠਾ ਰੱਖਦੀਆਂ ਹਨ, ਮੁਸੀਬਤ ਦੇ ਸਮੇਂ ਦਿਲਾਸਾ ਦਿੰਦੀਆਂ ਹਨ ਅਤੇ ਜਦੋਂ ਬੱਚੇ ਨੂੰ ਸਭ ਤੋਂ ਵੱਧ ਲੋੜ ਹੁੰਦੀ ਹੈ, ਤਾਂ ਇਹ ਬੁੱਧੀ ਅਤੇ ਤਾਕਤ ਪ੍ਰਦਾਨ ਕਰਦੀਆਂ ਹਨ। ਮਾਂ ਦਿਨ, ਮਨਾਉਣ ਦਾ ਉਦੇਸ਼ ਹੈ ਬਿਨਾਂ ਸ਼ਰਤ, ਪਿਆਰ ਅਤੇ ਨਿਸ਼ਕਾਮ ਕਾਰਜ ਦਾ ਜਸ਼ਨ ਮਨਾਉਣਾ ਹੈ। ਪੂਰੇ ਵਿਸ਼ਵ ਵਿਚ ਮਾਂ ਦਿਨ ਵਿਆਪਕ ਤੌਰ 'ਤੇ ਮਨਾਇਆ ਜਾਂਦਾ ਹੈ ਪਰ ਇਸ ਨੂੰ ਮਨਾਉਣ ਦਾ ਤਰੀਕਾ ਸੱਭਿਆਚਾਰਕ ਰੂਪ ਵਿਚ ਹਰੇਕ ਦੇਸ਼ ਵਿਚ ਵੱਖੋ-ਵੱਖਰਾ ਹੋ ਸਕਦਾ ਹੈ। ਅਮਰੀਕਾ ਅਤੇ ਕੈਨੇਡਾ ਵਿਚ ਇਹ ਦਿਨ ਮਈ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ, ਇਸਨੂੰ ਆਮ ਤੌਰ 'ਤੇ ਫੁੱਲ, ਗ੍ਰੀਟਿੰਗ ਕਾਰਡ ਦੇ ਕੇ ਅਤੇ ਪਰਿਵਾਰਕ ਰੂਪ ਵਿਚ ਇਕੱਠੇ ਹੋ ਕੇ ਮਨਾਇਆ ਜਾਂਦਾ ਹੈ। ਭਾਰਤ ਵਿਚ ਵੀ ਇਹ ਦਿਨ ਮਈ ਦੇ ਦੂਜੇ ਐਤਵਾਰ ਨੂੰ ਰਵਾਇਤੀ ਤਰੀਕੇ ਨਾਲ ਮਨਾਇਆ ਜਾਂਦਾ ਹੈ। ਮੈਕਸੀਕੋ ਵਿਚ ਇਹ ਦਿਨ 10 ਮਈ ਨੂੰ ਮਨਾਇਆ ਜਾਂਦਾ ਹੈ। ਬੱਚੇ ਆਪਣੀਆਂ ਮਾਵਾਂ ਲਈ ਗੀਤਾਂ ਨਾਲ ਪੇਸ਼ਕਾਰੀ ਕਰਦੇ ਹਨ ਅਤੇ ਪਰਿਵਾਰ ਵਿਚ ਖਾਸ ਭੋਜਨ ਲਈ ਮਹਿਮਾਨ ਨਿਵਾਜ਼ੀ ਕੀਤੀ ਜਾਂਦੀ ਹੈ। ਇੰਗਲੈਂਡ ਵਿਚ ਇਹ ਦਿਨ, ਮਈ ਦੇ ਚੌਥੇ ਐਤਵਾਰ ਨੂੰ ਮਨਾਇਆ ਜਾਂਦਾ ਹੈ ਅਤੇ ਇਸ ਦੇ ਧਾਰਮਿਕ ਅਤੇ ਭਾਵਨਾਤਮਕ ਅਰਥ ਵੀ ਹਨ। ਜਾਪਾਨ ਵਿਚ ਬੱਚੇ ਅਕਸਰ ਆਪਣੀਆਂ ਮਾਵਾਂ ਦੀਆਂ ਤਸਵੀਰਾਂ ਖਿੱਚਦੇ ਹਨ। ਆਧੁਨਿਕ ਸਮੇਂ ਦੀ ਦੁਨੀਆਂ ਵਿਚ, ਮਾਂ ਦਿਨ, ਸਭ ਤੋਂ ਵੱਧ ਭਾਵਨਾਤਮਕ ਤੌਰ 'ਤੇ ਸਾਰੇ ਅਹਿਮ ਦਿਨਾਂ ਵਿਚੋਂ ਮਹਤਵਪੂਰਨ ਹੈ। ਪਰਿਵਾਰ ਦੇ ਬੱਚੇ ਅਤੇ ਪਰਿਵਾਰ ਇਸ ਦਿਨ ਨੂੰ ਆਪਸੀ ਸੁਨੇਹਿਆਂ, ਤੋਹਫ਼ਿਆਂ, ਫ਼ੋਨ ਕਾਲਾਂ ਅਤੇ ਇੱਕ ਦੂਜੇ ਲਈ ਸਮਾਂ ਕੱਢ ਕੇ ਮਨਾਉਂਦੇ ਹਨ। ਇਸ ਦਿਹਾੜੇ 'ਤੇ ਖਾਸ ਤੌਰ 'ਤੇ ਬਹੁਤ ਸਾਰੇ ਮਹਿੰਗੇ ਈਵੈਂਟ ਵੀ ਹੁੰਦੇ ਹਨ। ਇਸ ਦਿਨ ਰੈਸਟੋਰੈਂਟ, ਫੁੱਲਾਂ ਵਾਲੇ ਅਤੇ ਤੋਹਫ਼ੇ ਦੀਆਂ ਦੁਕਾਨਾਂ ਦੀ ਵਿਕਰੀ ਵਿਚ ਵਾਧਾ ਮਹਿਸੂਸ ਹੁੰਦਾ ਹੈ। ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮ, ਮਾਵਾਂ ਨੂੰ ਸਮਰਪਿਤ ਸ਼ਰਧਾਂਜਲੀਆਂ, ਫੋਟੋਆਂ ਅਤੇ ਭਾਵਨਾਤਮਕ ਪੋਸਟਾਂ ਨਾਲ ਆਪਣੀ ਹਾਜ਼ਰੀ ਲਵਾਉਂਦੇ ਹਨ। ਇਸ ਦਿਹਾੜੇ ਉੱਪਰ ਬਹੁਤ ਸਾਰੇ ਵਪਾਰਕ ਉਦੇਸ਼ ਦੇ ਬਾਵਜੂਦ ਵੀ ਇਹ ਦਿਨ ਡੂੰਘੇ ਭਾਵਨਾਤਮਕ ਅਹਿਸਾਸ ਦੀ ਯਾਦ ਦਿਵਾਉਂਦਾ ਹੈ, ਜੋ ਸਾਨੂੰ ਸਾਡੀ ਮਾਂ ਦੇ ਨਿਰਸਵਾਰਥ ਸੇਵਾ ਭਾਵ ਨਾਲ ਜੋੜਦਾ ਹੈ। ਇਹ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਦੀਆਂ ਮਾਂ ਦੁਆਰਾ ਕੀਤੀਆਂ ਗਈਆਂ ਕੁਰਬਾਨੀਆਂ 'ਤੇ ਵਿਚਾਰ ਕਰਨ ਲਈ ਵੀ ਉਤਸ਼ਾਹਿਤ ਕਰਦਾ ਹੈ। ਮਾਂ ਅਤੇ ਪਿਉ ਅਕਸਰ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੀਆਂ ਜ਼ਰੂਰਤਾਂ ਨੂੰ ਇੱਕ ਪਾਸੇ ਰੱਖ ਕੇ ਆਪਣੀ ਸੁਪਨਿਆਂ ਨੂੰ ਮਾਰਦੇ ਹਨ ਅਤੇ ਆਪਣੀ ਔਲਾਦ ਦੇ ਲਈ ਭਲਾ ਚਾਹੁੰਦੇ ਹਨ। ਮਾਂ ਦਿਨ ਦੇ ਭਾਵਨਾਤਮਕ ਪਹਿਲੂ ਦੇ ਤੌਰ 'ਤੇ ਬਹੁਤ ਸਾਰੇ ਲੋਕਾਂ ਲਈ, ਇਹ ਪਿਆਰ ਅਤੇ ਪ੍ਰਸ਼ੰਸਾ ਨਾਲ ਭਰਿਆ ਇੱਕ ਖੁਸ਼ੀ ਭਰਿਆ ਮੌਕਾ ਹੁੰਦਾ ਹੈ ਪਰ ਕੁੱਝ ਲਈ, ਇਹ ਇੱਕ ਕੌੜਾ-ਮਿੱਠਾ ਦਿਨ ਹੋ ਸਕਦਾ ਹੈ। ਜਿਨ੍ਹਾਂ ਲੋਕਾਂ ਨੇ ਆਪਣੀਆਂ ਮਾਵਾਂ ਨੂੰ ਗੁਆ ਦਿੱਤਾ ਹੈ, ਉਨ੍ਹਾਂ ਨੂੰ ਇਹ ਭਾਵਨਾਤਮਕ ਤੌਰ 'ਤੇ ਚੁਣੌਤੀਪੂਰਨ ਲੱਗ ਸਕਦਾ ਹੈ। ਇਹ ਮੰਨਣਾ ਮਹੱਤਵਪੂਰਨ ਹੈ ਕਿ ਮਾਂ ਦਿਨ ਦਾ ਜਸ਼ਨ ਹਰੇਕ ਲਈ ਅਹਿਮ ਹੈ ਪਰ ਪਰ ਕੁਝ ਲੋਕਾਂ ਲਈ ਇਹ ਦਿਨ ਅਸਹਿਜ ਹੋ ਸਕਦਾ ਹੈ, ਜਿਨ੍ਹਾਂ ਕੋਲ ਆਪਣੀ ਮਾਂ ਦਾ ਅਹਿਸਾਸ ਨਹੀਂ ਹੈ।

ਪਰਿਵਾਰ ਦੇ ਅੰਦਰ ਆਪਣੀ ਭੂਮਿਕਾ ਤੋਂ ਇਲਾਵਾ, ਮਾਂ ਸਮਾਜ ਦੇ ਨਿਰਮਾਣ ਵਿਚ ਬਹੁਤ ਵੱਡਾ ਯੋਗਦਾਨ ਨਿਭਾਉਂਦੀ ਹੈ। ਸਮਾਜ ਦੇ ਵਿਚ ਕੋਈ ਵੀ ਅਹਿਮ ਵਿਅਕਤੀ ਜਿਵੇਂ ਕਿ ਪੇਸ਼ੇਵਰ, ਸਿੱਖਿਅਕ, ਦੇਖਭਾਲ ਕਰਨ ਵਾਲੇ, ਨੇਤਾ ਅਤੇ ਸਮਾਜਕ ਕਾਰਕੁੰਨ ਦੀ ਸ਼ਖਸੀਅਤ ਉਸਾਰੀ ਵਿਚ ਮਾਂ ਦਾ ਵੱਡਾ ਯੋਗਦਾਨ ਹੁੰਦਾ ਹੈ। ਮਾਂ ਅਕਸਰ ਨੈਤਿਕ ਸਿੱਖਿਆ, ਚਰਿੱਤਰ ਨਿਰਮਾਣ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਰਾਹੀਂ ਆਪਣੇ ਬੱਚਿਆਂ ਦਾ ਨਿਰਮਾਣ ਕਰਦੀ ਹੈ। ਇਸ ਤੋਂ ਇਲਾਵਾ, ਦੁਨੀਆਂ ਦੇ ਕਈ ਹਿੱਸਿਆਂ ਵਿਚ, ਮਾਵਾਂ ਆਰਥਿਕ ਤੰਗੀ, ਟਕਰਾਅ ਅਤੇ ਅਸਮਾਨਤਾ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕਦੀਆਂ ਹੋਈਆਂ ਆਪਣੇ ਬੱਚਿਆਂ ਲਈ ਇੱਕ ਬਿਹਤਰ ਭਵਿੱਖ, ਯਕੀਨੀ ਬਣਾਉਣ ਲਈ ਲਗਾਤਰ ਯਤਨਸ਼ੀਲ ਹਨ।

ਤਕਨੀਕ ਦੇ ਇਸ ਸਮੇਂ ਨੇ ਮਾਂ ਦਿਨ, ਮਨਾਉਣ ਵਿਚ ਨਵੇਂ ਪਹਿਲੂ ਜੋੜੇ ਹਨ। ਵੱਖ-ਵੱਖ ਦੇਸ਼ਾਂ ਵਿਚ ਬੈਠੇ ਪਰਿਵਾਰਾਂ ਲਈ, ਵੀਡੀਓ ਕਾਲ ਅਤੇ ਡਿਜ਼ੀਟਲ ਸ਼ੁੱਭਕਾਮਨਾਵਾਂ ਨੇ ਮੇਲ-ਜੋਲ ਆਸਾਨ ਬਣਾ ਦਿੱਤਾ ਹੈ।

ਮਾਂ ਦਿਹਾੜਾ ਕੈਲੰਡਰ 'ਤੇ ਦਿੱਤਾ ਹੋਇਆ ਸਿਰਫ ਇੱਕ ਦਿਨ ਹੀ ਨਹੀਂ, ਸਗੋਂ ਇਸ ਤੋਂ ਵਧੇਰੇ ਇਹ ਪਿਆਰ, ਕੁਰਬਾਨੀ ਅਤੇ ਸਾਡੇ ਜੀਵਨ ਵਿਚ ਮਾਂ ਦੇ ਅਹਿਮ ਯੋਗਦਾਨ ਦਾ ਜਸ਼ਨ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਰੁਕੀਏ, ਸੋਚੀਏ ਅਤੇ ਉਨ੍ਹਾਂ ਔਰਤਾਂ ਪ੍ਰਤੀ ਸ਼ੁਕਰਗੁਜ਼ਾਰੀ ਪ੍ਰਗਟ ਕਰੀਏ, ਜਿਨ੍ਹਾਂ ਨੇ ਸਾਨੂੰ ਜੀਵਨ ਦਿੱਤਾ ਹੈ ਅਤੇ ਸਾਡੇ ਸੁਪਨਿਆਂ ਨੂੰ ਸਾਕਾਰ ਕੀਤਾ ਹੈ। ਮਾਂ ਦਿਨ, ਉਨ੍ਹਾਂ ਨੂੰ ਪਿਆਰ ਅਤੇ ਕਦਰ ਮਹਿਸੂਸ ਕਰਵਾਉਣ ਦਾ ਇੱਕ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ਆਓ ਇਸ ਪਿਆਰ ਨੂੰ ਇੱਕ ਦਿਨ ਤੱਕ ਸੀਮਤ ਨਾ ਰੱਖੀਏ। ਆਪਣੀ ਮਾਂ ਲਈ ਹਰ ਦਿਨ ਸਤਿਕਾਰ, ਪਿਆਰ ਅਤੇ ਦੇਖਭਾਲ ਦਾ ਪ੍ਰਗਟਾਵਾ ਕਰੀਏ।

# ਧੀ ਨੂੰ ਸਹੁਰੇ ਘਰ ਤੋਰਨ ਤੋਂ ਪਹਿਲਾਂ




ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA




ਘਰ ਚਾਹੇ ਅਮੀਰ ਦਾ ਹੋਵੇ ਜਾਂ ਗ਼ਰੀਬ ਦਾ ਪਰ ਉਸ ਘਰ ਦੀ ਧੀ ਨੇ ਸਹੁਰੇ ਜਾ ਕੇ ਵਸਣਾ ਹੁੰਦਾ ਹੈ। ਇਹ ਵੀ ਤਲਖ ਹਕੀਕਤ ਹੈ ਕਿ ਵਿਆਹ ਤੋਂ ਬਾਅਦ ਲੜਕੀ ਦਾ ਅਸਲ ਜੀਵਨ ਸ਼ੁਰੂ ਹੁੰਦਾ ਹੈ। ਭਾਵ ਉਹ ਇਕ ਨਵਾਂ ਜਨਮ ਲੈ ਕੇ ਆਪਣੇ ਆਪ ਨੂੰ ਨਵੇਂ ਢਾਂਚੇ ਮੁਤਾਬਕ ਢਾਲ਼ਦੀ ਹੈ। ਇਹ ਪ੍ਰਕਿਰਿਆ ਸਭ ਤੋਂ ਔਖੀ ਹੈ, ਜਿਸ ਨੂੰ ਆਮ ਕਰਕੇ ਅਡਜਸਟਮੈਂਟ ਆਖਿਆ ਜਾਂਦਾ ਹੈ। ਇਸ ਕਾਰਜ ਵਿਚ ਬਹੁਤ ਵਾਰੀ ਲੜਕੀਆਂ ਮਾਤ ਖਾ ਜਾਂਦੀਆਂ ਹਨ। ਕਬੀਲਦਾਰੀ ਸਭ ਤੋਂ ਵੱਡਾ ਵੇਦ ਹੈ, ਜਿਸਦਾ ਗਿਆਨ ਔਰਤ ਅਤੇ ਆਦਮੀ ਸਾਰੀ ਉਮਰ ਸਿੱਖਦੇ ਜਾਂਦੇ ਹਨ। ਇਸ ਦੇ ਬਾਵਜੂਦ ਔਰਤ ਦੀ ਭੂਮਿਕਾ ਜ਼ਿਆਦਾ ਮੰਨੀ ਜਾਂਦੀ ਹੈ, ਭਾਵ ਉਸ ਦੀ ਜ਼ਿੰਮੇਵਾਰੀ ਵੱਧ ਹੋ ਜਾਂਦੀ ਹੈ। ਮਾਪਿਆਂ ਨੂੰ ਲੋੜ ਹੈ ਕਿ ਧੀ ਨੂੰ ਸਹੁਰੇ ਘਰ ਤੋਰਨ ਤੋਂ ਪਹਿਲਾਂ ਉਸ ਨੂੰ ਉਥੇ ਵਸਣ ਦੇ ਢੰਗ ਤਰੀਕੇ ਦੀ ਸਿੱਖਿਆ ਦਿੱਤੀ ਜਾਵੇ।

ਮਾਪਿਆਂ ਨੂੰ ਲੜਕੀ ਦੇ ਕੰਨ ਵਿਚ ਇਹ ਗੱਲ ਪੱਕਿਆਂ ਕਰਨੀ ਚਾਹੀਦੀ ਹੈ ਕਿ ਉਸ ਦਾ ਅਸਲੀ ਘਰ ਸਹੁਰਾ ਘਰ ਹੀ ਹੈ। ਇਸ ਲਈ ਉਹ ਆਪਣੇ ਮੋਹ ਦਾ ਪੱਲੜਾ ਸਹੁਰੇ ਘਰ ਵਲ ਨੂੰ ਭਾਰੂ ਰੱਖੇ, ਨਹੀਂ ਤਾਂ ਕਦੀ ਵੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਸਹੁਰੇ ਘਰ ਗਈ ਮੁਟਿਆਰ ਜਦੋਂ ਸਿਰਫ ਆਪਣੇ ਮਾਪਿਆਂ ਦੀ ਹੀ ਪ੍ਰਸ਼ੰਸਾ ਕਰਦੀ ਹੈ, ਤਦ ਸੱਸਾਂ, ਨਨਾਣਾਂ ਦੇ ਮਨ ਨੂੰ ਸੱਟ ਵਜਦੀ ਹੈ, ਜੋ ਲੜਾਈ ਨੂੰ ਜਨਮ ਦਿੰਦੀ ਹੈ। ਪ੍ਰਸ਼ੰਸਾ ਸਹੁਰਿਆਂ ਦੇ ਰਿਸ਼ਤੇਦਾਰਾਂ ਲਈ ਵੀ ਓਨੀ ਹੀ ਜ਼ਰੂਰੀ ਹੈ, ਜਿੰਨੀ ਕਿ ਮਾਪਿਆਂ ਦੀ। ਰਿਸ਼ਤੇ-ਨਾਤੇ ਬਰਾਬਰੀ ਨਾਲ ਹੀ ਨਿਭਦੇ ਹਨ।

> **ਸਹੁਰੇ ਘਰ ਗਈ ਲੜਕੀ ਹਮੇਸ਼ਾ ਆਪਣੇ ਮਾਪਿਆਂ ਵੱਲ ਹੀ ਖਿਆਲ ਰੱਖਦੀ ਹੈ, ਜੋ ਸਰਾਸਰ ਗਲਤ ਹੈ। ਉਸ ਨੂੰ ਮਾਪਿਆਂ ਅਤੇ ਸਹੁਰਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ, ਤਾਂ ਕਿ ਉਹ ਇਹ ਮਹਿਸੂਸ ਨਾ ਕਰਨ ਕਿ ਸਹੁਰੇ ਘਰ ਨਾਲ ਪ੍ਰੇਮ ਨਹੀਂ ਹੈ।**

ਸਹੁਰੇ ਘਰ ਗਈ ਲੜਕੀ ਹਮੇਸ਼ਾ ਆਪਣੇ ਮਾਪਿਆਂ ਵੱਲ ਹੀ ਖਿਆਲ ਰੱਖਦੀ ਹੈ, ਜੋ ਸਰਾਸਰ ਗਲਤ ਹੈ। ਉਸ ਨੂੰ ਮਾਪਿਆਂ ਅਤੇ ਸਹੁਰਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ, ਤਾਂ ਕਿ ਉਹ ਇਹ ਮਹਿਸੂਸ ਨਾ ਕਰਨ ਕਿ ਸਹੁਰੇ ਘਰ ਨਾਲ ਪ੍ਰੇਮ ਨਹੀਂ ਹੈ। ਪ੍ਰਾਹੁਣਾਚਾਰੀ ਵੇਲੇ ਵੀ ਪਤੀ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਅਣਗੌਲਣਾ ਨਹੀਂ ਚਾਹੀਦਾ, ਸਗੋਂ ਦੋਹੀਂ ਪਾਸੀ ਬਰਾਬਰ ਆਉਂਦੇ-ਜਾਂਦੇ ਰਹਿਣਾ ਚਾਹੀਦਾ ਹੈ। ਇਕ ਹੋਰ ਵੱਡੀ ਸਮੱਸਿਆ ਜੋ ਆਮ ਘਰਾਂ ਵਿਚ ਮਿਲਦੀ ਹੈ, ਉਹ ਇਹ ਹੈ ਕਿ ਲੜਕੀ ਆਪਣੇ ਰਿਸ਼ਤੇਦਾਰਾਂ ਦੀ ਆਓ ਭਗਤ ਵਿਸ਼ੇਸ਼ ਤੌਰ 'ਤੇ ਕਰਦੀ ਹੈ, ਜਦਕਿ ਸਹੁਰਿਆਂ ਦੇ ਪ੍ਰਵਾਰ ਦੀ ਘੱਟ ਜਾਂ ਨਹੀਂ ਕਰਦੀ। ਇੰਝ ਤਾਂ ਬਹੁਤ ਵੱਡੀ ਲੜਾਈ ਸ਼ੁਰੂ ਹੋ ਜਾਂਦੀ ਹੈ, ਜੋ ਆਪਸੀ ਫਰਕ ਨੂੰ ਵਧਾਉਂਦੀ ਜਾਂਦੀ ਹੈ। ਇਕ ਸਿਆਣੀ ਮਾਂ ਨੂੰ ਚਾਹੀਦਾ ਹੈ ਕਿ ਉਹ ਇਹ ਗੱਲਾਂ ਉਸ ਨੂੰ ਆਪਣੇ ਘਰ ਵਿਚ ਹੀ ਸਿਖਾ ਦੇਵੇ। ਸੱਚ ਹੀ ਕਿਹਾ ਹੈ ਕਿ ਆਏ ਗਏ ਨੂੰ ਖਵਾਉਣ ਸਹੁਰਿਆਂ ਦਾ ਹੁੰਦਾ ਹੈ ਪਰ ਜੱਸ ਖਵਾਉਣ ਵਾਲੀ ਨੂੰਹ ਨੂੰ ਮਿਲਦਾ ਹੈ। ਇਹ ਜਸ ਕਮਾਉਣ ਵਿਚ ਲੜਕੀ ਨੂੰ ਪਿੱਛੇ ਨਹੀਂ ਰਹਿਣਾ ਚਾਹੀਦਾ। ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਦੋਨਾਂ ਪਾਸਿਆਂ ਦੇ ਰਿਸ਼ਤੇਦਾਰਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਵੇ।

ਮਾਪਿਆਂ ਨੂੰ ਇਹ ਗੱਲ ਵੀ ਜ਼ਰੂਰ ਦੱਸ ਦੇਣੀ ਚਾਹੀਦੀ ਹੈ ਕਿ ਉਸ ਨੇ ਜੋ ਕੁਝ ਵੀ ਕਰਨਾ ਹੈ, ਉਹ ਸਹੁਰੇ ਘਰ ਦੀ ਮਾਣ-ਮਰਿਯਾਦਾ ਅਨੁਸਾਰ ਕਰਨਾ ਹੈ। ਜੇਕਰ ਉਹ ਆਪਣੀ ਨਿੱਜੀ ਸੋਚ ਹੀ ਲਾਗੂ ਕਰਦੀ ਫਿਰੇਗੀ, ਉਸ ਵਿਚ ਟਕਰਾਅ ਹੋ ਸਕਦਾ ਹੈ। ਇਥੇ ਮੇਰਾ ਇਹ ਭਾਵ ਨਹੀਂ ਕਿ ਸਿਰਫ ਲੜਕੀ ਹੀ ਸਾਰਾ ਕੁਝ ਕਰੀ ਜਾਵੇ ਅਤੇ ਸਹੁਰਾ ਘਰ ਕੁਝ ਵੀ ਨਾ ਕਰੇ। ਫਰਜ਼ ਦੋਨਾਂ ਧਿਰਾਂ ਦੇ ਬਰਾਬਰ ਹਨ ਪਰ ਸਾਡੀਆਂ ਕਈ ਮਾਵਾਂ ਵੱਡੀ ਹੋ ਰਹੀ ਧੀ ਦੇ ਮਨ ਵਿਚ ਸਹੁਰੇ ਘਰ ਦਾ ਹਊਆ ਖੜ੍ਹਾ ਕਰ ਦਿੰਦੀਆਂ ਹਨ। ਇੰਝ ਲੜਕੀ ਸਹੁਰੇ ਘਰ ਵੜਦੀ ਹੀ ਆਪਣੀ ਸੱਸ ਨੂੰ ਵੈਰਨ ਸਮਝਣ ਲੱਗ ਪੈਂਦੀ ਹੈ। ਵੈਰੀ ਵਾਲਾ ਸਲੂਕ ਸੱਸ ਨੂੰ ਲੜਾਈ-ਝਗੜੇ ਲਈ ਮਜਬੂਰ ਕਰ ਦਿੰਦਾ ਹੈ। ਕੋਈ ਵੀ ਘਰ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ, ਜਦੋਂ ਤੱਕ ਉਥੇ ਬਚਤ ਨਹੀਂ ਕੀਤੀ ਜਾਂਦੀ ਕਿਉਂਕਿ ਬਚਤ ਹੀ ਭਵਿੱਖ ਦੀ ਸੁਰੱਖਿਆ ਹੈ। ਭਾਵੇਂ ਘਰ ਕਿਸੇ ਪ੍ਰਕਾਰ ਦਾ ਹੋਵੇ ਖਰਚਾ ਸੰਜਮ ਨਾਲ ਹੀ ਕਰਨਾ ਚਾਹੀਦਾ ਹੈ। ਜੋ ਲੜਕੀ ਨੂੰ ਖੁੱਲ੍ਹਾ ਖਰਚਾ ਵੀ ਮਿਲ ਰਿਹਾ ਹੈ, ਤਾਂ ਵੀ ਉਸ ਨੂੰ ਸੰਜਮ ਕਰਨਾ ਚਾਹੀਦਾ ਹੈ। ਇੰਝ ਕਰਨ ਨਾਲ ਉਸ ਦਾ ਬਾਕੀਆਂ ਤੋਂ ਪ੍ਰਭਾਵ ਬਣੇਗਾ ਕਿ ਲੜਕੀ ਬੜੀ ਸੁਘੜ ਸਿਆਣੀ ਹੈ, ਜਿਸਨੂੰ ਘਰ ਨੂੰ ਸਾਂਭਣਾ ਅਤੇ ਤਰੱਕੀ ਦੀ ਰਾਹੇ ਤੋਰਨ ਦੀ ਸਮਝ ਹੈ।

ਪਤੀ ਨੂੰ ਸਾਰੇ ਦਾ ਸਾਰਾ ਆਪਣੀ ਪਤਨੀ ਵੱਲ ਦਾ ਹੀ ਨਹੀਂ ਹੋ ਜਾਣਾ ਚਾਹੀਦਾ, ਸਗੋਂ ਘਰ ਦੇ ਬਾਕੀ ਮੈਂਬਰਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਵਿਆਹ ਤੋਂ ਬਾਅਦ ਮਾਂ ਨੂੰ ਸਮੱਸਿਆ ਆਉਂਦੀ ਹੈ ਕਿ ਪੁੱਤ ਉਨ੍ਹਾਂ ਵੱਲ ਘੱਟ ਧਿਆਨ ਦਿੰਦਾ ਹੈ। ਨਵੀਂ ਵਿਆਹੀ ਲੜਕੀ ਨੂੰ ਚਾਹੀਦਾ ਹੈ ਕਿ ਉਹ ਇਹੋ ਜਿਹਾ ਮਾਹੌਲ ਸਿਰਜੇ, ਜਿਸ ਵਿਚ ਕਿਸੇ ਨੂੰ ਇਸ ਤਰ੍ਹਾਂ ਦੀ ਸ਼ਿਕਾਇਤ ਦਾ ਮੌਕਾ ਨਾ ਮਿਲੇ ਤੇ ਮਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਹੁਣ ਉਸ ਦੀ ਪਤਨੀ ਵੀ ਹੈ, ਜਿਸ ਕਰਕੇ ਉਸ ਦੇ ਪਿਆਰ ਦਾ ਕੁਝ ਹਿੱਸਾ ਉਸ ਨੂੰ ਵੀ ਮਿਲਣਾ ਹੈ, ਜਿਹੋ ਜਿਹਾ ਘਰ ਵਿਚ ਕੰਮਕਾਜ ਹੈ, ਨਵੀਂ ਮੁਟਿਆਰ ਨੂੰ ਉਸਦੀ ਸਾਰੀ ਵਾਕਫੀਅਤ ਕੁਝ ਦਿਨਾਂ ਵਿਚ ਹੀ ਕਰ ਲੈਣੀ ਚਾਹੀਦੀ ਹੈ ਕਿਉਂਕਿ ਇਹ ਸਾਰਾ ਬੋਝ ਉਸੇ ਨੇ ਹੀ ਚੁੱਕਣਾ ਹੁੰਦਾ ਹੈ। ਅੱਜਕੱਲ੍ਹ ਤਾਂ ਸਿੰਗਲ ਫੈਮਲੀ ਸਿਸਟਮ ਚੱਲ ਪਏ ਹਨ। ਪੁਰਾਣੇ ਜ਼ਮਾਨੇ ਵਿਚ ਸਾਂਝੇ ਪਰਿਵਾਰਾਂ ਵਿਚ ਕੰਮ ਦੀ ਵੰਡ ਤੋਂ ਵੀ ਝਗੜੇ ਖੜ੍ਹੀ ਹੋ ਜਾਂਦੀ ਸੀ। ਹੋ ਸਕੇ ਤਾਂ ਸਾਰੇ ਕੰਮ ਬਦਲ ਕੇ ਕੀਤੇ ਜਾਣ, ਤਾਂ ਕਿਸੇ ਨੂੰ ਕੋਈ ਗਿਲਾ ਨਹੀਂ ਹੁੰਦਾ। ਮਾਂ ਲੜਕੀ ਨੂੰ ਬੇਲੋੜਾ ਲਾਡ ਨਾ ਕਰੇ, ਜਿਸ ਨਾਲ ਉਹ ਘਰੇਲੂ ਕੰਮਾਂ ਦੀ ਜਾਂਚ ਤੋਂ ਵੀ ਵਾਂਝੀ ਰਹਿ ਜਾਵੇ। ਰਸੋਈ ਅਤੇ ਘਰ ਨੂੰ ਸਜਾਉਣ ਦੇ ਸਾਰੇ ਕੰਮਾਂ ਵਿਚ ਨਿਪੁੰਨਤਾ ਹੋਣੀ ਬਹੁਤ ਜ਼ਰੂਰੀ ਹੈ। ਅਮੀਰ ਘਰਾਂ ਦੀਆਂ ਲੜਕੀਆਂ ਨੂੰ ਭਾਵੇਂ ਨੌਕਰ ਚਾਕਰ ਮਿਲ ਸਕਦੇ ਹਨ ਪਰ ਆਮ ਘਰਾਂ ਦੀਆਂ ਲੜਕੀਆਂ ਲਈ ਕਿ ਉਹ ਆਪਣੀ ਧੀ ਨਾਲ ਧੋਖਾ ਕਰ ਰਹੀ ਹੈ। ਇਸ ਧੋਖੇ ਤੋਂ ਬਚਣ ਲਈ ਲੜਕੀ ਨੂੰ ਖ਼ੁਦ ਵੀ ਉਪਰਾਲਾ ਕਰਕੇ ਇਹ ਗਿਆਨ ਦੀਆਂ ਗੱਲਾਂ ਹਾਸਲ ਕਰ ਲੈਣੀਆਂ ਚਾਹੀਦੀਆਂ ਹਨ। ਲੜਕੀ ਲਈ ਚਾਰ ਵੇਦ ਭਾਵ ਚਾਟੀ, ਚੁਲ੍ਹਾ, ਚਰਖਾ, ਚੱਕੀ ਦਾ ਵਿਵਹਾਰਕ ਗਿਆਨ ਹੋਣਾ ਚਾਹੀਦਾ ਹੈ, ਜੋ ਮਾਪੇ ਲੜਕੀ ਨੂੰ ਇਸ ਕਾਰਜ ਵਿਚ ਮਾਹਿਰ ਬਣਾ ਦਿੰਦੇ ਹਨ, ਉਹ ਆਪਣੀ ਲੜਕੀ ਦਾ ਸੁਖੀ ਜੀਵਨ ਖੁਸ਼ੀ ਨਾਲ ਦੇਖ ਸਕਦੇ ਹਨ। ਸੱਚ ਹੀ ਤਾਂ ਕਿਹਾ ਹੈ ਕਿ ਜਿਸ ਦੀ ਧੀ ਸੁਖੀ ਉਸ ਦੀ ਕੁਲ਼ ਸੁਖੀ।

# ਲਾਵਾਰਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਦਾ ਮੁੰਬਈ ਵਿਖੇ ਹੋਇਆ ਵਿਸ਼ੇਸ਼ ਸਨਮਾਨ



ਡਾ. ਨੌਰੰਗ ਸਿੰਘ ਮਾਂਗਟ, ਉਹਨਾਂ ਦੀ ਪਤਨੀ ਪਰਮਜੀਤ ਕੌਰ ਮਾਂਗਟ ਅਤੇ ਮੁੰਬਈ ਸਮਾਗਮ ਦੇ ਪ੍ਰਬੰਧਕ


ਡਾ. ਨੌਰੰਗ ਸਿੰਘ ਮਾਂਗਟ
ਲੁਧਿਆਣਾ
ਵਟਸਅਪ : 95018-42506
ਕੈਨੇਡਾ : 403-401- 8787
ਪੰਜਾਬ ਮੇਲ USA




ਪਿਛਲੇ ਹਫਤੇ 4 ਮਈ 2025 ਨੂੰ ਮੁੰਬਈ ਵਿਖੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਮੁੰਬਈ ਦੀਆਂ ਹੋਰ ਸਿੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਸਮਾਗਮ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਟਰਾਫੀ, ਸ਼ਾਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਨ੍ਹਾਂ ਵੱਲੋਂ ਪਿਛਲੇ 20 ਸਾਲਾਂ ਤੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਪੁਰਸਕਾਰ ਦੇਣ ਸਮੇਂ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਪੂਰਨ ਸਿੰਘ ਬਾਂਗਾ, ਪ੍ਰਧਾਨ ਐੱਚ.ਐੱਸ. ਮਹਿਤਾ, ਜਨਰਲ ਸੈਕਟਰੀ ਇੰਦਰਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਹੋਰ ਮੈਂਬਰ ਅਤੇ ਬਹੁਤ ਸਾਰੀਆਂ ਸਿੱਖ ਜੱਥੇਬੰਦੀਆਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ। ਇਹ ਸਮਾਗਮ ਮੁੰਬਈ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਦੇ ਆਡੀਟੋਰੀਅਮ ਵਿਚ ਆਯੋਜਿਤ ਕੀਤਾ ਗਿਆ ਸੀ।

ਪੀ.ਏ.ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਬੇਘਰ, ਲਾਵਾਰਸ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ।

ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿਚ ਹੁਣ 225 ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ., ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਨ੍ਹਾਂ 'ਚ ਜ਼ਿਆਦਾਤਰ ਉਹ ਹਨ, ਜਿਨ੍ਹਾਂ ਨੂੰ ਸੜਕਾਂ ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਨ੍ਹਾਂ ਸਵਾ ਦੋ ਸੌ (225) ਲਾਵਾਰਸ-ਬੇਘਰ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ, ਜਿਨ੍ਹਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ, ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ। ਸੇਵਾਦਾਰ ਇਨ੍ਹਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕੱਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ। ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਨ੍ਹਾਂ ਮਰੀਜ਼ਾਂ 'ਤੇ ਆਉਣ ਵਾਲਾ ਤਿੰਨ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚੱਲਦਾ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ) : 95018-42505; ਕੈਨੇਡਾ: 403-401-8787

# ਸਿੱਖ ਪੰਥ ਵਿਚ ਏਕਸ ਦੇ ਸਿਧਾਂਤ ਦੀ ਸਥਿਤੀ



ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
ਪੰਜਾਬ ਮੇਲ USA



ਸੰਸਾਰ ਵਿਚ ਇੱਕ ਪ੍ਰਮਾਤਮਾ ਹੀ ਹੈ ਜੋ "ਸੈਭੰ" ਹੈ, ਭਾਵ ਸਵ ਰਚਿਤ ਹੈ, ਸਵ ਸੰਪੂਰਨ ਹੈ । ਕੋਈ ਹੋਰ ਅਜਿਹਾ ਨਹੀਂ ਜੋ ਆਪਣੀ ਹੋਂਦ ਲਈ ਕਿਸੇ ਆਧਾਰ 'ਤੇ ਟਿਕਿਆ ਨਾ ਹੋਵੇ, ਕਿਸੇ ਦਾ ਰਿਣੀ ਨਾ ਹੋਵੇ। ਕਿਸੇ ਦੀ ਟੇਕ ਲੈਣਾ, ਕਿਸੇ ਦਾ ਰਿਣੀ ਹੋਣਾ ਉਸ ਦੇ ਪ੍ਰਤੀ ਜਵਾਬਦੇਹ ਬਣਾਉਂਦਾ ਹੈ। ਸਿੱਖ ਧਰਮ ਦਰਸ਼ਨ ਤਾਂ ਪੂਰਨ ਤੌਰ 'ਤੇ ਏਕਸ ਦੇ ਸਿਧਾਂਤ ਨੂੰ ਪ੍ਰਵਾਨ ਕਰਦਾ ਹੈ। ਇੱਕ ਪ੍ਰਮਾਤਮਾ, ਇੱਕ ਗੁਰੂ, ਇੱਕੋ ਗੁਰ ਸ਼ਬਦ ਗੁਰਸਿੱਖੀ ਦੀ ਆਤਮਾ ਹੈ। ਪ੍ਰਮਾਤਮਾ, ਗੁਰੂ, ਗੁਰ ਸ਼ਬਦ ਦੀ ਅਧੀਨਤਾ ਸਾਰੇ ਪੰਥ ਨੂੰ ਇੱਕ ਹੀ ਧਰਾਤਲ 'ਤੇ ਖੜ੍ਹਾ ਕਰਦੀ ਹੈ। ਕੋਈ ਵੱਡਾ ਨਹੀਂ, ਕੋਈ ਨੀਵਾਂ ਨਹੀਂ। ਗੁਰਸਿੱਖੀ ਧਾਰਨ ਕਰਨ ਲਈ ਗੁਰਸਿੱਖ ਸਾਧ ਸੰਗਤ ਦਾ ਆਸਰਾ ਲੈਂਦਾ ਹੈ "ਸਤਸੰਗਤਿ ਸਤਿਗੁਰ ਚਾਟਸਾਲ ਹੈ ਜਿਤੁ ਹਰਿ ਗੁਣ ਸਿਖਾਂ॥" ਸਾਧ ਸੰਗਤ ਵਿਚ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦੀ ਕੋਈ ਥਾਂ ਨਹੀਂ, ਇਸ ਕਾਰਣ ਸਾਧ ਸੰਗਤ ਵੀ ਏਕਸ ਦਾ ਰੂਪ ਹੀ ਮੰਨੀ ਗਈ ਹੈ। ਪ੍ਰਮਾਤਮਾ ਤੇ ਗੁਰੂ ਜਿੱਥੇ ਅਧਿਆਤਮਕ ਸੇਧ ਦੇ ਸ੍ਰੋਤ ਹਨ, ਗੁਰ ਸ਼ਬਦ ਧਾਰਮਿਕ ਤੇ ਸਮਾਜਿਕ ਵਿਵਹਾਰ ਦਾ ਮਾਰਗ ਦਰਸ਼ਕ ਹੈ। ਸਿੱਖ ਪੰਥ ਦੀ ਵਰਤਮਾਨ ਸਮੱਸਿਆ ਗੁਰ ਸ਼ਬਦ ਅੰਦਰ ਪ੍ਰਗਟ ਹੋਏ ਏਕਸ ਦੇ ਸਿਧਾਂਤ ਤੋਂ ਲਗਾਤਾਰ ਦੂਰ ਹੁੰਦੇ ਜਾਣਾ ਹੈ। ਅੱਜ ਸਿੱਖ ਪੰਥ ਅੰਦਰ ਸੱਤਾ ਦੇ ਕਈ ਕੇਂਦਰ ਬਣੇ ਨਜ਼ਰ ਆਉਂਦੇ ਹਨ। ਜਿਸ ਕੌਮ ਦੀ ਸਿਰਜਣਾ ਗੁਰੂ ਸਾਹਿਬਾਨ ਨੇ ਮਾਤਰ ਗੁਰਸਿੱਖ ਤਿਆਰ ਕਰਨ ਲਈ ਕੀਤੀ ਸੀ, ਉਸ ਕੌਮ ਵਿਚ ਕਿਤਨੇ ਹੀ ਸੰਤ, ਬਾਬੇ, ਸੰਪਰਦਾਵਾਂ ਉਭਰ ਆਇਆਂ ਹਨ। ਜਿਸ ਕੌਮ ਨੇ ਕੇਵਲ ਗੁਰੂ ਦਾ ਹੁਕਮ ਮੰਨਣਾ ਸੀ, ਉਸ ਕੌਮ ਨੂੰ ਤਖ਼ਤਾਂ ਦੇ ਹੁਕਮ ਮੰਨਣ ਦੀ ਆਦਤ ਪਾਈ ਜਾ ਰਹੀ ਹੈ। ਜਿਸ ਗੁਰਸਿੱਖ ਦਾ ਪ੍ਰਮਾਤਮਾ ਨਾਲ ਸਬੰਧ ਕਾਇਮ ਕਰਦਿਆਂ ਗੁਰੂ ਸਾਹਿਬਾਨ ਆਪ ਵੀ ਵਿਚਕਾਰ ਨਹੀਂ ਆਏ ਸਨ, ਅੱਜ ਇੱਕ ਵੱਡਾ ਵਰਗ ਵਿਕਸਿਤ ਹੋ ਚੁੱਕਿਆ ਹੈ, ਜਿਸ ਨੂੰ ਗੁਰਸਿੱਖ ਤੋਂ ਸ੍ਰੇਸ਼ਟ ਮੰਨਿਆ ਜਾ ਰਿਹਾ ਹੈ। ਏਕਸ ਦੇ ਸਿਧਾਂਤ ਦੇ ਵਿਰੁੱਧ ਵੱਗ ਰਹੀ ਇਸ ਧਾਰਾ ਨੇ ਸਿੱਖ ਪੰਥ ਅੰਦਰ ਵਿਅਕਤੀ ਵਾਦ ਨੂੰ ਜਨਮ ਦਿੱਤਾ ਹੈ। ਵਿਅਕਤੀ ਅਹਿਮ ਹੋ ਗਏ ਹਨ, ਗੁਰੂ ਗ੍ਰੰਥ ਤੇ ਗੁਰੂ ਪੰਥ ਪਿੱਛੇ ਚਲੇ ਗਏ ਹਨ। ਅੱਜ ਕੌਮ ਅੰਦਰ ਦਿੱਸ ਰਿਹਾ ਖਿਲਾਰਾ, ਆਪਸੀ ਵੈਰ ਵਿਰੋਧ ਵਿਅਕਤੀ ਵਾਦ ਦੇ ਕਾਰਣ ਹੀ ਹੈ। ਕੌਮ ਨੂੰ ਸ੍ਰੀ ਗ੍ਰੰਥ ਸਾਹਿਬ ਦੀ ਅਗਵਾਈ ਤੇ ਸੱਤਾ 'ਤੇ ਭਰੋਸਾ ਹੀ ਨਹੀਂ ਰਿਹਾ।

ਅਸੀਂ ਕੌਮ ਦਾ ਇਤਿਹਾਸ ਪੜ੍ਹਨ ਲਈ ਕਦੇ ਪੜ੍ਹਿਆ ਹੀ ਨਹੀਂ। ਇਤਿਹਾਸ ਦੂਜਿਆਂ ਨੂੰ ਸੁਣਾਉਣ ਲਈ ਯਾਦ ਕੀਤਾ ਜਾਂਦਾ ਹੈ, ਆਪਣੇ ਲਈ ਪੜ੍ਹ ਕੇ ਪ੍ਰੇਰਣਾ ਲੈਣ ਦਾ ਜਤਨ ਕਰਨਾ ਵਿਸਰ ਹੀ ਗਿਆ ਹੈ। ਕਿਸੇ ਵੀ ਮਸਲੇ ਲਈ ਵਿਅਕਤੀਆਂ ਵੱਲ ਵੇਖਣ ਦੀ ਥਾਂ ਜਦੋਂ ਵੀ ਪੰਥ ਨੇ ਗ੍ਰੰਥ ਵੱਲ ਵੇਖਿਆ ਹੈ, ਇਤਿਹਾਸ ਰਚਿਆ ਹੈ। ਇੱਕ ਸਮਾਂ ਸੀ, ਜਦੋਂ ਸ੍ਰੀ ਦਰਬਾਰ ਸਾਹਿਬ 'ਤੇ ਪੁਜਾਰੀਆਂ ਦਾ ਕਬਜ਼ਾ ਸੀ, ਜੋ ਰਵਿਦਾਸੀਏ ਸਿੱਖਾਂ ਨੂੰ ਅੰਦਰ ਆਉਣ ਤੋਂ ਰੋਕਦੇ ਸਨ। ਅੰਮ੍ਰਿਤਸਰ ਵਿਚ ਖਾਲਸਾ ਬਿਰਾਦਰੀ ਨਾਮ ਦੀ ਜੱਥੇਬੰਦੀ ਨੇ 12.10.1920 ਨੂੰ ਜੱਲਿਆਂਵਾਲਾ ਬਾਗ ਵਿਚ ਮਜਹਬੀ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਤੇ ਸ੍ਰੀ ਦਰਬਾਰ ਸਾਹਿਬ ਵਿਚ ਇਨ੍ਹਾਂ ਸਿੱਖਾਂ ਨੂੰ ਮੱਥਾ ਟਿਕਾਉਣ ਤੇ ਕੜਾਹ ਪ੍ਰਸਾਦ ਚੜ੍ਹਾਉਣ ਦਾ ਨਿਰਣਾ ਲਿਆ। ਉਨ੍ਹਾਂ ਨਾਲ ਸਰਦਾਰ ਕਰਤਾਰ ਸਿੰਘ ਝੱਬਰ ਜਿਹੇ ਆਗੂ ਵੀ ਸਨ। ਪੁਜਾਰੀਆਂ ਨੇ ਪਹਿਲਾਂ ਤਾਂ ਸਿੱਖਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਫਿਰ ਕੜਾਹ ਪ੍ਰਸਾਦ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਸੰਗਤ ਦਾ ਵੱਡਾ ਇਕੱਠ ਸੀ, ਪੁਜਾਰੀਆਂ ਦੀ ਗਿਣਤੀ ਵੀ ਕਾਫੀ ਸੀ। ਬਹੁਤ ਵਿਵਾਦ ਹੋਇਆ। ਅੰਤ ਵਿਚ ਨਿਰਣਾ ਹੋਇਆ ਕਿ ਪੰਥ ਦੇ ਗ੍ਰੰਥ ਦਾ ਹੁਕਮ ਸਵੀਕਾਰ ਕਰਨਾ ਹੀ ਪਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲਿਆ ਗਿਆ। ਹੁਕਮਨਾਮਾ ਆਇਆ "ਨਿਗੁਣੀਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥" ਇਸ ਹੁਕਮਨਾਮੇ ਨੂੰ ਮਜ਼੍ਹਬੀ ਸਿੱਖਾਂ ਦੇ ਪੱਖ ਵਿਚ ਪ੍ਰਵਾਨ ਕੀਤਾ ਗਿਆ। ਲੰਮੇ ਸਮੇਂ ਤੋਂ ਚਲਿਆ ਆ ਰਿਹਾ ਵਿਵਾਦ ਗੁਰਮਤਿ ਮਰਿਆਦਾ ਨਾਲ ਸਮਾਪਤ ਹੋ ਗਿਆ। ਇਹ ਵਿਵਾਦ ਤਾਂ ਸੁਲਝਿਆ ਜਦੋਂ ਵਿਅਕਤੀ ਵਾਦ ਨੂੰ ਪਰੇ ਕਰ ਏਕ ਗ੍ਰੰਥ ਏਕ ਪੰਥ ਦੀ ਓਟ ਲਈ ਗਈ। ਵਿਵਾਦ ਦਾ ਨਿਬੇੜਾ ਜੇ ਵਿਅਕਤੀਆਂ ਨੇ ਕਰਨਾ ਹੁੰਦਾ, ਤਾਂ ਉਨ੍ਹਾਂ ਦਾ ਹੰਕਾਰ ਹੀ ਟਕਰਾਉਂਦਾ ਰਹਿੰਦਾ। ਕੋਈ ਸ਼ੰਕਾ ਹੋਵੇ, ਕੋਈ ਮਸਲਾ ਹੋਵੇ, ਕੋਈ ਫੈਸਲਾ ਲੈਣਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਵਿਚ ਆਉਣ, ਹੁਕਮਨਾਮੇ ਰਾਹੀਂ ਨਿਦਾਨ ਪ੍ਰਾਪਤ ਕਰਨ ਤੋਂ ਸ੍ਰੇਸ਼ਟ ਤੇ ਭਰੋਸੇਮੰਦ ਹੋਰ ਕੋਈ ਵਿਧੀ ਨਹੀਂ ਹੈ, ਜਿਸ ਨੂੰ ਕੌਮ ਨੇ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਨਿਆਂ ਦੀ ਆਸ, ਸੇਧ ਦੀ ਕਾਮਨਾ ਕਿਸੇ ਵਿਵਸਥਾ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ। ਜੇ ਵਿਵਸਥਾ ਦੀ ਥਾਂ ਵਿਅਕਤੀ ਲੈ ਲਵੇ, ਤਾਂ ਹੰਕਾਰ ਤੇ ਲੋਭ ਪ੍ਰਧਾਨ ਹੋ ਜਾਂਦਾ ਹੈ। ਪਿਛਲੇ ਕਈਂ ਦਹਾਕਿਆਂ ਤੋਂ ਕੌਮ ਅੰਦਰ ਇਹੋ ਹੋ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਨਮਾਨ ਇੱਕ ਸੰਸਥਾ ਵਜੋਂ ਸੀ। ਸੰਸਥਾ ਦੀ ਥਾਂ ਜਦੋਂ ਜੱਥੇਦਾਰ ਮਹੱਤਵਪੂਰਨ ਹੋ ਗਏ ਜਾਂ ਬਣਾ ਦਿੱਤੇ ਗਏ, ਤਾਂ ਮੁਸ਼ਕਿਲਾਂ ਆਉਣੀਆਂ ਹੀ ਸਨ। ਅੱਜ ਵਿਵਾਦ ਸੰਸਥਾ ਦੀ ਮਹੱਤਤਾ, ਕਾਰਜ ਪ੍ਰਣਾਲੀ ਦਾ ਨਹੀਂ ਰਿਹਾ, ਵਿਅਕਤੀਆਂ ਦਾ ਹੋ ਗਿਆ ਹੈ। ਬੇਸ਼ੱਕ ਕਿਸੇ ਵਿਵਸਥਾ ਵਿਚ ਵਿਅਕਤੀਆਂ ਦੀ ਭੂਮਿਕਾ ਹੁੰਦੀ ਹੈ, ਪਰ ਵਿਅਕਤੀ ਵਿਵਸਥਾ ਪ੍ਰਣਾਲੀ ਅਨੁਸਾਰ ਚੱਲਦੇ ਹਨ। ਕਿਸੇ ਵਿਅਕਤੀ ਦੀ ਮਹੱਤਤਾ ਉਦੋਂ ਤੱਕ ਹੀ ਹੈ, ਜਦੋਂ ਤੱਕ ਉਹ ਪ੍ਰਣਾਲੀ ਅਨੁਸਾਰ ਚੱਲ ਰਿਹਾ ਹੈ। ਸਿੱਖ ਪੰਥ ਅੰਦਰ ਇੱਕੋ ਪ੍ਰਣਾਲੀ ਹੈ ਗੁਰੂ ਗ੍ਰੰਥ ਤੇ ਗੁਰੂ ਪੰਥ। ਇਸ ਪ੍ਰਣਾਲੀ ਵਿਚ ਕਿਸੈ ਵਿਅਕਤੀ ਜਾਂ ਕਿਸੇ ਸੰਸਥਾ ਦੀ ਸਰਵਉੱਚਤਾ ਲਈ ਕੋਈ ਥਾਂ ਨਹੀਂ ਹੈ।

ਵਿਅਕਤੀ ਸਿੱਖ ਪੰਥ ਵਿਚ ਕਦੇ ਵੀ ਮਹੱਤਵਪੂਰਨ ਨਹੀਂ ਰਹੇ। ਗੁਰੂ ਕਾਲ਼ ਵਿਚ ਭਾਈ ਗੁਰਦਾਸ ਜੀ ਨੂੰ ਆਪਣੇ ਸਿਦਕ 'ਤੇ ਮਾੜਾ ਜਿਹਾ ਗੁਮਾਨ ਹੋਇਆ ਸੀ, ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਕੈਦੀ ਵਾਂਗੂੰ ਪੇਸ਼ ਹੋਣਾ ਪਿਆ ਸੀ। ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੂੰ ਗਾਇਨ ਕਲਾ ਦਾ ਗੁਮਾਨ ਹੋਇਆ, ਤਾਂ ਖੱਜਲ ਖੁਆਰੀ ਤੋਂ ਬਾਅਦ ਆਪਣੀ ਭੁੱਲ ਬਖਸ਼ਵਾਉਣੀ ਪਈ ਸੀ। ਗੁਰੂ ਨਾਨਕ ਸਾਹਿਬ ਦੀ ਸਿੱਖੀ ਨੇ ਕਦੇ ਪੰਥ ਅੰਦਰ ਕੋਈ ਥਾਂ ਖਾਲੀ ਨਹੀਂ ਰਹਿਣ ਦਿੱਤੀ। ਪੰਜਾਬ ਵਿਚ ਸਿੱਖਾਂ ਦੇ ਹਮਦਰਦ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਅੰਗਰੇਜ਼ ਹਕੂਮਤ ਨੇ ਸਾਜ਼ਿਸ਼ ਕਰ ਗੱਦੀ ਤੋਂ ਉਤਾਰ ਦਿੱਤਾ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਾ ਲਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਖੰਡਿਤ ਹੋ ਗਿਆ ਸੀ। 25-25 ਸਿੱਖਾਂ ਦੇ ਸ਼ਾਂਤਮਈ ਜੱਥੇ ਜੈਤੋ ਜਾਂਦੇ ਰਹੇ ਪਰ ਸਰਕਾਰ ਅੜੀ ਰਹੀ। ਫੈਸਲਾ ਹੋਇਆ ਕਿ 500-500 ਦੇ ਸ਼ਹੀਦੀ ਜੱਥੇ ਭੇਜੇ ਜਾਣ। ਪਹਿਲੇ ਸ਼ਹੀਦੀ ਜੱਥੇ ਨੇ 9 ਫਰਵਰੀ, ਸੰਨ 1924 ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਣਾ ਸੀ। ਇਸ ਜੱਥੇ ਦਾ ਜੱਥੇਦਾਰ ਸਰਦਾਰ ਉਧਮ ਸਿੰਘ ਨੂੰ ਬਣਾਇਆ ਗਿਆ ਸੀ। ਸਾਰੇ ਵੱਡੇ ਆਗੂ ਪਹਿਲਾਂ ਹੀ ਕੈਦ ਕੀਤੇ ਜਾ ਚੁੱਕੇ ਸਨ। ਜੱਥੇ ਦਾ ਪ੍ਰੋਗਰਾਮ ਫੇਲ ਕਰਨ ਲਈ 8 ਫਰਵਰੀ ਦੀ ਰਾਤ ਨੂੰ ਸਰਦਾਰ ਊਧਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰ ਕੁਝ ਘੰਟਿਆਂ ਵਿਚ ਹੀ ਨਵਾਂ ਜੱਥੇਦਾਰ ਬਣ ਗਿਆ ਤੇ ਜੱਥਾ ਆਪਣੇ ਮਿੱਥੇ ਸਮੇਂ 'ਤੇ ਹੀ ਰਵਾਨਾ ਹੋਇਆ। ਵਿਅਕਤੀ ਨਹੀਂ ਮਿਸ਼ਨ ਮਹੱਤਵਪੂਰਨ ਸੀ। ਜੱਥੇ ਨੇ ਆਗੂ ਨਹੀਂ, ਭਾਵਨਾ ਦੇ ਤਹਿਤ ਰਵਾਨਾ ਹੋਣਾ ਸੀ। ਜੈਤੋ ਮੋਰਚਾ ਜੋ ਸੰਸਾਰ ਦਾ ਸਭ ਤੋਂ ਲੰਬਾ ਮੋਰਚਾ ਸੀ, ਤਾਂ ਸਫਲ ਹੋਇਆ ਕਿਉਂਕਿ ਇੱਕ ਗ੍ਰੰਥ , ਇੱਕ ਪੰਥ ਦੀ ਭਾਵਨਾ ਨਾਲ ਲਾਇਆ ਗਿਆ। ਅੱਜ ਵਿਅਕਤੀਆਂ ਨੂੰ ਪੰਥ ਮੰਨ ਲਿਆ ਗਿਆ ਹੈ। ਨਿਚਲੇ ਪੱਧਰ ਤੋਂ ਲੈ ਕੇ ਸਿਖਰ ਤੱਕ ਵਿਅਕਤੀ ਹੀ ਹਨ, ਵਿਵਸਥਾ ਜੋ ਗੁਰੂ ਸਾਹਿਬਾਨ ਨੇ ਸਥਾਪਿਤ ਕੀਤੀ, ਬਸ ਦਰਸ਼ਨੀ ਬਣ ਕੇ ਰਹਿ ਗਈ ਹੈ। ਗ੍ਰੰਥੀ ਸਿੰਘ, ਰਾਗੀ ਸਿੰਘ, ਕਥਾਵਾਚਕ, ਗੁਰਦੁਆਰਿਆਂ ਦੇ ਪ੍ਰਬੰਧਕ, ਬਾਬੇ, ਸੰਤ, ਸੰਪਰਦਾਵਾਂ ਆਦਿਕ ਸਾਰੇ ਮਿਲ ਕੇ ਪੰਥ ਹੋ ਗਏ ਹਨ। ਇਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਹੋਵੇਗੀ। ਇਨ੍ਹਾਂ ਅੱਗੇ ਲੱਖਾਂ ਸਿੱਖ ਭਾਵੇਂ "ਗੁਰੂ ਰੂਪ ਸਾਧ ਸੰਗਤ ਜੀ" ਦੀ ਉਪਮਾ ਨਾਲ ਸੰਬੋਧਿਤ ਹੁੰਦੇ ਹੋਣ ਪਰ ਅਪ੍ਰਸੰਗਿਕ ਬਣ ਕੇ ਰਹਿ ਗਏ ਹਨ, ਜਿਨ੍ਹਾਂ ਦੀ ਪੰਥ ਵਿਚ ਨਾ ਕੋਈ ਰਾਇ ਹੈ, ਨਾ ਹਿੱਸੇਦਾਰੀ।

ਕੋਈ ਵਿਵਸਥਾ ਕਾਫੀ ਸਮੇਂ ਤੋਂ ਚੱਲਦੀ ਆ ਰਹੀ ਹੈ, ਇਸ ਆਧਾਰ 'ਤੇ ਕਿਸੇ ਵਿਵਸਥਾ ਨੂੰ ਚੱਲਦੇ ਰਹਿਣ ਦੇਣਾ ਚਾਹੀਦਾ ਹੈ, ਜੇ ਉਸ ਦਾ ਕੋਈ ਲਾਭ ਹੀ ਨਾ ਹੋਵੇ ਜਾਂ ਲਾਭ ਘੱਟ ਤੇ ਹਾਨੀ ਜ਼ਿਆਦਾ ਹੋਵੇ। ਪੰਥ ਵਿਚ ਨਾ ਇਸ ਬਾਰੇ ਕੋਈ ਚਿੰਤਨ ਹੈ, ਨਾ ਹੀ ਫੈਸਲੇ ਲੈਣ ਦੀ ਇੱਛਾ ਸ਼ਕਤੀ ਦਿੱਸ ਰਹੀ ਹੈ। ਗੁਰੂ ਅਮਰਦਾਸ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਵੱਖ-ਵੱਖ ਥਾਵਾਂ 'ਤੇ ਮੰਜੀਆਂ ਸਥਾਪਿਤ ਕੀਤੀਆਂ ਸਨ ਤੇ ਚੋਣਵੇਂ ਸਿੱਖਾਂ ਨੂੰ ਜ਼ਿੰਮੇਦਾਰੀ ਦੇ ਕੇ ਭੇਜਿਆ। ਸਮਾਂ ਆਇਆ ਜਦੋਂ ਭਾਵਨਾ ਤੇ ਮਿਸ਼ਨ ਪਰੇ ਹੋ ਗਿਆ, ਵਿਅਕਤੀ ਵਾਦ ਪਨਪਣ ਲੱਗ ਪਿਆ। ਇਹ ਮਸੰਦ ਅਖਵਾਉਣ ਲੱਗ ਪਏ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਮਸੰਦ ਪ੍ਰਥਾ ਦਾ ਹੀ ਅੰਤ ਕਰ ਦਿੱਤਾ ਕਿਉਂਕਿ ਇਹ ਆਪਣਾ ਮਕਸਦ ਗੁਆ ਚੁੱਕੀ ਸੀ। ਕਿਸੇ ਪ੍ਰੰਪਰਾ, ਵਿਵਸਥਾ ਦਾ ਆਪਣੇ ਮੁੱਢਲੇ ਮਕਸਦ ਤੋਂ ਦੂਰ ਹੋ ਜਾਣਾ ਉਸ ਨੂੰ ਅਰਥਹੀਣ ਬਣਾ ਦਿੰਦਾ ਹੈ। ਸਿੱਖ ਸੰਸਥਾਵਾਂ ਦੇ ਵਰਤਮਾਨ ਸਵਰੂਪ ਤੇ ਪ੍ਰਸੰਗਿਕਤਾ ਦਾ ਵਿਚਾਰ ਇੱਕ ਗ੍ਰੰਥ ਇੱਕ ਪੰਥ ਦੇ ਸਿਧਾਂਤ ਦੇ ਸੰਦਰਭ ਵਿਚ ਕੀਤੇ ਜਾਣ ਦੀ ਲੋੜ ਹੈ।

ਸਿੱਖ ਰਾਜ ਦੋ ਵਾਰ ਸਥਾਪਿਤ ਹੋਏ। ਇਹ ਰਾਜ ਇੱਕ ਗ੍ਰੰਥ ਇੱਕ ਪੰਥ ਦੀ ਭਾਵਨਾ ਤਹਿਤ ਹੀ ਕਾਇਮ ਹੋ ਸਕੇ ਸਨ। ਪਰ ਇਹ ਰਾਜ ਖੁੱਸ ਗਏ ਕਿਉਂਕਿ ਸਾਰ ਰੂਪ ਵਿਚ ਵਿਅਕਤੀ ਮਹੱਤਵਪੂਰਨ ਹੋ ਗਏ, ਉਨ੍ਹਾਂ ਦਾ ਹੰਕਾਰ ਪ੍ਰਧਾਨ ਹੋ ਗਿਆ। ਚਿਤਾਵਨੀ ਬਾਬਾ ਬੰਦਾ ਸਿੰਘ ਨੂੰ ਮਿਲਦੀ ਰਹੀ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ। ਚਿਤਾਵਨੀ ਦੀ ਪ੍ਰਵਾਹ ਨਾ ਕਰਨਾ ਤੇ ਆਪਣੇ 'ਤੇ ਜ਼ਿਆਦਾ ਭਰੋਸਾ ਕਰਨਾ ਹੀ ਇਨ੍ਹਾਂ ਦੇ ਰਾਜ ਦੇ ਪਤਨ ਦਾ ਕਾਰਣ ਬਣਿਆ। ਸਿੱਖ ਕੌਮ ਦਾ ਹਿੱਤ ਚਾਹੁਣ ਵਾਲੇ ਜ਼ਰੂਰ ਅਧਿਐਨ ਕਰਨ ਕਿ ਸਿੱਖ ਰਾਜ ਕਿਵੇਂ ਬਣੇ ਤੇ ਕਿਉਂ ਗਏ। ਸਿੱਖ ਕੌਮ ਦਾ ਹਿੱਤ ਏਕਸ ਦੇ ਸਿਧਾਂਤ ਵਿਚ ਹੈ। ਪੰਥ ਦੀ ਏਕਤਾ ਗੁਰੂ ਤੇ ਗੁਰ ਸ਼ਬਦ ਪ੍ਰਤੀ ਸਮਰਪਣ ਵਿਚ ਹੈ। ਅਕਾਲੀ ਦਲ ਦੇ ਗੁਟ ਇੱਕ ਹੋ ਜਾਣ, ਕੋਈ ਖ਼ਾਸ ਵਿਅਕਤੀ ਪ੍ਰਧਾਨ ਬਣ ਜਾਏ, ਜੱਥੇਦਾਰ ਬਣ ਜਾਏ ਇਹ ਕਿਵੇਂ ਪੰਥਕ ਏਕਤਾ ਹੋ ਗਈ। ਸਿੱਖ ਅੱਜ ਗਲੋਬਲ ਕੌਮ ਬਣ ਚੁੱਕੀ ਹੈ। ਹਰ ਖੇਤਰ, ਹਰ ਦੇਸ਼ ਦੇ ਸਿੱਖਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ, ਆਪੇ ਸੰਦਰਭ ਹਨ। ਉੱਤਰ ਪ੍ਰਦੇਸ਼ ਜਾਂ ਬਿਹਾਰ ਦੇ ਸਿੱਖ ਸਮਾਜ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਕਾਲੀ ਦਲ ਵਿਚ ਏਕਾ ਹੈ ਜਾਂ ਨਹੀਂ। ਪਰ ਹਰ ਸਿੱਖ ਨੂੰ ਫਰਕ ਪੈਂਦਾ ਹੈ ਕਿ ਗੁਰੂ ਘਰ ਮਰਿਆਦਾ ਦੇ ਧਾਰਨੀ ਹੋਣ, ਗੁਰੂ ਦੇ ਹੁਕਮ 'ਤੇ ਅਮਲ ਹੋਵੇ, ਗੁਰੂ ਤੇ ਗੁਰ ਸ਼ਬਦ ਦੀ ਸਰਵਉੱਚਤਾ ਹੋਵੇ।

ਸ. ਸੁਖਬੀਰ ਸਿੰਘ ਬਾਦਲ ਜਾਂ ਗਿਆਨੀ ਹਰਪ੍ਰੀਤ ਸਿੰਘ ਤੇ ਗੰਭੀਰ ਹੋਣ ਦੀ ਥਾਂ ਮੂਲ ਪ੍ਰਸ਼ਨਾਂ ਦੀ ਚਿੰਤਾ ਕਰਨ ਦੀ ਲੋੜ ਹੈ, ਜੋ ਸਿੱਖ ਕੌਮ ਦੀਆਂ ਮੁੱਢਲੀਆਂ ਅਸਥਾਪਨਾਵਾਂ ਨੂੰ ਚੁਣੌਤੀ ਦੇ ਰਹੇ ਹਨ ਤੇ ਲੰਬੇ ਸਮੇਂ ਤੋਂ ਭਰਮ ਦੀ ਸਥਿਤੀ ਬਣੀ ਹੋਈ ਹੈ। ਦਸਮ ਗ੍ਰੰਥ 'ਤੇ ਕੋਈ ਅੰਤਮ ਨਿਰਣਾ ਹੋਵੇ। ਸਿੱਖ ਇਤਿਹਾਸ ਦਾ ਪੁਨਰ ਲੇਖਨ ਹੋਵੇ। ਗੁਰਦੁਆਰਿਆਂ ਵਿਚ ਨਿਭਾਈ ਜਾਣ ਵਾਲੀ ਮਰਿਆਦਾ ਦੀ ਇੱਕ ਰੂਪਤਾ ਹੋਵੇ। ਗੁਰਦੁਆਰਾ ਪ੍ਰਬੰਧ ਦਾ ਆਦਰਸ਼ ਢਾਂਚਾ ਤਿਆਰ ਹੋਵੇ। ਆਨੰਦ ਮੈਰਿਜ ਐਕਟ ਪੂਰੇ ਭਾਰਤ ਦੇ ਸਾਰੇ ਪ੍ਰਾਂਤਾਂ ਵਿਚ ਲਾਗੂ ਹੋਵੇ। ਸਿੱਖ ਕੌਮ ਨੂੰ ਸੁਤੰਤਰ ਧਰਮ ਦੀ ਸੰਵਿਧਾਨਕ ਮਾਨਤਾ ਮਿਲੇ। ਪੰਜਾਬੀ ਭਾਸ਼ਾ ਦਾ ਪ੍ਰਸਾਰ ਹੋਵੇ। ਗੁਰਬਾਣੀ ਕੀਰਤਨ ਤੇ ਕਥਾ ਦੀ ਆਦਰਸ਼ ਮਰਿਆਦਾ ਹੋਵੇ। ਕੌਮ ਦੇ ਮਸਲਿਆਂ ਲਈ ਇੱਕ ਵਿਸ਼ਵ ਪੱਧਰ ਦੀ ਸੰਸਥਾ ਬਣੇ। ਮੁੱਦੇ ਬਹੁਤ ਸਾਰੇ ਹਨ, ਬਸ ਵੇਖਣ ਦੀ ਦ੍ਰਿਸ਼ਟੀ ਤੇ ਇੱਛਾ ਸ਼ਕਤੀ ਦੀ ਲੋੜ ਹੈ। ਪੰਥ ਦਾ ਹਿੱਤ ਤੇ ਏਕਤਾ ਇਸ ਵਿਚ ਲੱਭੀ ਜਾਣੀ ਚਾਹੀਦੀ ਹੈ।

# ਯਾਦਗਾਰੀ ਹੋ ਨਿੱਬੜਿਆ ਮਿਲਡੂਰੇ ਦਾ ਖੇਡ ਮੇਲਾ

## ਆਸਟ੍ਰੇਲੀਆ ਮਿਲਡੂਰਾ ਤੋਂ ਜਗਰੂਪ ਸਿੰਘ ਜਰਖੜ ਦੇ ਵਿਸ਼ੇਸ਼ ਰਿਪੋਰਟ

ਜਗਰੂਪ ਸਿੰਘ ਜਰਖੜ
ਖੇਡ ਲੇਖਕ
+91-98143-00722
ਪੰਜਾਬ ਮੇਲ USA




















ਵਿਕਟੋਰੀਆ ਦਾ ਬਾਗਾਂ ਵਾਲਾ ਸ਼ਹਿਰ ਮਿਲਡੂਰਾ ਜਿੱਥੇ ਪੰਜਾਬੀਆਂ ਦੀ ਵਸੋਂ ਥੋੜੀ ਜਿਹੀ ਘੱਟ ਹੀ ਹੈ ਪਰ ਚਰਚਾ ਪੂਰੇ ਆਸਟ੍ਰੇਲੀਆ ਵਿਚ ਹੈ। ਪੰਜਾਬੀ ਵੱਡੇ-ਵੱਡੇ ਖੇਤੀਬਾਰੀ ਫਾਰਮਾਂ ਹਾਊਸਾਂ ਦੇ ਮਾਲਕ ਹਨ ਅਤੇ ਹੋਰ ਵਪਾਰਾਂ ਵਿਚ ਆਪਣੀ ਦਸਾਂ ਨਹੁੰਆਂ ਦੀ ਕਿਰਤ ਸਦਕਾ ਅਮੀਰਜ਼ਾਦੇ ਹਨ। ਬੀਤੇ ਦਿਨੀਂ ਸ਼ਹੀਦ ਊਧਮ ਸਿੰਘ ਕਲੱਬ ਮਿਲਡੂਰਾ ਵੱਲੋਂ ਕਰਵਾਇਆ ਗਿਆ ਤੀਸਰਾ ਖੇਡ ਮੇਲਾ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ।

ਮੈਨੂੰ ਪਹਿਲੀ ਵਾਰ ਮਿਲਡੂਰਾ ਦਾ ਖੇਡ ਮੇਲਾ ਵੇਖਣ ਨੂੰ ਮਿਲਿਆ। ਮਿਲਡੂਰਾ ਸਪੋਰਟਿੰਗ ਪਰੀਸੈਂਟ ਆਲੀਸ਼ਾਨ ਖੇਡ ਸਟੇਡੀਅਮ ਦੀਆਂ ਹਰੇ-ਭਰੇ ਘਾਹ ਨਾਲ ਲਿਸ਼ਕਦੀਆਂ ਗਰਾਊਂਡਾਂ ਵਿਚ ਖੇਡਾਂ ਦੀ ਸ਼ੁਰੂਆਤ ਬੜੇ ਸੁਹਾਵਨੇ ਮਾਹੌਲ ਵਿਚ ਹੋਈ। ਜਿੱਥੇ ਇੱਕ ਪਾਸੇ ਗੁਰੂ ਘਰ ਦੇ ਲੰਗਰ ਦੀ ਪ੍ਰਥਾ ਚੱਲ ਰਹੀ ਸੀ, ਦੂਜੇ ਪਾਸੇ ਐਡੀਲੇਡ ਤੋਂ ਆਏ ਕਰਨ ਬਰਾੜ ਦੀ ਸਿੱਖ ਇਤਿਹਾਸ ਨਾਲ ਪੁਰਾਤਨ ਪ੍ਰਦਰਸ਼ਨੀ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਸੀ। ਖੱਬੇ ਪਾਸੇ ਬੱਚਿਆਂ ਦੇ ਫੁੱਟਬਾਲ ਦੇ ਮੈਚ ਚੱਲ ਰਹੇ ਸਨ। ਦੂਜੇ ਪਾਸੇ ਰੱਸਾਕਸ਼ੀ ਵਾਲੇ ਆਪਣੀਆਂ ਤਿਆਰੀਆਂ ਵਿਚ ਜੁਟੇ ਹੋਏ ਸਨ, ਪਰ ਕਬੱਡੀ ਦਾ ਰਾਮਰੌਲਾ ਉਹੀ ਸੀ ਕਿ ਕਿਸੇ ਵੀ ਟੂਰਨਾਮੈਂਟ ਵਿਚ ਕਬੱਡੀ ਦੇ ਮੈਚ 3 ਵਜੇ ਤੋਂ ਪਹਿਲਾਂ ਕਦੇ ਵੀ ਸਟਾਰਟ ਨਹੀਂ ਹੁੰਦੇ, ਚਲੋ ਗੱਲ ਕਰੀਏ ਖੇਡ ਮੇਲੇ ਦੀ ਜੇਕਰ ਦੇਖਿਆ ਜਾਵੇ ਕਿ ਰੱਸਾਕਸ਼ੀ ਵਿਚ ਸ਼ੈਪਟਨ ਦੇ ਗੱਭਰੂ ਪਹਿਲੇ ਨੰਬਰ 'ਤੇ, ਕੋਬਰਿਮ ਦੇ ਨੌਜਵਾਨ ਦੂਜੇ ਨੰਬਰ 'ਤੇ ਰਹੇ। ਫੁੱਟਬਾਲ ਸੀਨੀਅਰ ਵਰਗ ਮੁੰਡਿਆਂ ਵਿਚ ਮਿਲਡੂਰਾ ਯੂਨਾਈਟਿਡ ਪਹਿਲੇ ਨੰਬਰ 'ਤੇ, ਸ਼ਹੀਦ ਊਧਮ ਸਿੰਘ ਕਲੱਬ ਮਿਲਦੂਰਾ ਦੂਜੇ ਨੰਬਰ 'ਤੇ ਰਹੀ। ਫੁੱਟਬਾਲ ਕੁੜੀਆਂ ਵਿਚ ਟੀਡਾਸ ਕਲੱਬ ਪਹਿਲੇ ਨੰਬਰ 'ਤੇ ਨਿਕਲਸ ਪੁਆਇੰਟ ਦੂਜਾ ਨੰਬਰ ਤੇ ਰਹੇ, ਫੁੱਟਬਾਲ ਅੰਡਰ 14 ਸਾਲ ਵਰਗ ਵਿਚ ਰਿੰਪਲ ਨਾਈਟ ਪਹਿਲੇ ਨੰਬਰ 'ਤੇ ਮਿਲਡੂਰਾ ਯੂਨਾਈਟਿਡ ਦੂਜੇ ਨੰਬਰ 'ਤੇ ਰਹੇ। ਅੰਡਰ 12 ਸਾਲ ਫੁੱਟਬਾਲ ਵਿਚ ਨਿਕਲਸ ਪੁਆਇੰਟ ਪਹਿਲੇ ਨੰਬਰ 'ਤੇ ਸ਼ਹੀਦ ਊਧਮ ਸਿੰਘ ਕਲੱਬ ਮਿੱਲਡੂਰਾ ਦੂਜੇ ਨੰਬਰ 'ਤੇ ਰਹੀ। ਕਬੱਡੀ ਵਿਚ ਯੰਗ ਕਬੱਡੀ ਕਲੱਬ ਨੇ ਸ਼ਹੀਦ ਊਧਮ ਸਿੰਘ ਕਲੱਬ ਮਲੂਰਾ ਨੂੰ 43-37 ਅੰਕਾਂ ਹਰਾ ਕੇ ਪਹਿਲਾਂ ਸਥਾਨ ਹਾਸਲ ਕੀਤਾ। ਮਿਲਡੂਰਾ ਦਾ ਮਹੈਸ਼ੀ ਹਰਖੋਵਾਲ 19 ਪੁਆਇੰਟਾਂ ਨਾਲ ਸਰਵੋਤਮ ਰੇਡਰ ਬਣਿਆ, ਜਦਕਿ ਮੈਲਬੌਰਨ ਦਾ ਗੁਰਵਿੰਦਰ ਘਾਗੇਂਵਾਲ ਵਧੀਆ ਜਾਫੀ ਚੁਣਿਆ ਗਿਆ। ਇਸ ਮੌਕੇ ਬੀਬੀਆਂ ਦੀ ਮਿਊਜ਼ੀਕਲ ਚੇਅਰ ਰੇਸ ਮੁੱਖ ਖਿੱਚ ਦਾ ਕੇਂਦਰ ਰਹੀ। ਬੱਚਿਆਂ ਦੀਆਂ ਦੌੜਾਂ ਵੀ ਕਾਬਲੇਤਰੀਫ ਸੀ। ਅੰਗਰੇਜ਼ਾਂ ਦੇ ਬੱਚਿਆਂ ਨੇ ਵੀ ਇਸ ਖੇਡ ਮੇਲੇ ਵਿਚ ਵੀ ਵੱਡੀ ਗਿਣਤੀ ਵਿਚ ਭਾਗ ਲਿਆ। ਟੂਰਨਾਮੈਂਟ ਦੌਰਾਨ ਜਿੱਥੇ ਮਿਲਡੂਰਾ ਦੀ ਮੇਅਰ ਹੈਲੀ ਹੈਲਨ ਨੇ ਹਾਜ਼ਰੀ ਭਰੀ, ਉਥੇ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਵਿਚ ਤੇ ਮੈਂਬਰ ਪਾਰਲੀਮੈਂਟ "ਐਨ ਵੈਬਸਟਰ" ਨੇ ਖੇਡਾਂ ਦਾ ਉਦਘਾਟਨ ਕੀਤਾ ਅਤੇ ਉਦਘਾਟਨੀ ਮੈਚਾਂ ਦੀਆਂ ਫੁੱਟਬਾਲ ਅਤੇ ਕਬੱਡੀ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕਰਦੇ ਦੱਸਿਆ ਕਿ ਮਿਲਡੂਰਾ ਦੇ ਵਿਕਾਸ ਵਿਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਪੰਜਾਬੀ ਹੁਣ ਖੇਡਾਂ ਦੇ ਖੇਤਰ ਵਿਚ ਵੀ ਵਿਲੱਖਣ ਪਹਿਚਾਣ ਬਣਾਉਣਗੇ। ਉਸ ਤੋਂ ਬਾਅਦ ਸ਼ਾਮ ਦੇ ਟਾਈਮ ਖੇਡਾਂ ਦੇ ਫਾਈਨਲ ਦੌਰਾਨ ਮਿਲਡੂਰਾ ਦੀ ਐੱਮ.ਐੱਲ.ਏ. "ਜੇਡ ਬੇਨਮ" ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਕਬੱਡੀ ਟੀਮਾਂ ਨਾਲ ਜਾਣ-ਪਹਿਚਾਣ ਕੀਤੀ।

ਐੱਮ.ਐੱਲ.ਏ. ਸਾਹਿਬਾ ਜੇਡ ਬੇਨਮ ਨੇ ਟੂਰਨਾਮੈਂਟ ਦੇ ਪ੍ਰਬੰਧਕਾਂ ਖਾਸ ਕਰਕੇ ਮੁੱਖ ਪ੍ਰਬੰਧਕ ਬੌਬੀ ਗਿੱਲ ਅਤੇ ਕਮਲਜੀਤ ਸਿੰਘ ਗਰੇਵਾਲ ਨੂੰ ਉਚੇਚੇ ਤੌਰ 'ਤੇ ਵਧਾਈ ਦਿੱਤੀ।

ਇਸ ਮੌਕੇ ਖੇਡਾਂ ਦੇ ਗੋਲਡ ਸਪਾਂਸਰ ਮੇਜਰ ਸਿੰਘ, ਭਗਵੰਤ ਸਿੰਘ ਚੰਦੀ, ਸਨੀ ਗਰੇਵਾਲ ਨਾਰੰਗਵਾਲ, ਜਦਕਿ ਟੂਰਨਾਮੈਂਟ ਦੇ ਪਲੈਟੀਨਮ ਸਪਾਂਸਰ ਕਮਲਜੀਤ ਸਿੰਘ ਮਨਸ਼ੂਰਾ ਗਰੇਵਾਲ ਆਟਾ ਚੱਕੀ ਵਾਲੇ, ਮਨਜਿੰਦਰ ਸਿੰਘ ਗਰੇਵਾਲ, ਵਿਕਰਮ ਸਿੰਘ, ਹਰਮੇਸ਼ ਸਿੰਘ ਰੋਡਾ, ਚੈਰੀ ਗਰੇਵਾਲ ਗੁੱਜਰਵਾਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿਲਵਰ ਸਪਾਂਸਰ ਤੇਜੀ ਗਰੇਵਾਲ, ਸਤਨਾਮ ਸਿੰਘ ਦਿਓਲ, ਮਾਝੇ ਵਾਲੇ ਭਾਓ, ਹਿਰਦੇਪ੍ਰੀਤ ਸਿੰਘ ਮਲਹਾਂਸ ਟਰਾਂਸਪੋਰਟ, ਰਘਬੀਰ ਸਿੰਘ ਕਰੀ ਐਂਡ ਤੰਦੂਰ ਰੈਸਟੋਰੈਂਟ, ਸਿਮਰਨਜੀਤ ਸਿੰਘ ਅਰਲੀ ਆਸਟਰੇਲੀਅਨ ਮੋਟਲ, ਹਰਵਿੰਦਰ ਸਿੰਘ ਚੌਧਰੀ, ਗੋਲਡੀ ਸਿੰਘ ਹੈਲੋ ਟੈਕਸੀ ਨੂੰ ਵੀ ਉਨ੍ਹਾਂ ਦੀਆਂ ਤਨ, ਮਨ, ਧਨ ਦੀਆਂ ਵਧੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਖੇਡ ਮੈਦਾਨਾਂ ਵਿਚ ਮਨਿੰਦਰ ਬਰਾੜ ਅਤੇ ਨਿਊਜ਼ੀਲੈਂਡ ਤੋਂ ਅਮਨ ਰੰਧਾਵਾ ਨੇ ਆਪਣੀ ਖੇਡ ਕੁਮੈਂਟਰੀ ਦੇ ਰੰਗ ਬੰਨ੍ਹਿਆ। ਮੈਲਬਰਨ ਤੋਂ ਆਏ ਨਵਦੀਪ ਸਿੰਘ ਬੱਲ ਬਤਾਲਾ ਨੇ ਆਪਣੀ ਫੋਟੋ ਕਲਾਕਾਰੀ ਨਾਲ ਖੇਡ ਮੇਲੇ ਦਾ ਰੰਗ ਆਪਣੇ ਕੈਮਰੇ 'ਚ ਕੈਦ ਕੀਤਾ।



ਅੰਤ ਵਿਚ ਬੌਬੀ ਗਿੱਲ ਨੇ ਆਏ ਮਹਿਮਾਨਾਂ ਖਿਡਾਰੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਐਲਾਨ ਕੀਤਾ ਕਿ ਅਗਲੇ ਵਰ੍ਹੇ ਮਿਲਡੂਰੇ ਦਾ ਖੇਡ ਮੇਲਾ ਅਪ੍ਰੈਲ ਮਹੀਨੇ 18-19 ਅਪ੍ਰੈਲ 2026 ਦੇ ਆਖਰੀ ਹਫਤੇ ਹੋਵੇਗਾ।

### ਵੇਖਣ ਯੋਗ ਹੈ ਬਾਗਾਂ ਦਾ ਸ਼ਹਿਰ ਹੈ ਮਿਲਡੂਰਾ

ਵਿਕਟੋਰੀਆ ਸਟੇਟ ਵਿਚ ਪੈਂਦਾ ਮੈਲਬੋਰਨ ਤੋਂ 550 ਕਿਲੋਮੀਟਰ ਦੂਰ ਮਿਲਡੂਰਾ ਸਿਟੀ, ਜਿਸ ਦੀ ਆਬਾਦੀ ਲਗਭਗ 35000 ਹਜ਼ਾਰ ਦੇ ਕਰੀਬ ਹੈ, ਇਹ 1934 ਵਿਚ ਸਥਾਪਿਤ ਹੋਇਆ। ਮਿਲਡੂਰਾ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ ਮੰਨਿਆ ਜਾਂਦਾ ਹੈ। ਜਿੱਥੇ ਵੱਡੀ ਗਿਣਤੀ ਵਿਚ ਅੰਗੂਰਾਂ, ਬਦਾਮਾਂ, ਸੰਗਤਰੇ ਅਤੇ ਖੇਤੀਬਾੜੀ ਦੇ ਨਾਲ ਸੰਬੰਧਿਤ ਫਾਰਮ ਹਾਊਸ ਹਨ। ਇਥੋਂ ਦੇ 2 ਚਰਚਿਤ ਦਰਿਆ ਆਸਟਰੇਲੀਆ ਦੀ ਸਭ ਤੋਂ ਲੰਬੀ ਰਿਵਰ ਮਰੀ, ਸਾਊਥ ਵੇਲਜ ਵੱਲੋਂ ਆ ਰਹੀ ਡਾਰਲਿੰਗ ਰਿਵਰ ਜੋ ਇੱਕ ਥਾਂ 'ਤੇ ਇਕੱਠੇ ਹੁੰਦੇ ਹਨ, ਦੋ ਰੰਗਾਂ ਦਾ ਪਾਣੀ ਆਪਸ ਵਿਚ ਮਿਲਦਾ ਹੈ, ਜਿਸ ਦਾ ਨਜ਼ਾਰਾ ਵੇਖਣ ਯੋਗ ਹੈ। ਮਿਲਡੂਰਾ ਸ਼ਹਿਰ ਦੇ ਆਲੇ ਦੁਆਲੇ ਨਿੱਕੇ-ਨਿੱਕੇ ਕਸਬੇ ਨਿਕਲਿਸ ਪੁਆਇੰਟ, ਰਿੰਪਲ, ਮਰਬਿਨ, ਰੈੱਡਕਲਿਫ, ਕੇਬਾਰਿਟਾ ਆਦਿ ਵਿਚ ਘਿਰਿਆ ਹੋਇਆ ਹੈ।

### ਮਿਲਡੂਰਾ 'ਚ ਪੰਜਾਬੀਆਂ ਦੀ ਪਹਿਚਾਣ ਵੱਖਰੀ

ਮਿਲਡੂਰਾ ਸ਼ਹਿਰ ਵਿਚ ਵੱਖ-ਵੱਖ ਮੁਲਕਾਂ ਦੇ ਪ੍ਰਵਾਸੀ ਅਤੇ ਵੱਖ-ਵੱਖ ਧਰਮਾਂ ਦੇ ਲੋਕ ਵਸਦੇ ਹਨ। ਉਥੇ ਇਸ ਸ਼ਹਿਰ ਵਿਚ ਪੰਜਾਬੀਆਂ ਦੀ ਪਹਿਚਾਣ ਵੱਖਰੀ ਹੀ ਹੈ। ਪੰਜਾਬੀਆਂ ਨੇ ਆਪਣੀ ਹੱਡ ਤੋੜਵੀਂ ਮਿਹਨਤ ਨਾਲ ਵੱਡੇ-ਵੱਡੇ ਫਾਰਮ ਹਾਊਸ ਅਤੇ ਕਾਰੋਬਾਰ ਸਥਾਪਤ ਕੀਤੇ ਹਨ। ਮਨਸੂਰਾਂ ਵਾਲੇ ਕਮਲਜੀਤ ਸਿੰਘ ਗਰੇਵਾਲ, ਮਨਜਿੰਦਰ ਸਿੰਘ ਗਰੇਵਾਲ ਭਰਾਵਾਂ ਨੇ ਖਾਣ-ਪੀਣ ਦੀਆਂ ਵਸਤੂਆਂ ਤਿਆਰ ਕਰਨ ਵਿਚ ਆਪਣਾ ਵੱਖਰੀ ਪਹਿਚਾਣ ਬਣਾਈ ਹੈ। ਉਹ ਗਰੇਵਾਲ ਆਟਾ ਚੱਕੀ ਵਾਲੇ ਵਜੋਂ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ ਭਗਵੰਤ ਸਿੰਘ ਚੰਦੀ ਅਤੇ ਮੇਜਰ ਸਿੰਘ ਸੰਤਰਿਆਂ ਦੇ ਬਾਗਾਂ ਦੇ ਬਾਦਸ਼ਾਹ ਹਨ। ਬਿਕਰਮ ਸਿੰਘ ਬਾਈ ਨੇ ਵੱਡੇ ਪੱਧਰ 'ਤੇ ਸਬਵੇਅ ਖੋਲ੍ਹੇ ਹਨ। ਸਾਡੇ ਪੱਤਰਕਾਰ ਭਾਈਚਾਰੇ ਦਾ ਸਾਥੀ, ਛੋਟਾ ਭਰਾ ਬੌਬੀ ਗਿੱਲ, ਚੈਰੀ ਗਰੇਵਾਲ 10 ਨੌਹਾਂ ਦੀ ਕਿਰਤ ਕਮਾਈ ਕਰਕੇ 200 ਏਕੜ ਦੇ ਮਾਲਕ ਬਣ ਗਏ ਹਨ ਅਤੇ ਸਮਾਜ ਸੇਵੀ ਕੰਮਾਂ ਲਈ ਵਧੀਆ ਦਸਵੰਦ ਕੱਢਦੇ ਹਨ। ਮਿਲਡੂਰਾ ਦੇ ਪੰਜਾਬੀ ਭਾਈਚਾਰੇ ਅਤੇ ਸਿੱਖ ਸੰਗਤਾਂ ਵੱਲੋਂ 14 ਏਕੜ ਵਿਚ ਗੁਰੂ ਘਰ ਦੀ ਸਥਾਪਨਾ ਕੀਤੀ ਜਾ ਰਹੀ ਹੈ।

# ਸਰਹਿੰਦ ਫ਼ਤਿਹ ਦਿਵਸ

## ਤਾਰੀਖ ਬਨਾਮ ਪ੍ਰਵਿਸ਼ਟਾ

-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
ਪੰਜਾਬ ਮੇਲ USA



ਸਿੱਖ ਰਾਜ ਦਾ ਬਾਨੀ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਸਾਹਿਬ ਜੀ ਦੇ ਥਾਪੜੇ ਨਾਲ ਦੱਖਣ ਤੋਂ ਤਾਂ ਪੰਜ ਸਿੰਘਾਂ ਦੇ ਨਾਲ ਹੀ ਤੁਰਿਆ ਸੀ, ਪਰ ਪੰਜਾਬ ਤਾਈ ਪਹੁੰਚਦਿਆਂ ਉਸ ਦੇ ਕਾਫਲੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰਬੰਦ ਸਿੱਖ ਸ਼ਾਮਲ ਹੋ ਚੁੱਕੇ ਸਨ। ਬਾਬਾ ਬੰਦਾ ਬਹਾਦਰ ਵੱਲੋਂ ਪਹਿਲੀ ਕਾਰਵਾਈ, ਖਰਖੌਦਾ ਦੇ ਇਲਾਕੇ (ਸੋਨੀਪਤ ਅਤੇ ਰੋਹਤਕ ਦਾ ਇਲਾਕਾ) ਵਿਚ, ਸਰਕਾਰੀ ਸ਼ਹਿ 'ਤੇ ਲੁੱਟਮਾਰ ਕਰਨ ਵਾਲਿਆਂ ਖਿਲਾਫ਼ ਕੀਤੀ ਸੀ। ਇਥੋਂ ਸੋਨੀਪਤ ਅਤੇ ਕੈਥਲ ਦਾ ਪ੍ਰਬੰਧ ਖਾਲਸਾ ਪੰਚਾਇਤ ਦੇ ਹਵਾਲੇ ਕਰਕੇ, ਖਾਲਸਾ ਲਸ਼ਕਰ ਸਮਾਣੇ ਆ ਗਰਜਿਆ। ਇਥੋਂ ਦਾ ਪ੍ਰਬੰਧ ਭਾਈ ਫ਼ਤਿਹ ਸਿੰਘ ਨੂੰ ਸੌਂਪ ਕੇ, ਖਾਲਸਾ ਫੌਜਾਂ ਘੁਮਾੜ ਹੁੰਦੀਆਂ ਹੋਈਆਂ ਸਢੌਰੇ ਆ ਪੁੱਜੀਆਂ। ਇਥੋਂ ਦੇ ਕਿਲ੍ਹੇ 'ਤੇ ਕਬਜ਼ਾ ਕਰਕੇ, ਨਿਸ਼ਾਨ ਸਾਹਿਬ ਝੁਲਾ ਦਿੱਤਾ। ਇਸ ਸਮੇਂ ਦੌਰਾਨ ਬੰਦਾ ਸਿੰਘ ਬਹਾਦਰ ਦੀ ਫੌਜੀ ਅਤੇ ਆਰਥਿਕ ਤਾਕਤ ਵਿਚ ਅਥਾਹ ਵਾਧਾ ਹੋ ਚੁੱਕਾ ਸੀ। ਹੁਣ ਇਸ ਤੋਂ ਅਗਲਾ ਨਿਸ਼ਾਨਾ ਸੀ ਸਰਹਿੰਦ। ਖਾਲਸਾ ਫੌਜਾਂ ਦਾ ਰਾਹ ਰੋਕਣ ਲਈ, ਵਜ਼ੀਰ ਖਾਨ ਦੀਆਂ ਫੌਜਾਂ ਨੇ ਚੱਪੜ ਚਿੜੀ (ਛੱਪੜ ਅਤੇ ਝਿੜੀ) ਦੇ ਮੈਦਾਨ ਵਿਚ ਮੋਰਚਾ ਆ ਮੱਲਿਆ।

ਸਿੱਖ ਇਤਿਹਾਸ ਵਿਚ ਸਭ ਤੋਂ ਮਹੱਤਵਪੂਰਨ ਲੜਾਈ ਚੱਪੜ ਚਿੜੀ ਦੇ ਮੈਦਾਨ ਵਿਚ 12 ਮਈ, 1710 ਈ: (ਜੂਲੀਅਨ) ਨੂੰ ਹੋਈ ਸੀ, ਜਿਸ ਵਿਚ ਮੁਗਲ ਫੌਜਾਂ ਨੂੰ ਲੱਕ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਜਿੱਤ ਨੇ ਖਾਲਸਾ ਰਾਜ ਦਾ ਮੁੱਢ ਬੰਨ੍ਹਿਆ ਸੀ। ਡਾ. ਸੁਖਦਿਆਲ ਸਿੰਘ ਨੇ ਇਹ ਤਾਰੀਖ 22 ਮਈ 1710 ਈ: ਲਿਖੀ ਹੈ। (ਬੰਦਾ ਬਹਾਦਰ ਦਾ ਇਤਿਹਾਸਕ ਅਧਿਐਨ ਪੰਨਾ : 111) ਚੱਪੜ ਚਿੜੀ ਦੀ ਲੜਾਈ ਦੀ ਤਾਰੀਖ ਸਰਕਾਰੀ ਕੈਲੰਡਰ ਮੁਤਾਬਕ 24 ਰਬਿਉਲ ਅਵਲ ਸੰਮਤ 1122 ਹਿਜਰੀ ਲਿਖੀ ਮਿਲਦੀ ਹੈ। **Later Mughals** ਦੇ ਕਰਤਾ **William Irvine** (1840-1911) ਨੇ ਵੀ ਇਹ ਤਾਰੀਖ ਹੀ ਲਿਖੀ ਹੈ, **"This was on the 24 Rabi I , 1122 (22nd May 1710) " (Page 95)**। ਯਾਦ ਰਹੇ ਵਿਲੀਅਮ ਇਰਵਿਨ ਪਹਿਲੇ ਪੰਨੇ ਉੱਪਰ ਹੀ ਅੰਗਰੇਜੀ ਤਾਰੀਖ ਦੇ ਨਾਲ 'New Style' ਲਿਖਿਆ ਹੈ, ਜਿਸ ਦਾ ਭਾਵ ਹੈ ਗਰੈਗੋਰੀਅਨ ਕੈਲੰਡਰ। ਹੁਣ ਜੇ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕਰੀਏ, ਤਾਂ ਇਹ ਸ਼ਨਿੱਚਰਵਾਰ, 13 ਮਈ, 1710 ਈ: (ਜੂਲੀਅਨ) ਬਣਦੀ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ ਕਿ 12 ਮਈ ਸਹੀ ਹੈ ਜਾਂ 13, ਮਈ ਹੈ? ਹਿਜਰੀ ਕੈਲੰਡਰ ਵਿਚ ਮਹੀਨੇ ਦਾ ਆਰੰਭ ਚੰਦ ਦੇ ਵਿਖਾਈ ਦੇਣ (**Observational**) ਨਾਲ ਹੁੰਦਾ ਹੈ। ਨਾ ਕਿ ਗਿਣਤੀਆਂ-ਮਿਣਤੀਆਂ (**Arithmetic**) ਨਾਲ। ਇਸ ਲਈ ਇਕ ਦਿਨ ਦਾ ਫਰਕ ਹੈ। ਡਾ. ਹਰਚੰਦ ਸਿੰਘ ਸਰਹੱਦੀ ਨੇ ਆਪਣੀ ਕਿਤਾਬ ਵਿਚ ਦਿਨ "ਜੁਮਾ" (ਸ਼ੁਕਰਵਾਰ) ਵੀ ਲਿਖਿਆ ਹੋਇਆ ਹੈ। ਇਸ ਲਈ 12 ਮਈ (ਸ਼ੁਕਰਾਵਾਰ) ਨੂੰ ਹੀ ਸਹੀ ਮੰਨ ਕੇ ਚਲਦੇ ਹਾਂ।

ਕਿਉਂਕਿ ਇਹ ਤਾਰੀਖ ਸਤੰਬਰ 1752 ਈ: ਤੋਂ ਪਹਿਲਾਂ ਦੀ ਹੈ। ਇਸ ਲਈ ਇਹ ਜੂਲੀਅਨ ਕੈਲੰਡਰ ਅਨੁਸਾਰ ਹੈ। ਭਾਵੇਂ ਰੋਮ ਵਾਸੀਆਂ ਨੇ ਅਕਤੂਬਰ, 1582 ਈ: ਵਿਚ ਜੂਲੀਅਨ ਕੈਲੰਡਰ ਵਿਚ ਸੋਧ ਕਰਕੇ ਗਰੈਗੋਰੀਅਨ ਕੈਲੰਡਰ ਬਣਾ ਲਿਆ ਸੀ, ਪਰ ਇੰਗਲੈਂਡ ਨੇ ਇਸ ਸੋਧ ਨੂੰ 1752 ਈ: ਵਿਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਆਪਣੇ ਦੇਸ਼ ਵਿਚ ਜੂਲੀਅਨ ਕੈਲੰਡਰ ਕਦੇ ਵੀ ਲਾਗੂ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਅਨੁਸਾਰ ਇਤਿਹਾਸਕ ਦਿਹਾੜੇ ਕਿਵੇਂ ਮਨਾਏ ਜਾ ਸਕਦੇ ਹਨ? ਹੁਣ ਜੇ ਇਸ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿਚ ਬਦਲੀ ਕਰੀਏ, ਤਾਂ ਇਹ 14 ਜੇਠ ਸੰਮਤ 1767 ਬਿਕ੍ਰਮੀ ਬਣਦੀ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਚੱਪੜ ਚਿੜੀ ਦੇ ਮੈਦਾਨ ਵਿਚ ਯੁੱਧ 14 ਜੇਠ ਸੰਮਤ 1767 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਹੋਇਆ ਸੀ। 16 ਜੇਠ ਨੂੰ ਸਰਹਿੰਦ ਉੱਪਰ ਕਬਜ਼ਾ ਕੀਤਾ ਗਿਆ ਸੀ। ਪਰ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਪਿਛਲੇ ਕਈ ਸਾਲਾਂ ਦੇ ਕੈਲੰਡਰ ਵਿਚ "ਬਾਬਾ ਬੰਦਾ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ" 12 ਮਈ ਦਾ ਦਰਜ ਕੀਤਾ ਜਾਂਦਾ ਹੈ। ਸੰਮਤ 546 ਨਾਨਕਸ਼ਾਹੀ ਦੇ ਕੈਲੰਡਰ ਵਿਚ 'ਸਰਹਿੰਦ ਫ਼ਤਿਹ ਦਿਵਸ" 14 ਮਈ ਦਾ ਦਰਜ ਹੈ, ਜੋ ਕਿ ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਲ ਇਹ ਦਿਹਾੜੇ 10 ਤੋਂ 12 ਮਈ ਤੱਕ ਮਨਾਏ ਜਾ ਰਹੇ ਹਨ।

ਬਾਬਾ ਬੰਦਾ ਬਹਾਦਰ ਦੀ ਸ਼ਹੀਦੀ 11 ਹਾੜ ਸੰਮਤ 1773 ਬਿਕ੍ਰਮੀ, 29 ਜਮਾਦੀ ਉਲ ਸਾਨੀ 1129 ਹਿਜਰੀ, ਦਿਨ ਸ਼ਨਿੱਚਰਵਾਰ ਨੂੰ ਹੋਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿਚ ਇਹ ਦਿਹਾੜਾ ਹਰ 11 ਹਾੜ ਦਾ ਹੀ ਦਰਜ ਹੈ। ਹੁਣ ਜੇ ਇਸ ਪ੍ਰਵਿਸ਼ਟੇ ਨੂੰ ਤਾਰੀਖ ਵਿਚ ਬਦਲੀ ਕਰੀਏ, ਤਾਂ ਇਹ 9 ਜੂਨ, 1716 ਈ: (ਜੂਲੀਅਨ) ਬਣਦੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਸਰਹਿੰਦ ਫ਼ਤਿਹ ਦਿਵਸ ਤਾਂ ਅੰਗਰੇਜ਼ੀ ਤਾਰੀਖਾਂ ਮੁਤਾਬਕ ਮਨਾਉਂਦੀ ਹੈ ਅਤੇ ਬਾਬਾ ਬੰਦਾ ਬਹਾਦਰ ਦਾ ਸ਼ਹੀਦੀ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ। ਹੁਣ ਇਹ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਇਹ ਦੋਵੇਂ ਦਿਹਾੜੇ ਇਕੋ ਕੈਲੰਡਰ ਮੁਤਾਬਕ, 12 ਮਈ ਅਤੇ 9 ਜੂਨ (ਤਾਰੀਖਾਂ ਮੁਤਾਬਕ) ਜਾਂ 14 ਜੇਠ ਅਤੇ 11 ਹਾੜ (ਪ੍ਰਵਿਸ਼ਟਿਆਂ) ਮੁਤਾਬਕ ਕਿਉਂ ਨਹੀਂ ਮਨਾਏ ਜਾ ਸਕਦੇ?



## ਜੰਗ ਨਾਲ ਮਸਲੇ

ਜੰਗ ਨਾਲ ਮਸਲੇ ਹੱਲ ਨਾ ਹੁੰਦੇ
ਇਹ ਸਮੇਂ ਕਿਸੇ ਦੇ ਵੱਲ ਨਾ ਹੁੰਦੇ।

ਦਹਿਸ਼ਤ ਲੋਕੀ ਕਰਦੇ ਨੇ ਬੁਜ਼ਦਿਲ
ਮਾਰ ਮੁਕਾਉਣਾ ਬੇਦੋਸ਼ੇ ਲੋਕਾਂ ਨੂੰ
ਬਹਾਦਰੀ ਵਾਲੇ ਕੰਮ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

ਵੱਡੇ ਨੇਤਾ ਕਰਨ ਸਿਆਸਤ ਵੋਟਾਂ ਲਈ
ਜਨਤਾ ਦੀ ਪਹੁੰਚ ਤੋਂ ਬਾਹਰ ਹੁੰਦੀ ਹੈ
ਛੋਟੇ ਨੇਤਾ ਤੋਂ ਵੀ ਇਹ ਠੱਲ੍ਹ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

ਖੌਫ ਦੇ ਸਾਏ ਵਿਚ ਜੀਵਣ ਲੋਕੀ
ਘੁੱਟ ਸਬਰਾਂ ਦਾ ਪੀਵਣ ਲੋਕੀ
ਹੁਣੇ ਕਰੋ ਨਬੇੜਾ ਫੈਸਲੇ ਕੱਲ੍ਹ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

ਖੁਦ ਇੱਕ ਮਸਲਾ ਬਣ ਕੇ ਰਹਿ ਜਾਂਦੀ
ਕਰੇ ਘੋਰ ਹਨੇਰਾ ਸੱਥਰ ਵਿਸ਼ਵਾਉਂਦੀ
ਸਾਲਾਂ ਬੱਧੀ ਜ਼ਖਮ ਏਸਦੇ ਝੱਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

ਅਮਨ ਸ਼ਾਂਤੀ ਚਾਹੁੰਦੇ ਸਭ ਲੋਕੀ
ਇਸ ਲਈ ਰੱਬ ਨੂੰ ਧਿਆਉਂਦੇ ਲੋਕੀ
ਖੁਸ਼ੀਆਂ ਦੇ ਸਭ ਪਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

ਕਰੋ ਦੁਆਵਾਂ ਇਹ ਮੁੜ ਨਾ ਆਵੇ
ਕਾਲੇ ਦਿਨ ਨਾ ਫਿਰ ਦਿਖਾਵੇ
ਆਪਸ ਵਿਚ ਚੰਗੇ ਛਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

ਧਾਲੀਵਾਲ ਇਹ ਦੁਨੀਆਂ ਬਹੁਰੰਗੀ
ਦੇਸ਼ ਆਪਣੇ ਦੀ ਮਿੱਟੀ ਬਹੁਤੀ ਚੰਗੀ
ਲੜਾਈਆਂ ਦੇ ਕੋਈ ਤਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ,
ਮੋ: 78374-90309
ਪੰਜਾਬ ਮੇਲ USA



## ਜੰਗ

ਜੰਗ ਹੁੰਦੀ ਏ ਖੇਡ ਸਿਆਸਤਦਾਨਾਂ ਦਾ।
ਘਾਣ ਹਮੇਸ਼ਾ ਹੁੰਦਾ ਹੈ ਨਾਦਾਨਾਂ ਦਾ।
ਭੋਲੀ-ਭਾਲੀ ਜਨਤਾ ਸੱਭਦੀ ਸੁੱਖ ਲੋੜੇ,
ਬੰਦੇ ਮਾਰਨਾ ਹੁੰਦਾ ਕੰਮ ਹੈਵਾਨਾਂ ਦਾ।
ਹੱਥੀਂ ਲਾ ਕੇ ਅੱਗ ਬੁਝਾਵਣ ਤੁਰ ਪੈਣਾ,
ਮੁੱਢ ਕਦੀਮੋਂ ਰਿਹਾ ਇਹ ਕੰਮ ਸ਼ੈਤਾਨਾਂ ਦਾ।
ਵੱਸਦੇ ਨੇਤਾ ਖ਼ੁਦ ਸੁਰੱਖਿਅਤ ਥਾਵਾਂ 'ਤੇ,
ਕਰਦੇ ਨਾ ਇਹ ਫਿਕਰ ਹੋਰਾਂ ਦੀਆਂ ਜਾਨਾਂ ਦਾ।
ਉੱਜੜ ਜਾਂਦੇ ਲੋਕ ਹਮਾਤੜ ਯੁੱਧਾਂ ਵਿਚ,
ਹੁੰਦਾ ਨਹੀਂ ਨੁਕਸਾਨ ਕਦੇ ਧਨਵਾਨਾਂ ਦਾ।
ਦੁਨੀਆਂ ਵੇਖੇ ਖੜ੍ਹੀ ਤਮਾਸ਼ਾ ਪਾਸੇ ਤੋਂ,
ਭੇੜ ਜਦੋਂ ਵੀ ਹੁੰਦਾ ਏ ਦੋ ਸਾਨ੍ਹਾਂ ਦਾ।
ਅੱਜਕੱਲ੍ਹ ਯੁੱਧ ਹਵਾਵਾਂ 'ਚੋਂ ਹੀ ਲੜ ਹੁੰਦੇ,
ਵੇਲਾ ਨਾ ਹੁਣ ਰਹਿ ਗਿਆ ਤੀਰ ਕਮਾਨਾਂ ਦਾ।
ਸੁੱਖ-ਸ਼ਾਂਤੀ ਕਿੱਦਾਂ ਦੇਸ਼ 'ਚ ਰਹਿਜੂਗੀ,
ਟੋਲਾ ਕਾਬਜ਼ ਹੋ ਗਿਆ ਜਦ ਬੇਈਮਾਨਾਂ ਦਾ।
ਚੁੱਪ ਕਰਕੇ ਘਰ ਬਹਿਜਾ 'ਨਾਗਰਾ' ਆਪਣੇ ਤੂੰ,
ਆਖਾ ਨਾ ਹੁਣ ਮੰਨਦਾ ਕੋਈ ਵਿਦਵਾਨਾਂ ਦਾ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ : +1-360-448-1989
ਪੰਜਾਬ ਮੇਲ USA



## ਜੰਗ 'ਤੇ ਜੰਗ

ਹਰ ਇੱਕ ਜ਼ੁਬਾਨ 'ਤੇ, ਖ਼ੂਨ ਦਾ ਬਦਲਾ ਖ਼ੂਨ ਹੈ,
ਬਾਤਚੀਤ ਦੇ ਹਰ ਕੇਂਦਰ ਦਾ, ਇਹੀ ਸਿਰਫ ਮਜ਼ਮੂਨ ਹੈ।
ਬਲੈਕ ਆਊਟ ਅਤੇ ਬੰਕਰਾਂ ਦੇ ਸਿਲਸਿਲੇ ਦਾ ਜ਼ੋਰ ਹੈ,
ਸੰਜੀਦਗੀ ਦੀ ਸੋਚ ਨਹੀਂ, ਬਦਲੇ ਦਾ ਭਾਰੀ ਜਨੂੰਨ ਹੈ।
ਬੇ ਕਸੂਰੀ ਮਾਸੂਮ ਜਾਨਾਂ, ਜਾਂਦੀਆਂ 'ਤੇ ਰੁਲ਼ਦੀਆਂ,
ਸ਼ਾਸਕਾਂ ਦੇ ਹੱਥ 'ਚ ਪੈਸਾ, ਤਾਕਤ ਅਤੇ ਕਾਨੂੰਨ ਹੈ।
ਅਰਸ਼ ਤੋਂ ਬਰਸੇ ਅੰਗਾਰੇ, ਅਮਨ ਦਾ ਇਲਾਜ ਨਹੀਂ,
ਭੁੱਲ ਕੇ ਵੀ ਨਾ ਸਮਝੋ ਕਿ, ਇਹ ਕੋਈ ਮਾਜੂਨ ਹੈ।
ਲਾਉਣ ਤੇ ਬੁਝਾਉਣ ਲਈ, ਖੜਪੰਚ ਕਈ ਨੇ ਕਾਹਲੇ,
ਵਹਿਮ ਨਾ ਰੱਖਿਓ ਕੋਈ ਕਿ ਸਾਡਾ ਕੋਈ ਮਗ਼ਨੂਨ ਹੈ।
ਬਿਨਾ ਛੱਤ 'ਤੇ ਬਿਨਾ ਘਰ ਦੇ, ਰੜੇ ਹੀ ਜਿਹੜਾ ਬੈਠਾ ਹੈ,
ਜੰਗ ਦੀ ਚੱਕੀ ਵਿਚ ਪਿਸਦਾ, ਮਾਸੂਮ ਅਤੇ ਮਜ਼ਲੂਮ ਹੈ।
ਹਰ ਜੰਗ ਦੇ ਮਗਰੋਂ ਤੌਬਾ ਅਤੇ ਹਰ ਤੌਬਾ ਦੇ ਪਿੱਛੋਂ ਜੰਗ,
ਇਹ ਕਿਹੜੀ ਹੈ ਸਿਆਣਪ, ਤੇ ਇਹ ਕਿਹੜਾ ਸਕੂਨ ਹੈ?

-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.
ਪੰਜਾਬ ਮੇਲ USA



## ਜੰਗਾਂ ਦੇ ਖ਼ੂਨੀ ਰੰਗ

ਮਰਨੇ ਪੁੱਤਰ ਮਾਵਾਂ ਦੇ, ਤੋਪਾਂ ਦਾ ਕੀ ਜਾਣਾ
ਬਾਡਰ 'ਤੇ ਬੈਠੇ ਜਾਣਦੇ, ਲੋਕਾਂ ਦਾ ਕੀ ਜਾਣਾ
ਲਾਸ਼ ਨੂੰ ਚਿੰਬੜੀ ਨਾਰ ਦੀਆਂ, ਨੇ ਬੰਗਾਂ ਟੁੱਟਣੀਆਂ
ਪਰ ਕੁਰਸੀ ਨੂੰ ਚਿੰਬੜੀਆਂ, ਜੋਕਾਂ ਦਾ ਕੀ ਜਾਣਾ
ਵਿੱਚ ਮੈਦਾਨਾਂ ਚੋਣਗੇ, ਲਹੂ ਪਲੇਅਰਾਂ ਦੇ
ਬਾਹਰੋਂ ਤਾੜੀਆਂ ਮਾਰਦੇ, ਕੋਚਾਂ ਦਾ ਕੀ ਜਾਣਾ
ਵਿੱਚ ਸਿਵਿਆਂ ਦੇ ਬਲਣਗੇ, ਫਿੱਟ ਜੁੱਸੇ ਫ਼ੌਜੀਆਂ ਦੇ
ਕਬਰਾਂ ਉੱਤੇ ਬਲਦੀਆਂ, ਜੋਤਾਂ ਦਾ ਕੀ ਜਾਣਾ
ਗਿਣੀ ਜਾਇਓ ਤੁਸੀਂ ਬੈਠ ਕੇ, ਲਾਸ਼ਾਂ ਉਂਗਲਾਂ 'ਤੇ
ਗਿਣ ਹੁੰਦੀਆਂ ਪਰ ਪੋਟਿਆਂ 'ਤੇ, ਵੋਟਾਂ ਦਾ ਕੀ ਜਾਣਾ

ਹਥਿਆਰ ਵੇਚਣ ਵਾਸਤੇ, ਉਹ ਜੰਗਾਂ ਲਾਉਂਦੇ ਨੇ
ਲੋਕਾਂ ਦੀਆਂ ਲੋਥਾਂ ਵਿਛਣੀਆਂ, ਨੋਟਾਂ ਦਾ ਕੀ ਜਾਣਾ
ਜੰਗਾਂ ਮਗਰੋਂ ਰੁਲਣਗੇ, ਫਿਰ ਟੱਬਰ ਫ਼ੌਜੀਆਂ ਦੇ
ਡਾਣਸੀਵਾਲੀਆ ਰੁਲਦੀਆਂ, ਲੋਥਾਂ ਦਾ ਕੀ ਜਾਣਾ

-ਕੁਲਵੀਰ ਸਿੰਘ ਡਾਨਸੀਵਾਲ
778-863-2472
ਪੰਜਾਬ ਮੇਲ USA



## "ਬੇਬੇ ਬਾਪੂ ਦੇ ਪੈਰੀਂ ਹੱਥ ਲਾਇਆ ਕਰ"

ਕਿਸੇ ਦੀ ਗ਼ਰੀਬੀ ਦਾ ਮਜ਼ਾਕ ਨਾ ਉਡਾਇਆ ਕਰ
ਦੁਖੀਆਂ ਨਿਤਾਣਿਆਂ ਨੂੰ ਗਲ ਨਾਲ ਲਾਇਆ ਕਰ
ਪਤਾ ਨਹੀਂ ਰੱਬ ਗੱਲਾਂ ਕਿਹੜੀਆਂ 'ਚ ਰਾਜ਼ੀ ਰਹਿੰਦਾ
ਰਜ਼ਾ ਵਿਚ ਰਹਿਕੇ ਭਲਾ ਸਭ ਦਾ ਮਨਾਇਆ ਕਰ
ਜੀਵਨ ਅਮੋਲਕ ਨਾ ਲੱਭਣਾ ਦੁਬਾਰਾ ਤੈਨੂੰ
ਬਾਣੀ ਸੱਚੇ ਪਾਤਸ਼ਾਹ ਦੀ ਮੁੱਖ ਵਿਚੋਂ ਗਾਇਆ ਕਰ
ਦਿੱਤੇ ਜੀਹਨੇ ਉੱਚੇ ਅਹੁਦੇ ਕਰ ਸ਼ੁਕਰਾਨਾ ਉਹਦਾ
ਬੈਠ ਵੱਡੀ ਕੁਰਸੀ 'ਤੇ ਸ਼ੁਕਰ ਮਨਾਇਆ ਕਰ
ਕਰੀਂ ਇਨਸਾਫ਼ ਜੱਜ ਰੱਬ ਨੇ ਬਣਾਇਆ ਤੈਨੂੰ
ਵੱਢੀ ਲੈ ਕੇ ਕਿਸੇ ਦਾ ਤੂੰ ਹੱਕ ਨਾ ਗਵਾਇਆ ਕਰ
ਰਿਸ਼ਵਤਖੋਰਾਂ ਦਾ ਹਮੇਸ਼ਾ ਹਾਲ ਮਾੜਾ ਹੋਵੇ
ਇਮਾਨਦਾਰੀ ਨਾਲ ਡਿਊਟੀ ਅਪਣੀ ਨਿਭਾਇਆ ਕਰ
ਦਰ ਆਇਆ ਕਦੇ ਵੀ ਭਿਖਾਰੀ ਖਾਲੀ ਮੋੜੀਂ ਦਾ ਨਹੀਂ
ਲੋੜਵੰਦਾਂ ਵਾਸਤੇ ਵੀ ਕੁੱਝ ਕੁ ਪਹੁੰਚਾਇਆ ਕਰ
ਅੱਠ ਸੱਠ ਤੀਰਥਾਂ ਦਾ ਪੁੰਨ ਸੇਵਾ ਮਾਪਿਆਂ ਦੀ
ਪੈਰੀਂ ਹੱਥ ਨਿੱਤ ਬੇਬੇ ਬਾਪੂ ਜੀ ਦੇ ਲਾਇਆ ਕਰ
ਗਿੱਲ ਮਲਕੀਤ ਵੰਡ ਖ਼ੁਸ਼ੀਆਂ ਤੇ ਹਾਸੇ ਸਦਾ
ਕਦੇ ਦਿਲਦਾਰਾ ਮੱਥੇ ਵੱਟ ਨਾ ਤੂੰ ਪਾਇਆ ਕਰ।



-ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943

ਪੰਜਾਬ ਮੇਲ USA

## ਬਾਜ਼ੀ ਤੇ ਭਾਜੀ

ਫਿਰ ਦਿੱਲੀਏ ਪੰਜਾਬ ਹੀ ਲੱਭਾ, ਤੈਨੂੰ ਆਤਸ਼ ਬਾਜ਼ੀ ਲਈ।
ਪੰਜਾਬੀ ਹੀ ਜਾਨਾਂ ਦੇਵਣਗੇ, ਮੁੜ ਕੇ ਪੈਂਦੀ ਭਾਜੀ ਲਈ।

ਸੰਨ ਪੈਂਹਠ 'ਚ ਬਿਆਸਾ ਤਾਈਂ ਤੂੰ ਤਾਂ ਪਿੱਛੇ ਹਟਦੀ ਸੀ,
ਸਿੰਘ ਸਰਦਾਰ ਨਾ ਰਾਜ਼ੀ ਹੋਏ ਤੇਰੀ ਜਾਅਲਸਾਜ਼ੀ ਲਈ।

ਛੂਤ ਛਾਤ ਦੇ ਕਰਕੇ ਬਿੱਪਰ ਤੇਰਾ ਰਿਹਾ ਗੁਲਾਮ ਦਿੱਲੀਏ,
ਚੇਤੇ ਰੱਖੀਂ ਢੋਈ ਨਹੀਂ ਹੈ ਇਹਦੇ ਵਰਗੇ ਪਾਜੀ ਲਈ।

ਤੈਨੂੰ ਤਾਂ ਵੋਟਾਂ ਤੇ ਨੋਟਾਂ ਦੀ ਹੀ ਹੋੜ ਰਹੀ ਦਿੱਲੀਏ
ਜੀਵਨ ਅਤੇ ਮੌਤ ਦਾ ਮੁੱਦਾ ਬਣਿਆ ਹੋਇਆ ਗਾਜ਼ੀ ਲਈ।

ਬਿੱਪਰਵਾਦ ਨੂੰ ਡਰ ਓਸ ਦਾ ਦਿਨ ਰਾਤੀਂ ਖਾਈ ਜਾਂਦਾ ਹੈ,
ਗਿਣਤੀ ਦੇ ਉਪਦੇਸ਼ ਦਾ ਮੁੱਦਾ ਬਣਿਆ ਹੈ ਜੋ ਕਾਜ਼ੀ ਲਈ।

ਸਿਰ ਦੇਣ ਦੇ ਨਾਲੋਂ ਸਿਰ ਵਰਤਣ ਦੀ ਹੁਣ ਕਰੇਗਾ ਪੰਥ,
ਸਿੰਘ ਜੋ ਬਾਲਣ ਬਣਦੇ ਰਹੇ ਨੇ, ਤੇਰੀ ਹੀ ਸਿਰਤਾਜ਼ੀ ਲਈ।

ਦੇਸ਼ ਪੰਜਾਬ ਦਾ ਲੁੱਟ ਕੇ ਪਾਣੀ, ਬੰਜਰ ਉਹਨੂੰ ਕਰਨਾ ਲੋਚੇਂ,
ਮਸ਼ਹੂਰ ਹੈ ਲਾਲਾ ਬਿਰਤੀ ਤੇਰੀ ਦਿੱਲੀਏ ਬੇ ਲਿਹਾਜ਼ੀ ਲਈ।

ਜਿਸ ਪੰਜਾਬ ਦੇ ਰਾਹ ਵਿਚ ਦਿੱਲੀਏ ਤਿੱਖੇ ਕਿੱਲ ਤੂੰ ਗੱਡੇ ਨੇ,
ਦਿਨ ਰਾਤ ਉਹ ਸੁਲਘ ਰਿਹਾ ਹੈ ਤੇਰੀ ਤਿਕੜਮਬਾਜ਼ੀ ਲਈ।

ਜਾਪੇ ਕਿ ਹੁਣ ਕਹਿਰ ਸਮੇਂ ਦਾ ਤੇਰੇ ਸਿਰ 'ਤੇ ਕੜਕਣ ਵਾਲਾ,
'ਢੇਸੀ' ਦੀ ਕਿਰਪਾਨ ਕਲਮ ਹੈ, ਸੌਂਹ ਸਿਰ ਦੀ ਬਾਜ਼ੀ ਲਈ।

-ਕੁਲਦੀਪ ਸਿੰਘ ਢੇਸੀ

ਪੰਜਾਬ ਮੇਲ USA

## ਹਿੰਦ-ਪਾਕਿ ਦੇ ਤਲਖ਼ ਸਬੰਧਾਂ ਦੇ ਸੰਦਰਭ ਵਿਚ

### ਸ਼ਾਇਰ ਲੁਧਿਆਣਵੀ ਦੀ ਜੰਗ ਸਬੰਧੀ ਲਿਖੀ ਇਕ ਮਸ਼ਹੂਰ ਕਵਿਤਾ

ਖ਼ੂਨ ਅਪਨਾ ਹੋ ਯਾ ਪਰਾਯਾ ਹੋ
ਨਸਲੇ ਆਦਮ ਕਾ ਖ਼ੂਨ ਹੈ ਆਖ਼ਿਰ
ਜੰਗ ਮਗ਼ਰਿਬ ਮੇਂ ਹੋ ਕਿ ਮਸ਼ਰਿਕ ਮੇਂ
ਅਮਨੇ ਆਲਮ ਕਾ ਖ਼ੂਨ ਹੈ ਆਖ਼ਿਰ
ਬਮ ਘਰੋਂ ਪਰ ਗਿਰੇਂ ਕਿ ਸਰਹਦ ਪਰ
ਰੂਹੇ-ਤਾਮੀਰ ਜ਼ਖ਼ਮ ਖਾਤੀ ਹੈ
ਖੇਤ ਅਪਨੇ ਜਲੇਂ ਯਾ ਔਰੋਂ ਕੇ
ਜ਼ੀਸਤ ਫ਼ਾਕੋਂ ਸੇ ਤਿਲਮਿਲਾਤੀ ਹੈ
ਟੈਂਕ ਆਗੇ ਬੜ੍ਹੇਂ ਕਿ ਪੀਛੇ ਹਟੇਂ
ਕੋਖ ਧਰਤੀ ਕੀ ਬਾਂਝ ਹੋਤੀ ਹੈ
ਫ਼ਤਹ ਕਾ ਜਸ਼ਨ ਹੋ ਕਿ ਹਾਰ ਕਾ ਸੋਗ
ਜ਼ਿੰਦਗੀ ਮੱਯਤੋਂ ਪੇ ਰੋਤੀ ਹੈ
ਇਸਲੀਏ ਐ ਸ਼ਰੀਫ ਇੰਸਾਨੋਂ
ਜੰਗ ਟਲਤੀ ਰਹੇ ਤੋ ਬੇਹਤਰ ਹੈ
ਆਪ ਔਰ ਹਮ ਸਭੀ ਕੇ ਆਂਗਨ ਮੇਂ
ਸ਼ਮਾ ਜਲਤੀ ਰਹੇ ਤੋ ਬੇਹਤਰ ਹੈ।

(ਮਗ਼ਰਿਬ-ਪੱਛਮ, ਮਸ਼ਰਿਕ-ਪੂਰਬ, ਆਲਮ-ਦੁਨੀਆਂ, ਰੂਹੇ-ਤਾਮੀਰ-ਉਸਾਰੀ ਕਾਰਜ, ਜ਼ੀਸਤ-ਜ਼ਿੰਦਗੀ, ਮੱਯਤ-ਜਨਾਜ਼ਾ)



ਲਿਪੀਅੰਤਰ: ਸਤਵੀਰ ਸਿੰਘ ਚਾਨੀਆਂ
92569-73526

ਪੰਜਾਬ ਮੇਲ USA

## ਜੰਗ

ਲੜਕੇ ਮਸਲੇ ਬੱਲ ਨਹੀਂ ਹੁੰਦੇ,
ਜੰਗ ਕਦੇ ਵੀ ਹੱਲ ਨਹੀਂ ਹੁੰਦੇ।
ਰੋਜ਼ੀ ਰੋਟੀ ਦੀ ਸਭ ਨੂੰ ਚਿੰਤਾ,
ਰੱਜੇ ਢਿੱਡ ਕਡੱਲ ਨਹੀਂ ਹੁੰਦੇ।
ਚੰਦਰੀ ਜੰਗ ਦੇ ਬੱਦਲ ਛਾਏ,
ਬੰਬਾਂ ਨਾਲ਼ੇ ਠੱਲ੍ਹ ਨਹੀਂ ਹੁੰਦੇ।
ਸਰਹੱਦਾਂ 'ਤੇ ਅੱਗ ਦੀ ਹੋਲੀ,
ਮੈਦਾਨੇ-ਜੰਗ ਛੱਲ ਨਹੀਂ ਹੁੰਦੇ।
ਤੜ ਤੜ ਹੁੰਦੀ ਹੈ ਚਾਰੇ ਪਾਸੇ,
ਮੰਦਰ ਵੱਜਦੇ ਟੱਲ ਨਹੀਂ ਹੁੰਦੇ।
ਹਿੱਕ ਡਾਹੁੰਦੇ ਗੋਲੀਆਂ ਅੱਗੇ,
ਪੁੱਤ ਮਾਵਾਂ ਤੋਂ ਝੱਲ ਨਹੀਂ ਹੁੰਦੇ।
ਇਹ ਤਾਂ ਬੱਸ ਹੈ ਕਹਿਣ ਨੂੰ,
ਬੰਨ੍ਹ ਗਾਨੇ ਘੱਲ ਨਹੀਂ ਹੁੰਦੇ।
ਸੀਨੇ ਚੌੜੇ ਕਰ ਘੁੰਮਦੇ ਨੇਤਾ,
ਪੈਂਦੇ ਕਿਸੇ ਦੇ ਸੱਲ ਨਹੀਂ ਹੁੰਦੇ।
ਚੜ੍ਹ ਜਾਂਦੇ ਬੱਸ ਬਲ਼ੀ ਦੇ ਬੂਥੇ,
ਨਾਲ਼ ਪੈਸੇ ਦੇ ਗੱਲ ਨਹੀਂ ਹੁੰਦੇ।
ਦੁੱਖ ਸੁੱਖ ਸਹਿਣੇ ਉਮਰ ਤੋੜੀਂ,
ਕੱਟਣੇ ਸੌਖਿਆਂ ਪੱਲ ਨਹੀਂ ਹੁੰਦੇ।
ਵਸਦਾ ਜੱਗ ਝੱਟ ਉੱਜੜ ਜਾਂਦੇ,
ਰਿਸ਼ਤੇ ਕਦੇ ਅਟੱਲ ਨਹੀਂ ਹੁੰਦੇ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਹਿੰਦ-ਪਾਕਿ ਜੰਗ

ਲੜਾਈ ਦੀ ਗੱਲ ਨਾ ਛੇੜੋ ਕੋਈ,
ਗੱਲ ਇਨਸਾਨੀਅਤ ਵਾਲੀ ਹੀ ਕਰੋ ਲੋਕੋ।
ਹਿੰਦੀ ਮਰੇ ਜਾਂ ਮਰੇ ਪਾਕਿ,
ਪਹਿਲਾਂ ਮਰਦੀ ਇਨਸਾਨੀ ਰੂਹ ਲੋਕੋ।
ਸੁਖੀ ਰਹਿਣ ਬਾਕੀ ਦੇ ਵੀ ਦੇਸ਼ ਸਾਰੇ
ਤੇ ਵਸਦਾ ਰਹੇ ਮੇਰਾ ਵੀ ਦੇਸ਼ ਲੋਕੋ।
ਨਾ ਪੁੱਤ ਮਰਨਾ, ਨਾ ਭੈਣਾਂ ਦੇ ਵੀਰ,
ਨਾ ਉਜੜੇ ਕਿਸੇ ਦਾ ਸੁਹਾਗ ਲੋਕੋ।
ਮਿਜ਼ਾਇਲਾਂ ਗੋਲੇ ਨਾ ਕਿਸੇ ਦਾ ਧਰਮ ਪੁੱਛਦੇ
ਇਹ ਤਾਂ ਕਰਨ ਸਿਰਫ ਵਿਨਾਸ਼ ਲੋਕੋ।
ਧਰਤੀ ਬੰਬਾਂ ਨਾਲ ਕਾਲੀ ਹੋਈ ਜਾਂਦੀ,
ਸਿਰਫ ਮੌਤ ਦਾ ਹੋ ਰਿਹਾ ਵਪਾਰ ਲੋਕੋ।
ਇਤਿਹਾਸ ਗਵਾਹ ਹੈ, ਨਾ ਜੰਗ ਕੋਈ ਜਿੱਤੀ ਜਾਵੇ।
ਸਿਰਫ ਪਲਦਾ ਹੈ ਝੂਠਾ ਗੁਮਾਨ ਲੋਕੋ।

ਡਾ. ਤਰਲੋਕ ਸਿੰਘ ਰੰਧਾਵਾ
+91-98141-33805

ਪੰਜਾਬ ਮੇਲ USA

## ਜੰਗ

ਜੰਗ ਬੜੀ ਭੈੜੀ ਭਿਆਨਕ ਨਾਉਂ ਹੁੰਦਾ
ਜਿੱਥੇ ਇਹ ਹੁੰਦੀ ਤਬਾਹੀ ਮਚਾ ਦਿੰਦੀ।
ਕਾਰਵਾਂ ਪਾਡਵਾਂ ਦੀ ਲੜਾਈ ਯਾਦ ਸਾਨੂੰ
ਜਿੱਥੇ ਹੋਵੇ ਮਿੱਟੀ ਦਾ ਰੰਗ ਵਟਾ ਦਿੰਦੀ।
ਜਪਾਨ ਵਿਚ ਡਿੱਗੇ ਪ੍ਰਮਾਣੂ ਬੰਬਾਂ ਦੀ
ਅਗਸਤ ਮਹੀਨੇ ਯਾਦ ਦਿਵਾ ਦਿੰਦੀ।
ਬਾਹਟ, ਪੈਂਹਟ, ਇੱਕਹੱਤਰ ਨੂੰ ਭੁੱਲੇ ਨਹੀਂ
ਕਾਰਗਿਲ ਲੜਾਈ ਦੀ ਯਾਦ ਸਤਾ ਦਿੰਦੀ।
ਇਹ ਜਿੱਥੇ ਹੋਵੇ ਆਪਣਾ ਅਸਰ ਛੱਡ ਕੇ
ਜੰਤਾ ਨੂੰ ਆਰਥਿਕ ਤੰਗੀ ਵਿਚ ਪਾ ਦਿੰਦੀ।
ਜੰਗ ਨਾ ਲਿਹਾਜ਼ ਕਿਸੇ ਨਾਲ ਕਰਦੀ
ਜ਼ਖ਼ਮੀਆਂ ਦੇ ਸਰੀਰਾਂ 'ਚ ਖ਼ੂਨ ਵਹਾ ਦਿੰਦੀ।
ਕਲਮਾਂ ਵਾਲੇ ਵੀ ਜੰਗ ਤੋਂ ਤੌਬਾ ਕਰ ਗਏ
ਨਾਰਾਂ ਦੇ ਸੁਹਾਗਾਂ ਨੂੰ ਮਿੱਟੀ ਰੁਲਾ ਦਿੰਦੀ।
ਮੁੱਲਾਂਪੁਰ ਸਦਾ ਹੈ ਅਮਨ ਸ਼ਾਂਤੀ ਚਾਹੁੰਦਾ
ਇਹ ਹਰਿਆਵਲ ਥਾਂ ਨੂੰ ਅੱਗਾਂ ਲਾ ਦਿੰਦੀ।



-ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ, ਮੁੱਲਾਂਪੁਰ ਦਾਖਾ

ਪੰਜਾਬ ਮੇਲ USA

## ਮਾਂ ਦੀ ਯਾਦ

ਮਾਂਵਾਂ ਬੋਹੜ ਦੀਆਂ ਠੰਡੀਆਂ ਛਾਵਾਂ
ਛਾਵਾਂ ਕੌਣ ਕਰੇ
ਮਾਂਵਾਂ ਬਿਨਾਂ ਕੌਣ ਲਾਡ ਲਡਾਵੇ
ਮਾਂਵਾਂ ਬਿਨਾਂ ਕੌਣ ਚਾਅ-ਮਲ੍ਹਾਰ ਕਰੇ
ਮਾਂ ਹੁੰਦੀ ਹੈ ਮੋਹ-ਮਮਤਾ
ਚਾਵਾਂ, ਮਲ੍ਹਾਰਾਂ, ਸੱਧਰਾਂ, ਉਮੰਗਾਂ
ਰੀਝਾਂ ਤੇ ਇੱਛਾਵਾਂ ਦੀ ਮੂਰਤ
ਮਾਂ ਜਦੋਂ ਤੇਰੀ ਯਾਦ ਆਉਂਦੀ
ਲੱਗ ਜਾਂਦੀ ਹੰਝੂਆਂ ਦੀ ਝੜੀ
ਕਦੀ ਕਿਸੇ ਬੱਚੇ ਦੀ ਮਾਂ ਨਾ ਮਰੇ
ਮਾਂ ਬਿਨਾਂ ਜੀਵਨ ਵਿੱਚ ਹੁੰਦਾ ਹੈ ਹਨ੍ਹੇਰਾ
ਮਾਂ ਨੂੰ ਦੇਖਦਿਆਂ ਹੀ ਚੜ੍ਹ ਜਾਂਦਾ ਹੈ ਚਾਅ
ਮਾਂ ਬਿਨਾਂ
ਜੀਵਨ ਉਸ ਬਿਰਖ ਵਾਂਗ ਹੋ ਜਾਂਦਾ ਹੈ।
ਜਿਸ ਉੱਤੇ ਪੱਤਝੜ ਦਾ ਮੌਸਮ ਹੋਵੇ
ਉਸ ਉੱਤੇ ਕਿਸੇ ਫੁੱਲ ਤੇ ਫਲ
ਆਉਣ ਦੀ ਹੁਣ ਕੋਈ ਆਸ ਨਾ ਹੋਵੇ
ਮਾਂ ਤੇਰੇ ਪਰਉਪਕਾਰ ਭੁਲਾਏ ਨਹੀਂ ਜਾ ਸਕਦੇ
ਮਾਂ ਤੇਰਾ ਕਰਜ਼ਾ ਕਦੀ ਵੀ ਉਤਾਰਿਆ ਨਹੀਂ ਜਾ ਸਕਦਾ।
ਮਾਂ ਤੇਰਾ ਮੇਰੇ ਨਾਲ ਪਿਆਰ
ਬਾਕੀ ਪਰਿਵਾਰ ਨਾਲੋਂ ਵੱਖਰਾ ਹੀ ਸੀ
ਜਦ ਕਿਸੇ ਦਿਨ ਮੈਂ ਸਕੂਲ ਤੋਂ ਲੇਟ ਹੋ ਜਾਂਦਾ
ਤਾਂ ਤੂੰ ਮੇਰਾ ਸਕੂਲ ਦਾ ਰਾਹ ਤੱਕਦੀ ਰਹਿੰਦੀ
ਮਾਂ ਤੂੰ ਬਾਕੀ ਪਰਿਵਾਰ ਨਾਲੋਂ ਮੇਰੇ ਖਾਣ-ਪੀਣ
ਦਾ ਵੀ ਵੱਧ ਖਿਆਲ ਰੱਖਦੀ
ਸਵੇਰ ਨੂੰ ਦਹੀ ਵਿਚ ਮੱਖਣ ਪਾਉਣਾ
ਅਤੇ ਰਾਤ ਨੂੰ ਦੁੱਧ ਦਾ ਗਿਲਾਸ ਦੇਣਾ ਵੀ ਕਦੀ ਨਾ ਭੁੱਲਦੀ
ਮਾਂ ਤੇਰੇ ਪਾਸ ਭਾਵੇਂ ਸਕੂਲੀ ਵਿਦਿਆ ਨਹੀਂ ਸੀ
ਪਰ ਮਾਂ ਤੂੰ ਮੈਨੂੰ ਬਹੁਤ ਵਧੀਆ ਸੰਸਕਾਰ ਦਿੱਤੇ
ਮਾਂ ਅੱਜ ਮੈਂ ਜੋ ਵੀ ਹਾਂ, ਤੇਰੇ ਕਰਕੇ ਹੀ ਹਾਂ
ਮਾਂ ਜਦੋਂ ਤੇਰੀ ਯਾਦ ਆਉਂਦੀ, ਲੱਗ ਜਾਂਦੀ ਹੰਝੂਆਂ ਦੀ ਝੜੀ

-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955



ਪੰਜਾਬ ਮੇਲ USA

## ਰੰਗਲਾ ਪੰਜਾਬ

ਧਰਮ ਦੇ ਨਾਂ 'ਤੇ ਜੋ ਵੋਟਰਾਂ ਨੂੰ ਲੁੱਟੇ ਨਾ,
ਧਰਨੇ 'ਤੇ ਬੈਠਿਆਂ ਨੂੰ ਧੱਕੇ ਨਾਲ ਕੁੱਟੇ ਨਾ,
ਜਿਹੜੇ ਨਸ਼ੇ ਨੇ ਪੰਜਾਬ ਬਦਨਾਮ ਕਰਿਆ,
ਉਸ ਨਸ਼ੇ ਨੂੰ ਪੰਜਾਬ 'ਚੋਂ ਮੁਕਾ ਦੇਵੇ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ,

ਮੋਦੀ ਵਾਂਗੂੰ ਅੱਛੇ ਦਿਨਾਂ ਵਾਲੇ ਲਾਵੇ ਲਾਰੇ ਨਾ,
ਵੋਟਰਾਂ ਨੂੰ ਮਿੱਠੀਆਂ ਗੱਲਾਂ ਦੇ ਨਾਲ ਸਾਰੇ ਨਾ,
ਹਰ ਕੌਮ ਨਾਲ ਕਰੇ ਇਨਸਾਫ ਜੋ,
ਬੇਅਦਬੀ ਪੰਜਾਬ 'ਚੋਂ ਹਟਾ ਦੇਵੇ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ

ਲੀਰਾਂ ਵਾਂਗੂੰ ਰੋਲੇ ਨਾ ਜੋ ਸਿਰ ਦਸਤਾਰਾਂ ਨੂੰ,
ਕਰੇ ਨਾ ਜ਼ਲੀਲ ਕਦੇ ਧੀਆਂ ਮੁਟਿਆਰਾਂ ਨੂੰ,
ਪਾਲੇ ਨਾ ਜੋ ਮੁਜਰਿਮ ਮੰਤਰੀ,
ਦੋਸ਼ੀ ਹੋਵੇ ਜੇਲ੍ਹ ਵਿਚ ਪਾ ਦੇਵੇ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ

ਪੰਜਾਬ ਨੂੰ ਪੰਜਾਬ ਹੀ ਬਣਾ ਦੇ ਜੋਗੇ ਆਲਿਆ,
ਕਰੇ ਕਲਾਕਾਰ ਬੈਨ ਜਿਨ੍ਹਾਂ ਵਿਰਸਾ ਵਿਗਾੜਿਆ,
ਪੜ੍ਹੇ ਲਿਖਿਆਂ ਨਾਲ ਕਰੇ ਇਨਸਾਫ ਜੋ,
ਐਵੇਂ ਬਿਨਾਂ ਗੱਲੋਂ ਡਾਂਗਾਂ ਨਾ ਵਰ੍ਹਾ ਦੇਵੇ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ

-ਜਸਵੰਤ ਸਿੰਘ ਜੋਗਾ
ਫੋਨ : 62396-43306



ਪੰਜਾਬ ਮੇਲ USA

## ਮਾਂ ਜੰਨਤ ਦੀ ਪਰਿਭਾਸ਼ਾ

### ਮਹਿਲਾ ਦਿਵਸ ਵਿਸ਼ੇਸ਼

ਮਾਂ ਜੰਨਤ ਦੀ ਪਰਿਭਾਸ਼ਾ।
ਮਾਂ ਪੀੜੀ ਦੀ ਅਭਿਲਾਸ਼ਾ।
ਮਾਂ ਮੰਦਿਰ ਵਿਚ ਜਿਉਂ ਜਯੋਤੀ।
ਮਾਂ ਮਮਤਾ ਵਾਲੀ ਗੋਦੀ।
ਮਾਂ ਸ਼ੀਤਲ ਨੀਰ ਸਮੁੰਦਰ।
ਮਾਂ ਸੱਚ ਖੰਡ ਵਿਚ ਹਰਿ ਮੰਦਰ।
ਮਾਂ ਧਰਤੀ ਨਾਰੀ ਅੰਬਰ
ਮਾਂ ਸੁਖਮਨੀ ਦੁੱਖ ਅੰਦਰ।
ਮਾਂ ਸ਼ੁਭ ਮੰਗਲ ਅਭਿਵਾਦਨ।
ਮਾਂ ਮਾਰੂਥਲ ਵਿਚ ਸਾਵਣ।
ਮਾਂ ਅਗਨੀ ਵਾਲਾ ਮੰਜ਼ਰ।
ਮਾਂ ਦੁਸ਼ਮਣ ਦੇ ਲਈ ਖੰਜ਼ਰ।
ਮਾਂ ਸਤਿਅਮ ਸੁੰਦਰਮ ਸ਼ਕਤੀ।
ਮਾਂ ਪੂਜਾ ਨਾਰੀ ਭਗਤੀ।
ਮਾਂ ਬੰਦਨਵਾਰ ਜਿਉਂ ਦਰ 'ਤੇ।
ਮਾਂ ਕਿਰਪਾ ਦ੍ਰਿਸ਼ਟੀ ਘਰ 'ਤੇ।
ਮਾਂ ਜਿਉਂ ਖਿੜਦੀ ਖੁਸ਼ਹਾਲੀ।
ਮਾਂ ਸਾਰੇ ਜਗ ਦੀ ਵਾਲੀ।
ਮਾਂ ਵਗਦਾ ਦਰਿਆ ਹੈ ਪਰ।
ਮਾਂ ਚੜ੍ਹਦੇ ਹੜ੍ਹ ਦਾ ਹੈ ਡਰ।
ਮਾਂ ਮੰਗਲ ਕਲਸ਼ ਪਿਆਰਾ।
ਮਾਂ ਰੱਬ ਦਾ ਰੂਪ ਨਿਆਰਾ।
ਮਾਂ ਕਰਕੇ ਇਹ ਸੰਸਾਰ।
ਮਾਂ ਕਰਕੇ ਸਭ ਭੰਡਾਰ।
ਮਾਂ ਮਿਹਰਾਂ ਵਾਲੀ ਦਾਤੀ।
ਮਾਂ ਸੂਰਜ ਵਾਲੀ ਝਾਤੀ।
ਮਾਂ ਕੋਮਲ ਗੰਦਲ ਵਾਂਗੂੰ।
ਮਾਂ ਖੁਸ਼ਬੂ ਚੰਦਨ ਵਾਂਗੂੰ।
ਮਾਂ ਵੇਲ ਮੁਹੱਬਤ ਵਾਲੀ।
ਮਾਂ ਫੁੱਲਾਂ ਲੱਦੀ ਡਾਲੀ।
ਮਾਂ ਸਰਬ ਕਲਾ ਸੰਪੂਰਨ।
ਮਾਂ ਅਰਪਨ ਨਾਰੀ ਦਰਪਨ।
ਮਾਂ ਸਾਰੇ ਜਗ ਦੀ ਜਨਨੀ।
ਮਾਂ ਜਿਉਂ ਦੀਵੇ ਦੀ ਅਗਨੀ।
ਮਾਂ 'ਬਾਲਮ' ਪਾਕ ਪਵਿੱਤਰ।
ਮਾਂ ਸਭ ਤੋਂ ਸੱਚਾ ਮਿੱਤਰ।

-ਬਲਵਿੰਦਰ 'ਬਾਲਮ'
ਗੁਰਦਾਸਪੁਰ
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ. 98156-25409



ਪੰਜਾਬ ਮੇਲ USA



RE/MAX
RE/MAX Outstanding Agents Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

Gurjatinder S. Randhawa

REALTOR CA DRE licence # 01490567

web: www.RealtorRandhawa.com

garysingh123@yahoo.com